ਬੁੱਧਵਾਰ, 23 ਸਤੰਬਰ, 2026
7 ਅੱਸੂ { ਨਾਨਕਸ਼ਾਹੀ 558, ਬਿਕਰਮੀ 2083 }
ਜਿਲਦ/VOL. : 75
ਅੰਕ/NO. : 113

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 23 SEPTEMBER, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਚੰਦ ਫਤਿਹਪੁਰੀ ਧਰਤ ਦੀ ਗੋਦ 'ਚ

## ਅੰਤਮ ਯਾਤਰਾ 'ਚ ਸੀ ਪੀ ਆਈ ਦੀ ਲੀਡਰਸ਼ਿਪ ਤੇ ਵੱਖ-ਵੱਖ ਵਰਗਾਂ ਦੇ ਨੁਮਾਇੰਦੇ ਸ਼ਾਮਲ

**ਜਲੰਧਰ (ਗਿਆਨ ਸੈਦਪੁਰੀ)**



ਪੱਤਰਕਾਰੀ, ਸਿਆਸਤ ਤੇ ਸਾਹਿਤ ਦਾ ਸੁਮੇਲ, ਦੂਰ-ਅੰਦੇਸ਼ੀ, ਦ੍ਰਿੜ੍ਹਤਾ ਤੇ ਦੋਸਤੀ ਦਾ ਸਿਰਨਾਵਾਂ ਅਤੇ ਕਿਰਤੀ ਵਰਗ ਤੇ ਖੱਬੀਆਂ ਧਿਰਾਂ ਦਾ ਬੁਲਾਰਾ 'ਨਵਾਂ ਜ਼ਮਾਨਾ' ਦੇ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਨੂੰ ਮੰਗਲਵਾਰ ਕਿਸ਼ਨਪੁਰਾ (ਜਲੰਧਰ) ਦੇ ਸ਼ਮਸ਼ਾਨਘਾਟ ਵਿਖੇ ਸਪੁਰਦ-ਏ-ਆਤਿਸ਼ ਕਰ ਦਿੱਤਾ ਗਿਆ। ਉਨ੍ਹਾ ਦੀ ਧੀ ਰਚਨਾ ਬਰਾੜ, ਪੁੱਤਰ ਸੁਮੇਲ ਬਰਾੜ ਤੇ ਪ੍ਰਿੰਸ ਬਰਾੜ ਨੇ ਚਿਖਾ ਨੂੰ ਅਗਨੀ ਵਿਖਾਈ। ਅਗਨੀ ਵਿਖਾਉਣ ਦੀ ਰਸਮ ਮੌਕੇ ਉਨ੍ਹਾ ਦਾ ਭਤੀਜਾ ਗੁਰਜੀਤ ਸਿੰਘ, ਸੁਖਜੀਤ ਸਿੰਘ ਤੇ ਜਤਿੰਦਰ ਸਿੰਘ ਵੀ ਨਾਲ ਰਹੇ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ।

ਇਸ ਤੋਂ ਪਹਿਲਾਂ ਮਾਨ ਇਨਕਲੇਵ ਵਿੱਚ ਚੰਦ ਫਤਿਹਪੁਰੀ ਦੇ ਘਰ ਵਿਖੇ ਪਰਵਾਰ ਨੇ ਮੁਢਲੀਆਂ ਅੰਤਮ ਰਸਮਾਂ ਨਿਭਾਈਆਂ ਅਤੇ ਜ਼ਿਲ੍ਹਾ ਸੀ ਪੀ ਆਈ ਵੱਲੋਂ ਉਨ੍ਹਾ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਪਾਇਆ ਗਿਆ। ਇਹ ਰਸਮ ਕਾਮਰੇਡ ਰਸ਼ਪਾਲ ਕੈਲੇ, ਕਾਮਰੇਡ ਪਰਮਜੀਤ ਸਿੰਘ ਸਮਰਾਏ ਅਤੇ ਕਾਮਰੇਡ ਵੀਰ ਸਿੰਘ ਨੇ ਨਿਭਾਈ। ਉਪਰੰਤ ਉਨ੍ਹਾ ਦੀ ਦੇਹ ਨੂੰ 'ਨਵਾਂ ਜ਼ਮਾਨਾ' (ਜਿਸ ਨੂੰ ਉਨ੍ਹਾ ਆਖਰੀ ਸਾਹਾਂ ਤੱਕ ਪ੍ਰਫੁਲਤ ਕੀਤਾ) ਵਿਖੇ ਲਿਆ ਕੇ ਖੁੱਲ੍ਹੇ ਦਰਸ਼ਨਾਂ ਲਈ ਰੱਖਿਆ ਗਿਆ। ਇੱਥੇ 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਵੱਲੋਂ ਦੇਹ ਨੂੰ ਰੀਥ (ਪੁਸ਼ਪਾਂਜਲੀ)

• ਬਾਕੀ ਸਫਾ 2 'ਤੇ

### ਸ਼ਰਧਾਂਜਲੀ ਸਮਾਗਮ 27 ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ 'ਚ

ਕਾਮਰੇਡ ਚੰਦ ਫਤਿਹਪੁਰੀ ਦਾ ਸ਼ਰਧਾਂਜਲੀ ਸਮਾਗਮ 27 ਸਤੰਬਰ (ਐਤਵਾਰ) ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਦੇ ਬਾਬਾ ਜਵਾਲਾ ਸਿੰਘ ਹਾਲ ਵਿੱਚ ਹੋਵੇਗਾ। ਉਨ੍ਹਾ ਦੇ ਅਸਤ 23 ਸਤੰਬਰ (ਬੁੱਧਵਾਰ) ਨੂੰ ਸਵੇਰੇ ਅੱਠ ਵਜੇ ਚੁਗੇ ਜਾਣਗੇ।































ਕਾਮਰੇਡ ਚੰਦ ਫਤਿਹਪੁਰੀ ਦੀ ਦੇਹ ਨੂੰ ਅਗਨੀ ਉਨ੍ਹਾ ਦੀ ਧੀ ਤੇ ਪੁੱਤਰਾਂ ਨੇ ਦਿਖਾਈ। ਇਸ ਤੋਂ ਪਹਿਲਾਂ 'ਨਵਾਂ ਜ਼ਮਾਨਾ' ਦੇ ਟਰੱਸਟੀਆਂ, ਸੀ ਪੀ ਆਈ ਦੀ ਲੀਡਰਸ਼ਿਪ, 'ਨਵਾਂ ਜ਼ਮਾਨਾ' ਦੇ ਸਟਾਫ ਤੇ ਵੱਖ-ਵੱਖ ਵਰਗਾਂ ਦੇ ਨੁਮਾਇੰਦਿਆਂ ਨੇ ਸ਼ਰਧਾਂਜਲੀ ਭੇਟ ਕੀਤੀ। (ਤਸਵੀਰਾਂ : ਰਾਜੇਸ਼ ਥਾਪਾ)

### 'ਵਰਦੀ ਨਾ ਪਾਉਣ ਦੀ ਖਬਰ ਕੋਰੀ ਅਫਵਾਹ'

**ਚੰਡੀਗੜ੍ਹ** : ਪੰਜਾਬ ਪੁਲਸ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਖ਼ਬਰਾਂ ਦਾ ਖੰਡਨ ਕੀਤਾ ਹੈ ਕਿ ਮੁਲਾਜ਼ਮਾਂ ਨੂੰ ਡਿਊਟੀ 'ਤੇ ਆਉਂਦੇ-ਜਾਂਦੇ ਸਮੇਂ ਵਰਦੀ ਨਾ ਪਾਉਣ ਦੀ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ। ਪੁਲਸ ਵਿਭਾਗ ਨੇ ਸਪੱਸ਼ਟ ਕੀਤਾ ਕਿ ਹੈੱਡਕੁਆਰਟਰ ਜਾਂ ਇਸ ਦੇ ਅਧੀਨ ਆਉਂਦੇ ਕਿਸੇ ਵੀ ਦਫ਼ਤਰ ਵੱਲੋਂ ਅਜਿਹੀ ਕੋਈ ਹਦਾਇਤ ਜਾਰੀ ਨਹੀਂ ਕੀਤੀ ਗਈ।

### ਮੁੱਖ ਸਕੱਤਰ ਨੂੰ ਪੇਸ਼ ਹੋਣ ਦੇ ਨਿਰਦੇਸ਼

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਪੈਂਡਿੰਗ ਮਹਿੰਗਾਈ ਭੱਤੇ ਦੇ ਭੁਗਤਾਨ ਸੰਬੰਧੀ ਦਿੱਤੇ ਪੁਰਾਣੇ ਹੁਕਮਾਂ ਦੀ ਤਾਮੀਲ ਨਾ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ ਅਦਾਲਤ ਵਿੱਚ ਨਿੱਜੀ ਤੌਰ 'ਤੇ ਹਾਜ਼ਰ ਹੋਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਜ਼ਾਹਿਰਾ ਤੌਰ 'ਤੇ ਪਾਇਆ ਕਿ ਸੂਬਾ ਸਰਕਾਰ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਰਹੀ ਹੈ। ਮੁੱਖ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਇਹ ਹੁਕਮ 3 ਅਗਸਤ ਦੇ ਉਸ ਫ਼ੈਸਲੇ ਦੀ ਅਣਦੇਖੀ ਨਾਲ ਜੁੜੀਆਂ ਅਰਜ਼ੀਆਂ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ, ਜਿਸ ਵਿੱਚ ਪੰਜਾਬ ਸਰਕਾਰ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਕੇਂਦਰ ਸਰਕਾਰ ਦੀਆਂ ਦਰਾਂ ਮੁਤਾਬਕ ਸਾਰੀਆਂ ਬਕਾਇਆ ਡੀ ਏ/ਡੀ ਆਰ ਦੀਆਂ ਕਿਸ਼ਤਾਂ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

### ਵਾਰਾਨਸੀ, ਜੰਮੂ, ਫ਼ਰੀਦਕੋਟ ਤੇ ਬਠਿੰਡਾ ਤੋਂ ਸ਼ੁਰੂ ਹੋਣਗੀਆਂ ਸ਼ੋਭਾ ਯਾਤਰਾਵਾਂ : ਚੀਮਾ

**ਚੰਡੀਗੜ੍ਹ** : ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਚਾਰ ਸ਼ੋਭਾ ਯਾਤਰਾਵਾਂ ਕੱਢੀਆਂ ਜਾਣਗੀਆਂ। ਇਹ ਸ਼ੋਭਾ ਯਾਤਰਾਵਾਂ ਵਾਰਾਨਸੀ, ਫ਼ਰੀਦਕੋਟ, ਬਠਿੰਡਾ ਅਤੇ ਜੰਮੂ ਤੋਂ ਸ਼ੁਰੂ ਹੋ ਕੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਮਾਪਤ ਹੋਣਗੀਆਂ। ਵਾਰਾਨਸੀ ਤੋਂ ਸ਼ੋਭਾ ਯਾਤਰਾ 30 ਨਵੰਬਰ ਨੂੰ, ਫ਼ਰੀਦਕੋਟ ਤੋਂ 2 ਦਸੰਬਰ ਨੂੰ, ਬਠਿੰਡਾ ਤੋਂ 1 ਦਸੰਬਰ ਨੂੰ ਅਤੇ ਜੰਮੂ ਤੋਂ 30 ਨਵੰਬਰ ਨੂੰ ਸ਼ੁਰੂ ਹੋ ਕੇ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚਣਗੀਆਂ।

## ਕੁੱਲ ਹਿੰਦ ਕਿਸਾਨ ਮਹਾਂ ਸਭਾ ਦਾ ਪੰਜਵਾਂ ਕੌਮੀ ਮਹਾਂ ਸੰਮੇਲਨ ਸਫਲਤਾਪੂਰਵਕ ਸੰਪੰਨ

### ਡਾ. ਅਜਨਾਲਾ ਕੌਮੀ ਪ੍ਰਧਾਨ ਤੇ ਪ੍ਰਸ਼ੋਤਮ ਸ਼ਰਮਾ ਜਨਰਲ ਸਕੱਤਰ ਚੁਣੇ



**ਜਲੰਧਰ (ਕੇਸਰ, ਰਾਜੇਸ਼ ਥਾਪਾ)**

ਆਲ ਇੰਡੀਆ ਕਿਸਾਨ ਮਹਾਂ ਸਭਾ ਦੀ ਇਥੇ ਚੱਲ ਰਹੀ ਦੋ ਰੋਜ਼ਾ ਪੰਜਵੀਂ ਕੌਮੀ ਕਾਨਫਰੰਸ 20-21 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਪੂਰਨ ਸਫਲਤਾ ਨਾਲ ਸੰਪੰਨ ਹੋਈ।

ਇਸ ਕੌਮੀ ਕਾਨਫਰੰਸ ਵਿੱਚ ਵੀਹ ਪ੍ਰਾਂਤਾਂ ਦੇ ਇਕ ਹਜ਼ਾਰ ਦੇ ਕਰੀਬ ਡੈਲੀਗੇਟ ਸ਼ਾਮਲ ਹੋਏ. ਕਾਨਫਰੰਸ ਨੇ ਸਰਬਸੰਮਤੀ ਨਾਲ 147 ਮੈਂਬਰੀ ਕੌਮੀ ਕੌਂਸਲ ਅਤੇ 57 ਮੈਂਬਰੀ ਕੌਮੀ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ। ਕੌਮੀ ਕੌਂਸਲ ਨੇ ਸੰਖੇਪ ਮੀਟਿੰਗ ਕਰਕੇ ਉੱਘੇ ਕਿਸਾਨ ਘੁਲਾਟੀਏ ਡਾ. ਸਤਨਾਮ ਸਿੰਘ ਅਜਨਾਲਾ ਨੂੰ ਕੌਮੀ ਪ੍ਰਧਾਨ ਅਤੇ ਪ੍ਰਸ਼ੋਤਮ ਸ਼ਰਮਾ ਨੂੰ ਆਪਣਾ ਜਨਰਲ ਸਕੱਤਰ ਚੁਣਿਆ। ਇਸ ਤੋਂ ਇਲਾਵਾ ਅੱਠ ਸੀਨੀਅਰ ਕਿਸਾਨ ਆਗੂਆਂ ਨੂੰ ਵਿਸ਼ੇਸ਼ ਇਨਵਾਇਟੀ

• ਬਾਕੀ ਸਫਾ 2 'ਤੇ

## 25-26 ਨੂੰ ਪੀ ਏ ਯੂ 'ਚ 'ਹਮਾਰੇ ਰਾਮ' ਦਾ ਮੰਚਨ



**ਲੁਧਿਆਣਾ (ਨ ਜ਼ ਸ)**

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਕਲਚਰ ਐਂਡ ਟੂਰਿਜ਼ਮ ਸਲਾਹਕਾਰ ਦੀਪਕ ਬਾਲੀ ਨੇ ਐਲਾਨ ਕੀਤਾ ਕਿ 25-26 ਸਤੰਬਰ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਡਾਕਟਰ ਮਨਮੋਹਨ ਸਿੰਘ ਆਡੀਟੋਰੀਅਮ 'ਚ 'ਹਮਾਰੇ ਰਾਮ' ਨਾਟਕ ਦੇ ਚਾਰ ਸ਼ੋਅ ਹੋਣਗੇ। ਮਸ਼ਹੂਰ ਅਦਾਕਾਰ ਆਸ਼ੂਤੋਸ਼ ਰਾਣਾ ਇਸ 'ਚ ਰਾਵਣ ਦੀ ਭੂਮਿਕਾ ਨਿਭਾਉਣਗੇ। ਇਹ ਸ਼ੋਅ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ। ਮੁੰਡੀਆਂ ਨੇ ਕਿਹਾ ਕਿ ਦੋਵੇਂ ਦਿਨ ਦੋ-ਦੋ ਸ਼ੋਅ ਹੋਣਗੇ, ਇੱਕ ਦੁਪਹਿਰ 2 ਵਜੇ ਅਤੇ ਦੂਜਾ ਸ਼ਾਮ 6 ਵਜੇ। ਬਾਲੀ ਨੇ ਕਿਹਾ ਕਿ ਜਿਵੇਂ ਸਰਕਾਰ ਨੇ 350ਵਾਂ ਸਾਲ ਗੁਰੂ ਤੇਗ ਬਹਾਦਰ ਸਾਹਿਬ ਦਾ ਮਨਾਇਆ, 650ਵਾਂ ਗੁਰੂ ਰਵਿਦਾਸ ਜੀ ਦਾ ਮਨਾਇਆ ਜਾ ਰਿਹਾ ਹੈ, ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਮ ਵੀ ਕੀਤਾ, ਉਸੇ ਤਰ੍ਹਾਂ ਹੁਣ 'ਹਮਾਰੇ ਰਾਮ' ਦਾ ਆਯੋਜਨ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੂਰੇ ਪੰਜਾਬ 'ਚ 'ਹਮਾਰੇ ਰਾਮ' ਦੇ 41 ਸ਼ੋਅ ਕਰਾਏ ਗਏ ਹਨ। ਪਹਿਲੇ ਸ਼ੋਅ ਦੀ ਸ਼ੁਰੂਆਤ ਮੁਹਾਲੀ ਤੋਂ ਹੋਈ ਸੀ ਅਤੇ ਹੌਲੀ-ਹੌਲੀ ਸਾਰੇ ਪੰਜਾਬ ਦੇ ਵੱਖ-ਵੱਖ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਰਾਮ ਮੰਦਰ ਤੋਂ ਆਈ ਹੈ ਖਬਰ ਮੁੜ ਕੇ,
ਕਿੱਦਾਂ ਸੀ ਚੋਰੀ ਚੜ੍ਹਾਵੇ ਦੀ ਹੋਈ ਭਾਈ।
ਭਰਿਆ ਕਿਸੇ ਨੇ ਮਾਲ ਸਭ ਜੇਬ ਅੰਦਰ,
ਬੂਟਾਂ ਅੰਦਰ ਕੁਝ ਦੌਲਤ ਲੁਕੋਈ ਭਾਈ।
ਕੈਮਰਿਆਂ ਵੱਲੋਂ ਵੀ ਨਹੀਂ ਪ੍ਰਵਾਹ ਕੀਤੀ,
ਵਕਤ ਮਿਲੇ ਤੋਂ ਮਾਲ ਗਏ ਢੋਈ ਭਾਈ।
ਨਾ ਭਗਵਾਨ ਨਾ ਚਿੰਤਾ ਸ਼ਰਧਾਲੂਆਂ ਦੀ,
ਲੱਥੀ ਅਸਲੋਂ ਜੇ ਸ਼ਰਮ ਦੀ ਲੋਈ ਭਾਈ।
ਬਣੀ ਰਿਪੋਰਟ ਅਧੂਰੀ ਜਿਹੀ ਅਜੇ ਜਾਪੇ,
ਹੋਣਾ ਸੱਚ ਇਹ ਕਦੋਂ ਥੀਂ ਜ਼ਾਹਰ ਭਾਈ।
ਜਿੱਥੇ ਲੋਕੀਂ ਹਨ ਪਾਪ ਬਖਸ਼ਾਉਣ ਜਾਂਦੇ,
ਲੱਗਦੀ ਚੋਰਾਂ ਦੀ ਓਥੇ ਵੀ ਠਾਹਰ ਭਾਈ।

-ਤੀਸ ਮਾਰ ਖਾਂ

## ਭਾਰਤੀ ਮਹਿਲਾ ਕ੍ਰਿਕਟ ਨੇ ਜਿੱਤਿਆ ਸੋਨ ਤਗਮਾ



**ਨਵੀਂ ਦਿੱਲੀ** : ਭਾਰਤ ਨੇ ਮੰਗਲਵਾਰ ਨੂੰ ਮਹਿਲਾ ਕ੍ਰਿਕਟ ਫਾਈਨਲ ਵਿੱਚ ਸ਼੍ਰੀਲੰਕਾ ਨੂੰ 147 ਦੌੜਾਂ ਨਾਲ ਹਰਾ ਕੇ ਏਸ਼ੀਆਈ ਖੇਡਾਂ 2026 ਵਿਚ ਸੋਨੇ ਦਾ ਤਗਮਾ ਜਿੱਤਿਆ ਹੈ। ਭਾਰਤ ਨੇ ਟਾਸ ਜਿੱਤ ਕੇ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਤੇ 3 ਵਿਕਟਾਂ 'ਤੇ 216 ਦੌੜਾਂ ਦਾ ਵੱਡਾ ਸਕੋਰ ਬਣਾਇਆ। ਸ਼੍ਰੀਲੰਕਾ ਸਿਰਫ਼ 69 ਦੌੜਾਂ 'ਤੇ ਆਲ ਆਊਟ ਹੋ ਗਿਆ। ਸਮ੍ਰਿਤੀ ਮੰਧਾਨਾ ਨੇ 79 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਦੋਂ ਕਿ ਸ਼ੇਫਾਲੀ ਵਰਮਾ ਨੇ 48 ਦੌੜਾਂ ਬਣਾਈਆਂ। ਓਪਨਿੰਗ ਜੋੜੀ ਨੇ 60 ਗੇਂਦਾਂ 'ਤੇ 99 ਦੌੜਾਂ ਜੋੜੀਆਂ, ਜਿਸ ਨਾਲ ਭਾਰਤ ਨੂੰ ਮਜ਼ਬੂਤ ਸ਼ੁਰੂਆਤ ਮਿਲੀ। ਸ਼ੇਫਾਲੀ ਨੇ ਸ਼੍ਰੀਲੰਕਾ ਦੇ ਗੇਂਦਬਾਜ਼ਾਂ 'ਤੇ ਸ਼ਕਤੀਸ਼ਾਲੀ ਸ਼ਾਟਾਂ ਨਾਲ ਹਮਲਾ ਕੀਤਾ, ਜਦੋਂ ਕਿ ਮੰਧਾਨਾ ਨੇ ਮੌਕੇ ਲੱਭ ਕੇ ਸ਼ਾਟ ਮਾਰੇ। ਭਾਰਤ ਛੇ ਓਵਰਾਂ ਤੋਂ ਬਾਅਦ 59 ਦੌੜਾਂ ਤੱਕ ਪਹੁੰਚ ਗਿਆ ਸੀ।



## ਮੁੰਡੀਆਂ ਨੇ ਘਰ-ਘਰ ਜਾ ਕੇ ਲੋਕ ਭਲਾਈ ਸਕੀਮਾਂ ਦੀ ਦਿੱਤੀ ਜਾਣਕਾਰੀ




**ਲੁਧਿਆਣਾ (ਰਾਜ ਸਿੰਗਲਾ)**-ਕੈਬਨਿਟ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਨੇ ਹਲਕਾ ਸਾਹਨੇਵਾਲ ਦੇ ਪਿੰਡ ਜੰਡਿਆਲੀ ਵਿਖੇ 'ਮਾਨ ਦੇ ਮੁਨਾਫੇ' ਡੋਰ-ਟੂ-ਡੋਰ ਜਨ ਸੰਪਰਕ ਮੁਹਿੰਮ ਤਹਿਤ ਘਰ-ਘਰ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ।ਇਸ ਦੌਰਾਨ ਉਨ੍ਹਾਂ ਨੇ ਸੂਬਾ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਲੋਕਾਂ ਦੀ ਭਲਾਈ ਲਈ ਕੀਤੇ ਗਏ ਕੰਮਾਂ ਤੇ ਵੱਖ-ਵੱਖ ਲੋਕ ਭਲਾਈ ਸਕੀਮਾਂ ਤਹਿਤ ਮਿਲ ਰਹੇ ਆਰਥਿਕ ਲਾਭਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਰਾਹਤ ਦੇਣ ਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਸਿੱਧਾ ਲਾਭ ਸੂਬੇ ਦੇ ਆਮ ਪਰਿਵਾਰਾਂ ਤੱਕ ਪਹੁੰਚ ਰਿਹਾ ਹੈ।'ਮਾਨ ਦੇ ਮੁਨਾਫੇ' ਮੁਹਿੰਮ ਦਾ ਮੁੱਖ ਉਦੇਸ਼ ਵੀ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਤੇ ਉਨ੍ਹਾਂ ਨਾਲ ਹੋਏ ਆਰਥਿਕ ਫਾਇਦਿਆਂ ਬਾਰੇ ਜਾਣੂ ਕਰਵਾਉਣਾ ਹੈ।ਘਰ-ਘਰ ਸੰਪਰਕ ਦੌਰਾਨ ਕੈਬਨਿਟ ਮੰਤਰੀ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਸੁਝਾਅ ਵੀ ਸੁਣੇ।ਉਨ੍ਹਾਂ ਭਰੋਸਾ ਦਿੱਤਾ ਕਿ ਲੋਕਾਂ ਵੱਲੋਂ ਉਠਾਏ ਗਏ ਮਸਲਿਆਂ ਨੂੰ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਯੋਗ ਕਾਰਵਾਈ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਪਿੰਡ ਵਾਸੀਆਂ ਨੇ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਆਰਥਿਕ ਰਾਹਤਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ।

## ਮਿਸ਼ਨ ਦੀ ਪ੍ਰੋਜੈਕਟ ਮੈਨੇਜਰ ਗਗਨ ਥੰਨਾ ਸਨਮਾਨਤ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)**-ਕਰੀਬ ਤਿੰਨ ਕੁ ਮਹੀਨੇ ਪਹਿਲਾਂ ਮੁਕਤਸਰ ਵਿਕਾਸ ਮਿਸ਼ਨ ਦੀ ਮੌਜੂਦਾ ਪ੍ਰੋਜੈਕਟ ਮੈਨੇਜਰ ਮੈਡਮ ਗਗਨ ਥੰਨਾ ਨੇ ਸੰਸਥਾ ਵਿੱਚ ਸ਼ਾਮਲ ਹੋਏ ਸਨ।ਸਾਹਿਤਕ ਤੇ ਸੱਭਿਆਚਾਰਕ ਰੁਚੀਆਂ ਰੱਖਣ ਵਾਲੇ ਪਰਿਵਾਰ ਨਾਲ ਸਬੰਧਤ ਮੈਡਮ ਥੰਨਾ ਨੇ ਮਿਸ਼ਨ ਜੁਆਇਨ ਕਰਨ ਉਪਰੰਤ ਸੰਸਥਾ ਵੱਲੋਂ ਸਾਰੇ ਸਮਾਗਮਾਂ ਵਿੱਚ ਕਲਚਰਲ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਤੇ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਉਨ੍ਹਾਂ ਦਾ ਵੀ ਯੋਗਦਾਨ ਰਿਹਾ ਹੈ।ਮਿਸ਼ਨ ਵੱਲੋਂ ਮਨਾਏ ਗਏ ਬਾਲ ਤੀਜ ਮੇਲਾ ਤੇ ਆਪਣੇ ਸਥਾਪਨਾ ਦਿਵਸ ਵਿੱਚ ਮੈਡਮ ਥੰਨਾ ਨੇ ਆਪਣੀ ਅਗਵਾਈ ਤੇ ਦਿਸ਼ਾ-ਨਿਰਦੇਸ਼ਾਂ ਨਾਲ ਕਲਚਰਲ ਪ੍ਰੋਗਰਾਮਾਂ ਨੂੰ ਚਾਰ ਚੰਨ ਲਾ ਦਿੱਤੇ ਸਨ।ਐਨਾ ਹੀ ਨਹੀਂ ਇਨ੍ਹਾਂ ਪ੍ਰੋਗਰਾਮਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਉਨ੍ਹਾਂ ਦੇ ਪਤੀ ਸ਼ਾਹ ਥੰਨਾ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ।ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਥਾਨਕ ਪਵਨ ਸਵੀਟਸ ਸ਼ਾਪ ਵਿਖੇ ਸੇਵਕ ਪ੍ਰੰਡੂ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਚੀਫ ਪੈਟਰਨ ਇੰਜ. ਜਸਵੀਰ ਸਿੰਘ, ਪੈਟਰਨ ਡਾ. ਸੁਰਿੰਦਰ ਗਿਰਧਰ, ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਡਿਪਟੀ ਡਾਇਰੈਕਟਰ ਸਾਹਿਲ ਕੁਮਾਰ ਹੈਪੀ, ਮਿਸ਼ਨ-ਪ੍ਰਸ਼ਾਸਨ ਕੋਆਰਡੀਨੇਟਰ ਰਜਿੰਦਰ ਖੁਰਾਣਾ, ਸੀਨੀਅਰ ਆਗੂ ਰਾਮ ਸਿੰਘ ਪੱਪੀ ਕੌਂਸਲਰ, ਇੰਜ. ਕੁਨਾਲ ਢੋਸੀਵਾਲ, ਸੇਵਾ ਮੁਕਤ ਸੀਨੀਅਰ ਅਧਿਕਾਰੀ ਕਰਨੈਲ ਸਿੰਘ ਬਰਾੜ, ਨਰਿੰਦਰ ਕਾਕਾ, ਮਹਿਨਾਜ਼ ਤੇ ਗੁਰਨਾਜ਼ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ।ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਥੰਨਾ ਪਰਿਵਾਰ ਵੱਲੋਂ ਮਿਸ਼ਨ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਉਨ੍ਹਾਂ ਨੂੰ ਵਧਾਈ ਦਿੱਤੀ।ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਕਿ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਥੰਨਾ ਪਰਿਵਾਰ ਨੂੰ ਸ਼ਾਨਦਾਰ ਯਾਦਗਾਰੀ ਮੋਮੈਂਟੋ ਭੇਟ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਮੀਟਿੰਗ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

## ਹੋਲੀ ਹਾਰਟ ਸਕੂਲ ਵਿਖੇ 'ਵਿਸ਼ਵ ਧੰਨਵਾਦ ਦਿਵਸ' ਮਨਾਇਆ




**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ 'ਵਿਸ਼ਵ ਧੰਨਵਾਦ ਦਿਵਸ' ਬੜੇ ਉਤਸ਼ਾਹ, ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਖਾਸ ਮੌਕੇ 'ਤੇ ਸਕੂਲ ਕੈਂਪਸ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਤੇ ਸਮੂਹ ਸਟਾਫ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤੀ ਗਈ ਇੱਕ ਮਨਮੋਹਕ ਧਾਰਮਿਕ ਤੇ ਨੈਤਿਕ ਪ੍ਰਾਰਥਨਾ ਨਾਲ ਹੋਈ, ਜਿਸ ਨੇ ਪੂਰੇ ਮਾਹੌਲ ਨੂੰ ਰੂਹਾਨੀਅਤ ਨਾਲ ਭਰ ਦਿੱਤਾ।ਇਸ ਉਪਰੰਤ, ਵਿਦਿਆਰਥੀਆਂ ਨੇ ਧੰਨਵਾਦ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਸੁੰਦਰ ਭਾਸ਼ਣ, ਕਵਿਤਾਵਾਂ ਤੇ ਨਾਟਕ ਪੇਸ਼ ਕੀਤੇ।ਉਨ੍ਹਾਂ ਦੱਸਿਆ ਕਿ ਸਾਡੇ ਜੀਵਨ ਵਿੱਚ ਮਾਪਿਆਂ, ਅਧਿਆਪਕਾਂ, ਦੋਸਤਾਂ ਤੇ ਸਮਾਜ ਦੇ ਹਰ ਉਸ ਵਿਅਕਤੀ ਦਾ ਧੰਨਵਾਦ ਕਰਨਾ ਕਿੰਨਾ ਜ਼ਰੂਰੀ ਹੈ, ਜੋ ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਪਾਉਂਦੇ ਹਨ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਸੁੰਦਰ 'ਗ੍ਰੈਟੀਚਿਊਡ ਕਾਰਡ' ਤਿਆਰ ਕੀਤੇ ਤੇ ਆਪਣੇ ਅਧਿਆਪਕਾਂ, ਸਕੂਲ ਦੇ ਸਹਾਇਕ ਸਟਾਫ, ਸਫਾਈ ਸੇਵਕਾਂ ਤੇ ਡਰਾਈਵਰਾਂ ਨੂੰ ਭੇਟ ਕਰਕੇ ਉਨ੍ਹਾਂ ਦੀਆਂ ਅਣਥੱਕ ਸੇਵਾਵਾਂ ਲਈ ਦਿਲੋਂ ਧੰਨਵਾਦ ਕੀਤਾ। ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਤੇ ਪ੍ਰਬੰਧਕ ਕਮੇਟੀ ਚੇਅਰਮੈਨ ਸ਼ੁਬਾਸ਼ ਪਲਤਾ ਅਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਤੇ ਰਮਨ ਅਰੋੜਾ ਨੇ ਕਿਹਾ ਕਿ 'ਧੰਨਵਾਦ' ਸਿਰਫ਼ ਇੱਕ ਸ਼ਬਦ ਨਹੀਂ ਹੈ, ਸਗੋਂ ਇਹ ਜੀਵਨ ਜਿਉਣ ਦੀ ਇੱਕ ਸਕਾਰਾਤਮਕ ਸ਼ੈਲੀ ਹੈ।ਉਨ੍ਹਾਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਰੋਜ਼ਾਨਾ ਜੀਵਨ ਵਿੱਚ ਛੋਟੀਆਂ-ਛੋਟੀਆਂ ਗੱਲਾਂ ਲਈ ਪ੍ਰਮਾਤਮਾ ਤੇ ਆਪਣੇ ਵੱਡਿਆਂ ਦਾ ਸ਼ੁਕਰਗੁਜ਼ਾਰ ਹੋਣ ਦੀ ਆਦਤ ਪਾਉਣ। ਸਮਾਗਮ ਦੇ ਅੰਤ ਵਿੱਚ ਵੱਖ-ਵੱਖ ਗਤੀਵਿਧੀਆਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਜਸਵਿੰਦਰ ਕੰਧੋਲਾ ਸਬ-ਡਵੀਜ਼ਨ ਨਦਾਮਪੁਰ ਦੇ ਪ੍ਰਧਾਨ ਚੁਣੇ



**ਭਵਾਨੀਗੜ੍ਹ (ਰਾਜ ਖੁਰਮੀ)**-ਸਥਾਨਕ ਆਈ.ਟੀ.ਆਈ. ਇੰਪਲਾਈਜ਼ ਐਸੋਸੀਏਸ਼ਨ ਸਬ-ਡਵੀਜ਼ਨ ਨਦਾਮਪੁਰ ਦੀ ਮੀਟਿੰਗ ਪ੍ਰਧਾਨ ਨੈਬ ਖਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਗੁਰਜੀਤ ਸਿੰਘ ਸ਼ੇਰਗਿੱਲ ਤੇ ਮਨਪ੍ਰੀਤ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਜੀਤ ਸਿੰਘ ਸ਼ੇਰਗਿੱਲ ਨੇ ਮੁਲਾਜ਼ਮਾਂ ਨੂੰ ਦਰਪੇਸ਼ ਮੁਸ਼ਕਲਾਂ ਤੇ ਜਥੇਬੰਦੀ ਵੱਲੋਂ ਕੀਤੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾਂ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ ਦੇ ਹੱਕਾਂ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਲਈ ਸਾਥੀਆਂ ਨੂੰ ਪ੍ਰੇਰਿਤ ਕੀਤਾ।ਇਸ ਦੌਰਾਨ ਸਬ-ਡਵੀਜ਼ਨ ਨਦਾਮਪੁਰ ਦੀ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।ਚੋਣ ਵਿੱਚ ਜਸਵਿੰਦਰ ਕੰਧੋਲਾ ਨੂੰ ਪ੍ਰਧਾਨ, ਮਨਦੀਪ ਸਿੰਘ ਨੂੰ ਮੀਤ ਪ੍ਰਧਾਨ, ਲਖਵਿੰਦਰ ਸ਼ਾਹਪੁਰ ਨੂੰ ਜਨਰਲ ਸਕੱਤਰ, ਜਸਵਿੰਦਰ ਜੱਸੂ ਨੂੰ ਸੀਨੀਅਰ ਮੀਤ ਪ੍ਰਧਾਨ, ਰਣਜੀਤ ਸ਼ਰਮਾ ਨੂੰ ਕੈਸ਼ੀਅਰ, ਗੌਤਮ ਸ਼ਰਮਾ ਨੂੰ ਪ੍ਰੈੱਸ ਸਕੱਤਰ, ਦਵਿੰਦਰ ਲੱਖੇਵਾਲ ਤੇ ਹਰਜੀਤ ਗੁਣੀਕੇ ਨੂੰ ਸਲਾਹਕਾਰ ਤੇ ਹਰਕੀਤ ਭੜੋ ਨੂੰ ਸਹਿ-ਸਕੱਤਰ ਚੁਣਿਆ ਗਿਆ।ਇਸ ਮੌਕੇ ਅਮ੍ਰਿਤ ਸਿੰਘ, ਮੇਜਰ ਸਿੰਘ, ਲਛਮਣ ਸਿੰਘ, ਜਸਪ੍ਰੀਤ ਸਿੰਘ, ਮਨਿੰਦਰ ਸਿੰਘ, ਸ਼ਸ਼ੀ ਸਿੰਘ, ਹਰਵੀਰ ਨਦਾਮਪੁਰ, ਮਨਦੀਪ ਕੌਰ ਸਮੇਤ ਹੋਰ ਸਾਥੀ ਹਾਜ਼ਰ ਸਨ।

## ਸੜਕ ਹਾਦਸੇ 'ਚ ਪ੍ਰਵਾਸੀ ਮਜ਼ਦੂਰ ਦੀ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਕੁਹਾੜਾ ਰੋਡ 'ਤੇ ਹਾੜੀਆਂ ਚੌਂਕ ਨੇੜੇ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ ਇੱਕ ਮਜ਼ਦੂਰ ਅਰਾਵਣ (28) ਵਾਸੀ ਬਲੀਬੇਗ ਬਸਤੀ ਦੀ ਮੌਤ ਹੋਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਅਰਾਵਣ ਘਰੋਂ ਕੰਮ ਲਈ ਗਿਆ ਸੀ ਜੋ ਕਿ ਰਾਜ ਮਿਸਤਰੀ ਨਾਲ ਕੰਮ ਕਰਦਾ ਹੈ। ਅੱਜ ਸਵੇਰੇ ਹਾੜੀਆ ਚੌਂਕ ਨੇੜੇ ਇੱਕ ਟਰੱਕ ਹੇਠਾਂ ਆ ਕੇ ਉਹ ਬੁਰੀ ਤਰ੍ਹਾਂ ਕੁਚਲਿਆ ਗਿਆ, ਜਿਸ ਦਾ ਸਿਰ ਵੀ ਗਰਦਨ ਤੋਂ ਵੱਖ ਹੋ ਗਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਿਸ ਟਰੱਕ ਹੇਠਾਂ ਇਹ ਮਜ਼ਦੂਰ ਆਇਆ, ਉਹ ਆਪਣਾ ਸੰਤੁਲਨ ਗਵਾ ਬੈਠਾ ਤੇ ਸਾਹਮਣੇ ਤੋਂ ਆ ਰਹੀ ਸਕਰਾਪਿਓ ਕਾਰ ਨਾਲ ਜਾ ਟਕਰਾਇਆ। ਇਸ ਹਾਦਸੇ ਵਿੱਚ ਸਕਾਰਪਿਓ ਬੁਰੀ ਤਰ੍ਹਾਂ ਨੁਕਸਾਨੀ ਗਈ, ਜਿਸ ਵਿੱਚ ਸਵਾਰ ਵਿਅਕਤੀਆਂ ਦੇ ਵੀ ਮਾਮੂਲੀ ਸੱਟਾਂ ਲੱਗੀਆਂ। ਸਕਾਰਪਿਓ ਗੱਡੀ ਨੇੜਲੇ ਪਿੰਡ ਭਮਾ ਦੀ ਦੱਸੀ ਜਾ ਰਹੀ ਹੈ ਤੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਇਹ ਕਾਰ ਇੱਕ ਹਫ਼ਤਾ ਪਹਿਲਾਂ ਹੀ ਸ਼ੋਰੂਮ 'ਚੋਂ ਕਢਵਾਈ ਸੀ ਜੋ ਕਿ ਬੁਰੀ ਤਰ੍ਹਾਂ ਨੁਕਸਾਨੀ ਗਈ। ਸੂਚਨਾ ਮਿਲਦੇ ਹੀ ਕੂੰਮਕਲਾਂ ਪੁਲਸ ਵੀ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਵੱਲੋਂ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ ਤੇ ਹਾਦਸੇ ਵਾਲੇ ਟਰੱਕ ਨੂੰ ਕਾਬੂ ਕਰ ਲਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ।

## ਮਾਤਾ ਹਰਪਾਲ ਕੌਰ ਟਿੱਲਾ ਬਾਬਾ ਫਰੀਦ ਵਿਖੇ ਹੋਏ ਨਤਮਸਤਕ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਮਾਤਾ ਸ਼੍ਰੀਮਤੀ ਹਰਪਾਲ ਕੌਰ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਟਿੱਲਾ ਬਾਬਾ ਫਰੀਦ ਵਿਖੇ ਨਤਮਸਤਕ ਹੋਏ।ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ, ਚੇਅਰਮੈਨ ਇੰਪਰੂਵਮੈਂਟ ਟਰੱਸਟ ਗਗਨਦੀਪ ਸਿੰਘ ਧਾਲੀਵਾਲ ਸਮੇਤ ਵੱਡੀ ਗਿਣਤੀ ਵਿੱਚ ਲੀਡਰਸ਼ਿਪ ਦੇ ਨੁਮਾਇੰਦੇ ਹਾਜ਼ਰ ਸਨ।ਇਸ ਮੌਕੇ ਉਨ੍ਹਾਂ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਤੇ ਆਪਸੀ ਭਾਈਚਾਰੇ ਦੀ ਅਰਦਾਸ ਕੀਤੀ।ਇਸ ਮੌਕੇ ਪ੍ਰਬੰਧਕਾਂ ਵੱਲੋਂ ਮਾਤਾ ਹਰਪਾਲ ਕੌਰ ਨੂੰ ਸਿਰੋਪਾਓ ਤੇ ਸ਼ਾਲ ਨਾਲ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਉਨ੍ਹਾਂ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੂੰ ਵੀ ਸਿਰੋਪਾਓ ਪਾ ਕੇ ਸਨਮਾਨਤ ਕੀਤਾ।ਇਸ ਉਪਰੰਤ ਉਨ੍ਹਾਂ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਸਮਰਪਤ ਕਰਵਾਏ ਜਾ ਰਹੇ ਤਿੰਨ ਰੋਜ਼ਾ ਪਸ਼ੂ ਮੇਲੇ ਤੇ ਖੇਤੀਬਾੜੀ ਦਫ਼ਤਰ ਵਿਖੇ ਆਯੋਜਿਤ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਪਸ਼ੂ ਪਾਲਕਾਂ, ਕਿਸਾਨਾਂ ਤੇ ਖੇਤੀ ਅਧਾਰਤ ਸਹਾਇਕ ਧੰਦੇ ਕਰਨ ਵਾਲਿਆਂ ਲਈ ਅਜਿਹੇ ਮੇਲੇ ਬਹੁਤ ਹੀ ਲਾਹੇਵੰਦ ਸਾਬਿਤ ਹੋਣਗੇ ਤੇ ਲੋਕਾਂ ਵਿੱਚ ਵਧੀਆ ਨਸਲ ਦੇ ਜਾਨਵਰ ਰੱਖਣ ਦਾ ਸ਼ੌਂਕ ਪੈਦਾ ਹੋਵੇਗਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅਲਜ਼ਾਈਮਰ ਰੋਗ 'ਚ ਨਵੀਆਂ ਦਵਾਈਆਂ ਕਾਰਨ ਛੇਤੀ ਜਾਂਚ ਮਹੱਤਵਪੂਰਨ : ਪੀ ਜੀ ਆਈ




**ਸਮਰਾਲਾ (ਸੁਰਜੀਤ ਸਿੰਘ)**

ਵਿਸ਼ਵ ਅਲਜ਼ਾਈਮਰ ਦਿਵਸ ਮੌਕੇ ਪੀਜੀਆਈ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਇਸ ਸੰਸਥਾ ਦੇ ਨਿਊਰੋਲੋਜੀ ਵਿਭਾਗ ਨੇ ਅਲਜ਼ਾਈਮਰ ਰੋਗ ਤੇ ਹੋਰ ਕਿਸਮ ਦੇ ਡਿਮੈਂਸ਼ੀਆ ਬਾਰੇ ਲੋਕਾਂ ਵਿੱਚ ਵਧੇਰੇ ਜਾਗਰੂਕਤਾ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਵਿਭਾਗ ਨੇ ਕਿਹਾ ਕਿ ਭਾਰਤ ਵਿੱਚ ਅਲਜ਼ਾਈਮਰ ਰੋਗ ਲਈ ਨਵੀਆਂ ਬਿਮਾਰੀ-ਨਿਯੰਤਰਕ ਇਲਾਜ ਵਿਧੀਆਂ ਉਪਲਬਧ ਹੋਣ ਕਾਰਨ ਇਸ ਦੀ ਛੇਤੀ ਪਛਾਣ ਤੇ ਜਾਂਚ ਹੋਰ ਵੀ ਮਹੱਤਵਪੂਰਨ ਹੋ ਗਈ ਹੈ।ਪ੍ਰੈੱਸ ਕਾਨਫਰੰਸ ਦੌਰਾਨ ਨਿਊਰੋਲੋਜੀ ਵਿਭਾਗ ਦੇ ਸੀਨੀਅਰ ਫੈਕਲਟੀ ਮੈਂਬਰ ਪ੍ਰੋ. ਧੀਰਜ ਖੁਰਾਣਾ, ਡਾ. ਸੁਚਰਿਤਾ ਰੇ, ਐਡੀਸ਼ਨਲ ਪ੍ਰੋਫੈਸਰ, ਡਾ. ਕਾਰਤਿਕ ਵੀ.ਐੱਮ., ਐਸੋਸੀਏਟ ਪ੍ਰੋਫੈਸਰ ਤੇ ਬਾਇਓਕੈਮਿਸਟਰੀ ਵਿਭਾਗ ਦੇ ਪ੍ਰੋ. ਇੰਦੂ ਵਰਮਾ ਨੇ ਸਮੇਂ ਸਿਰ ਜਾਂਚ, ਡਿਮੈਂਸ਼ੀਆ ਦੇ ਵੱਖ-ਵੱਖ ਕਾਰਨਾਂ ਦੀ ਸਹੀ ਪਛਾਣ, ਅਤਿ-ਆਧੁਨਿਕ ਜਾਂਚ ਸਾਧਨਾਂ ਅਤੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਮਜ਼ਬੂਤ ਸਹਾਇਤਾ ਪ੍ਰਣਾਲੀ ਦੀ ਲੋੜ 'ਤੇ ਚਾਨਣਾ ਪਾਇਆ।

ਪ੍ਰੋ. ਖੁਰਾਣਾ ਨੇ ਕਿਹਾ ਕਿ ਅਲਜ਼ਾਈਮਰ ਰੋਗ ਦੇ ਇਲਾਜ ਦੇ ਖੇਤਰ ਵਿੱਚ ਮਹੱਤਵਪੂਰਨ ਤਬਦੀਲੀਆਂ ਆਈਆਂ ਹਨ, ਜਿਸ ਕਾਰਨ ਲੱਛਣਾਂ ਦੀ ਛੇਤੀ ਪਛਾਣ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੋ ਗਈ ਹੈ।ਉਨ੍ਹਾ ਪਰਵਾਰਾਂ ਨੂੰ ਅਪੀਲ ਕੀਤੀ ਕਿ ਉਹ ਲਗਾਤਾਰ ਰਹਿਣ ਵਾਲੀਆਂ ਯਾਦਾਸ਼ਤ ਦੀਆਂ ਸਮੱਸਿਆਵਾਂ ਤੇ ਰੋਜ਼ਾਨਾ ਦੇ ਕੰਮਕਾਜ ਵਿੱਚ ਆਉਣ ਵਾਲੀਆਂ ਤਬਦੀਲੀਆਂ ਨੂੰ ਸਿਰਫ਼ ਵਧਦੀ ਉਮਰ ਦਾ ਆਮ ਨਤੀਜਾ ਸਮਝ ਕੇ ਨਜ਼ਰਅੰਦਾਜ਼ ਨਾ ਕਰਨ।ਡਾ. ਸੁਚਰਿਤਾ ਰੇ ਨੇ ਕਿਹਾ ਕਿ ਡਿਮੈਂਸ਼ੀਆ ਕੋਈ ਇੱਕ ਬਿਮਾਰੀ ਨਹੀਂ ਹੈ ਤੇ ਇਸ ਦੇ ਮੂਲ ਕਾਰਨ ਦੀ ਪਛਾਣ ਕਰਨਾ ਸਹੀ ਇਲਾਜ ਲਈ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਡਿਮੈਂਸ਼ੀਆ ਕਈ ਵੱਖ-ਵੱਖ ਬਿਮਾਰੀਆਂ ਕਾਰਨ ਪੈਦਾ ਹੋਣ ਵਾਲਾ ਇੱਕ ਸਿੰਡਰੋਮ ਹੈ ਤੇ ਹਰੇਕ ਮਰੀਜ਼ ਦੀ ਧਿਆਨ ਨਾਲ ਜਾਂਚ ਕਰਕੇ ਇਸ ਦੇ ਮੂਲ ਕਾਰਨ ਦੀ ਪਛਾਣ ਕਰਨੀ ਜ਼ਰੂਰੀ ਹੈ।ਪ੍ਰੋ. ਇੰਦੂ ਵਰਮਾ ਨੇ ਕਿਹਾ ਕਿ ਇਹ ਅਤਿ-ਆਧੁਨਿਕ ਜਾਂਚ ਸਹੂਲਤ ਸੰਸਥਾ ਵਿੱਚ ਅਲਜ਼ਾਈਮਰ ਰੋਗ ਦੀ ਵਧੇਰੇ ਸਹੀ ਤੇ ਸ਼ੁਰੂਆਤੀ ਪੜਾਅ 'ਤੇ ਪਛਾਣ ਕਰਨ ਦੀ ਸਮਰੱਥਾ ਨੂੰ ਮਜ਼ਬੂਤ ਕਰੇਗੀ। ਡਿਮੈਂਸ਼ੀਆ ਨਾਲ ਜੁੜੀਆਂ ਵਿਆਪਕ ਸਿਹਤ ਚੁਣੌਤੀਆਂ ਵੱਲ ਧਿਆਨ ਦਿਵਾਉਂਦਿਆਂ ਡਾ. ਕਾਰਤਿਕ ਨੇ ਕਿਹਾ ਕਿ ਮਰੀਜ਼ਾਂ ਵਿੱਚ ਅਕਸਰ ਡਿਪ੍ਰੈਸ਼ਨ ਸਮੇਤ ਹੋਰ ਸਹਿ-ਰੋਗ ਵੀ ਮੌਜੂਦ ਹੁੰਦੇ ਹਨ, ਜਿਨ੍ਹਾਂ ਦੀ ਪਛਾਣ ਕਰਨਾ ਤੇ ਇਲਾਜ ਕਰਨਾ ਵਿਆਪਕ ਦੇਖਭਾਲ ਦਾ ਹਿੱਸਾ ਹੋਣਾ ਚਾਹੀਦਾ ਹੈ।ਵਿਭਾਗ ਨੇ ਇਹ ਵੀ ਐਲਾਨ ਕੀਤਾ ਕਿ ਪੀਜੀਆਈਐਮਈਆਰ ਵਿੱਚ ਡਿਮੈਂਸ਼ੀਆ ਦੇ ਪ੍ਰਬੰਧਨ ਲਈ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਵਾਸਤੇ ਸੰਗਠਨਾਤਮਕ ਤਬਦੀਲੀਆਂ 'ਤੇ ਕੰਮ ਕੀਤਾ ਜਾ ਰਿਹਾ ਹੈ।ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਾਧੂ ਮਾਰਗ ਦਰਸ਼ਨ ਤੇ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਮਰੀਜ਼ ਸਹਾਇਤਾ ਪ੍ਰੋਗਰਾਮ ਵੀ ਤਿਆਰ ਕੀਤਾ ਜਾ ਰਿਹਾ ਹੈ।ਪ੍ਰੋ. ਧੀਰਜ ਖੁਰਾਣਾ ਨੇ ਕਿਹਾ ਕਿ ਇਨ੍ਹਾਂ ਪਹਿਲ ਕਦਮੀਆਂ ਦਾ ਉਦੇਸ਼ ਡਿਮੈਂਸ਼ੀਆ ਦੀ ਦੇਖਭਾਲ ਨੂੰ ਵਧੇਰੇ ਸੁਚਾਰੂ ਤੇ ਮਰੀਜ਼-ਕੇਂਦਰਤ ਬਣਾਉਣਾ ਹੈ।

## ਗੈਰ-ਕਾਨੂੰਨੀ ਮੌਤਾਂ ਦੀ ਸੈਸ਼ਨ ਜੱਜਾਂ ਰਾਹੀਂ ਹੋਵੇ ਜਾਂਚ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਸਮੇਂ ਦੀਆਂ ਪੰਜਾਬ ਦੀਆਂ ਸਰਕਾਰਾਂ ਤੇ ਮੌਜੂਦਾ ਭਗਵੰਤ ਮਾਨ ਸਰਕਾਰ ਸਮੇ2 ਵੀ ਵੱਡੀ ਗਿਣਤੀ ਵਿੱਚ ਇਥੋਂ ਦੇ ਨਿਵਾਸੀਆਂ ਨੂੰ ਗੈਂਗਸਟਰ, ਅੱਤਵਾਦੀ, ਵੱਖਵਾਦੀ, ਗਲਤ ਅਨਸਰ ਆਦਿ ਨਾਮ ਦੇ ਕੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਕਤਲੇਆਮ ਕਰਨ ਦੇ ਹੋ ਰਹੇ ਅਮਲ ਜਿੱਥੇ ਗੈਰ-ਕਾਨੂੰਨੀ, ਗੈਰ-ਸਮਾਜਿਕ ਹਨ, ਉਥੇ ਇਹ ਅਮਲ ਮਨੁੱਖਤਾ ਤੇ ਮਨੁੱਖੀ ਨਿਯਮਾਂ ਦਾ ਘਾਣ ਕਰਨ ਦੇ ਤੁੱਲ ਸ਼ਰਮਨਾਕ ਕਾਰਵਾਈਆਂ ਹਨ।ਜਦੋਂਕਿ ਕਿਸੇ ਵੀ ਨਾਗਰਿਕ ਨੂੰ ਜਦੋਂ ਸ਼ੱਕ ਦੀ ਨਜ਼ਰ ਵਿੱਚ ਜਾਂ ਕਿਸੇ ਵਾਰਦਾਤ ਦੀ ਨਜ਼ਰ ਵਿੱਚ ਪੁਲਸ ਵੱਲੋਂ ਅਮਲ ਕੀਤਾ ਜਾਂਦਾ ਹੈ, ਤਾਂ ਅਜਿਹੇ ਸ਼ੱਕੀਆਂ ਜਾਂ ਅਪਰਾਧੀਆਂ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਗ੍ਰਿਫਤਾਰ ਕਰਕੇ ਜੱਜ ਸਾਹਮਣੇ ਪੇਸ਼ ਕਰਕੇ ਅਗਲੇਰੇ ਕਾਨੂੰਨੀ ਅਮਲ ਹੋਣੇ ਚਾਹੀਦੇ ਹਨ, ਨਾ ਕਿ ਤੁਰੰਤ ਝੂਠੇ ਪੁਲਸ ਮੁਕਾਬਲੇ ਬਣਾ ਕੇ ਇਥੋਂ ਦੇ ਨਾਗਰਿਕਾਂ ਦਾ ਹੁਕਮਰਾਨਾਂ ਵੱਲੋਂ ਕਤਲੇਆਮ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਵਿੱਚ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਇਥੋਂ ਦੇ ਨਾਗਰਿਕਾਂ ਦੇ ਗੈਰ-ਕਾਨੂੰਨੀ ਢੰਗਾਂ ਨਾਲ ਗੈਂਗਸਟਰ, ਅੱਤਵਾਦੀ, ਵੱਖਵਾਦੀ ਗਰਦਾਨ ਕੇ ਕੀਤੇ ਜਾਣ ਵਾਲੇ ਕਤਲੇਆਮ ਨੂੰ ਅਤਿ ਸ਼ਰਮਨਾਕ ਕਰਾਰ ਦਿੰਦੇ ਹੋਏ ਅਤੇ ਕੌਮਾਂਤਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਨਿਯਮਾਂ ਦਾ ਘਾਣ ਕਰਨ ਵਾਲੀ ਗੱਲ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਮੰਗ ਕੀਤੀ ਕਿ ਹੁਣ ਤੱਕ ਹੋਈਆਂ ਗੈਰ-ਕਾਨੂੰਨੀ ਮੌਤਾਂ ਦਾ ਜ਼ਿਲ੍ਹਾ ਪੱਧਰ ਦੇ ਸ਼ੈਸ਼ਨ ਜੱਜਾਂ ਰਾਹੀਂ3 ਪੂਰਨ ਨਰੀਖਣ ਵਿਚਾਰ ਹੋਣਾ ਚਾਹੀਦਾ ਹੈ ਤੇ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

# ਚੇਅਰਮੈਨ ਬਰਸਟ ਵੱਲੋਂ ਵਲੀਪੁਰ ਵਿਖੇ ਸੜਕੀ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੇਂਡੂ ਖੇਤਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਤਹਿਤ ਹਲਕਾ ਸਮਾਣਾ ਦੇ ਪਿੰਡ ਵਲੀਪੁਰ ਵਿਖੇ ਵਿਕਾਸ ਕਾਰਜਾਂ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ, ਜਦੋਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ 1.26 ਕਰੋੜ ਰੁਪਏ ਦੇ ਸੜਕੀ ਪ੍ਰੋਜੈਕਟ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ ਗਿਆ।ਇਸ ਪ੍ਰੋਜੈਕਟ ਅਧੀਨ ਪਿੰਡ ਦੀ ਫਿਰਨੀ ਤੇ ਤਿੰਨ ਅਹਿਮ ਸੜਕਾਂ ਦੀ ਉਸਾਰੀ ਕੀਤੀ ਜਾਵੇਗੀ। ਇਨ੍ਹਾਂ ਕਾਰਜਾਂ ਦੇ ਸ਼ੁਰੂ ਹੋਣ ਨਾਲ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਪਿੰਡ ਵਲੀਪੁਰ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਕੰਮ ਕਰ ਰਹੀ ਹੈ ਤੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਹਾਲਤ ਸੁਧਾਰਨਾ ਸਰਕਾਰ ਦੀ ਮੁੱਖ ਤਰਜੀਹ ਹੈ।ਉਨ੍ਹਾਂ ਦੱਸਿਆ ਕਿ ਵਲੀਪੁਰ ਵਿਖੇ ਸ਼ੁਰੂ ਕੀਤੇ ਇਸ ਵਿਸ਼ੇਸ਼ ਸੜਕੀ ਪ੍ਰੋਜੈਕਟ ਤਹਿਤ ਪਿੰਡ ਦੀ ਫਿਰਨੀ ਦਾ ਨਵੀਨੀਕਰਨ ਕੀਤਾ ਜਾਵੇਗਾ।ਇਹ ਅੱਧਾ ਕਿਲੋਮੀਟਰ ਲੰਬੀ ਫਿਰਨੀ ਕਰੀਬ 37.49 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।ਉਨ੍ਹਾਂ ਦੱਸਿਆ ਕਿ ਜਿਹੜੀ ਤਿੰਨ ਸੜਕਾਂ ਦੀ ਮੁਰੰਮਤ ਦਾ ਕਾਰਜ ਸ਼ੁਰੂ ਕਰਵਾਇਆ ਗਿਆ ਹੈ, ਇਸ ਵਿੱਚ ਪਹਿਲੀ ਸੜਕ ਝੰਬੋਂ ਤੋਂ ਝੰਬੋ ਡੇਰਾ ਤੱਕ ਹੈ, ਜੋ ਕਿ ਕਰੀਬ ਇੱਕ ਕਿਲੋਮੀਟਰ ਲੰਬੀ ਹੈ।ਇਸ ਦੀ ਮੁਰੰਮਤ 'ਤੇ ਲਗਭਗ 26.21 ਲੱਖ ਰੁਪਏ ਲਾਗਤ ਆਵੇਗੀ।ਦੂਜੀ ਸੜਕ ਕਲਿਆਣ ਤੋਂ ਝੰਬੋ ਸਮਾਧਾਂ ਤੱਕ ਹੈ।ਇਹ ਕਰੀਬ ਪੌਣਾ ਕਿਲੋਮੀਟਰ ਲੰਬੀ ਹੈ, ਜਿਸ ਦੀ ਮੁਰੰਮਤ ਤੇ 23.27 ਲੱਖ ਰੁਪਏ ਖਰਚ ਹੋਵਗਾ।ਤੀਜੀ ਸੜਕ ਕਲਿਆਣ ਪੂਰਬੀ ਝੁੱਗੀਆਂ ਰੋਡ ਤੋਂ ਝੰਬੋ ਸਮਾਧਾਂ ਤੱਕ ਜਾਣ ਵਾਲੀ ਸੜਕ ਹੈ।ਇਹ 1.45 ਕਿਲੋਮੀਟਰ ਲੰਬੀ ਸੜਕ ਦੀ 39.64 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ।ਇਸ ਮੌਕੇ ਇਲਾਕੇ ਦੀਆਂ ਸੜਕਾਂ ਦੀ ਖ਼ਸਤਾ ਹਾਲਤ ਸੁਧਾਰਨ ਤੇ ਵਿਕਾਸ ਕਾਰਜ ਸ਼ੁਰੂ ਕਰਵਾਉਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਮੂਹ ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਵੱਲੋਂ ਪੰਜਾਬ ਸਰਕਾਰ ਤੇ ਹਰਚੰਦ ਸਿੰਘ ਬਰਸਟ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ



**ਨਾਭਾ (ਅਮਨ ਗਰਗ)**-ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਪ੍ਰਧਾਨ ਓਮ ਪ੍ਰਕਾਸ਼ ਗਰਗ, ਜਨਰਲ ਸਕੱਤਰ ਵਿਕਾਸ ਮਿੱਤਲ ਅਗਵਾਈ ਹੇਠ ਅਨੀਮੀਆ ਮੁਕਤ ਭਾਰਤ ਦੇ ਤਹਿਤ ਸਰਕਾਰੀ ਆਈ ਟੀ ਆਈ ਲੜਕੀਆਂ ਵਿਖੇ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕਰਵਾਈ ਗਈ।ਇਸ ਮੌਕੇ ਡਾਕਟਰ ਕੰਗਜ਼ ਲੈਬ ਵੱਲੋਂ 132 ਦੇ ਕਰੀਬ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕੀਤੀ ਗਈ।ਉਪਰੰਤ ਓਮ ਪ੍ਰਕਾਸ਼ ਗਰਗ ਤੇ ਵਿਕਾਸ ਮਿੱਤਲ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਆਪਣੀ ਸਿਹਤ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਮੇਂ ਸਮੇਂ ਅਨੁਸਾਰ ਬਲੱਡ ਟੈਸਟ ਜ਼ਰੂਰ ਕਰਵਾਉਣੇ ਚਾਹੀਦੇ ਹਨ।ਸਕੂਲ ਸਿਰਫ ਸਿੱਖਿਆ ਦਾ ਹੀ ਕੇਂਦਰ ਨਹੀਂ ਹਨ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮਜ਼ਬੂਤ ਪਲੇਟਫਾਰਮ ਹਨ।ਜੇ ਅਸੀਂ ਵਿਦਿਆਰਥੀਆਂ ਦੀ ਸਿਹਤ ਤੇ ਸੁਰੱਖਿਆ ਨੂੰ ਪਹਿਲ ਨਹੀਂ ਦਿੰਦੇ ਤਾਂ ਅਸੀਂ ਉਨ੍ਹਾਂ ਦੇ ਉੱਜਵਲ ਭਵਿੱਖ ਨਾਲ ਇਨਸਾਫ ਨਹੀਂ ਕਰ ਸਕਦੇ।ਭਾਵੇਂ ਉਹ ਅਨੀਮੀਆ ਮੁਕਤ ਭਾਰਤ ਮੁਹਿੰਮ ਹੋਵੇ ਜਾਂ ਸੁਰੱਖਿਅਤ ਸਕੂਲ ਨੀਤੀ, ਇਹ ਦੋਵੇਂ ਮਿਸ਼ਨ ਉਦੋਂ ਹੀ ਸਫਲ ਹੋਣਗੇ, ਜਦੋਂ ਹਰ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਏਗਾ।ਉਨ੍ਹਾਂ ਕਿਹਾ ਕਿ ਅੱਜ ਵਿੱਚ ਅਨੀਮੀਆ ਮੁਕਤ ਭਾਰਤ ਮੁਹਿੰਮ ਤੇ ਸੁਰੱਖਿਅਤ ਸਕੂਲ ਨੀਤੀ 'ਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਤੇ ਉਨ੍ਹਾਂ ਦਾ ਹੀਮੋਗਲੋਬਿਨ ਦੀ ਜਾਂਚ ਕੀਤੀ ਗਈ ਹੈ।ਇਸ ਮੌਕੇ ਸਰਕਾਰੀ ਆਈ ਟੀ ਆਈ (ਲੜਕੀਆਂ) ਦੇ ਹੈੱਡ ਮਾਸਟਰ ਅਵਤਾਰ ਸਿੰਘ, ਸੰਜੇ ਚਿੰਗਰਾ, ਸੁਪਰਡੈਂਟ ਚਮਕੌਰ ਸਿੰਘ, ਹਰ ਸਿਮਰਨ ਕੌਰ, ਲਖਵੀਰ ਕੌਰ, ਅਮਰੀਕ ਸਿੰਘ, ਜਸਵੀਰ ਕੌਰ, ਮਮਤਾ, ਆਰਤੀ, ਮਨਦੀਪ ਕੌਰ ਆਦਿ ਹਾਜ਼ਰ ਸਨ।

## ਚਾਵਲਾ ਮਾਮਲੇ 'ਚ 4 ਮੈਂਬਰੀ ਜਾਂਚ ਕਮੇਟੀ ਦਾ ਗਠਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਚਰਚਾ ਦਾ ਵਿਸ਼ਾ ਬਣੀ ਹੋਈ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਘਟਨਾ ਦੀ ਗੰਭੀਰਤਾ ਨਾਲ ਜਾਂਚ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ 'ਤੇ ਅਧਾਰਤ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਜਾਂਚ ਕਮੇਟੀ ਵਿਚ ਬਲਦੇਵ ਸਿੰਘ ਕਾਇਮਪੁਰੀ, ਗੁਰਮੀਤ ਸਿੰਘ ਬੂਹ, ਬੀਬੀ ਗੁਰਿੰਦਰ ਕੌਰ ਭੋਲੂਵਾਲ ਤੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਸ਼ਾਮਲ ਕੀਤੇ ਗਏ ਹਨ, ਜਦਕਿ ਸ਼੍ਰੋਮਣੀ ਕਮੇਟੀ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਕਮੇਟੀ ਦੇ ਕੋਆਰਡੀਨੇਟਰ ਹੋਣਗੇ। ਧਾਮੀ ਨੇ ਕਿਹਾ ਕਿ ਜੋ ਵੀ ਸਵਾਲ ਸਿੱਖ ਸੰਗਤ ਵੱਲੋਂ ਚੁੱਕੇ ਜਾ ਰਹੇ ਹਨ, ਉਨ੍ਹਾਂ ਦੇ ਜਵਾਬ ਉਹ ਤੱਥਾਂ ਸਹਿਤ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਦੇਣਗੇ ਤੇ ਇਹ ਕਮੇਟੀ 15 ਦਿਨਾਂ ਅੰਦਰ ਆਪਣੀ ਰਿਪੋਰਟ ਦੇਵੇਗੀ। ਉਨ੍ਹਾ ਸਪੱਸ਼ਟ ਕੀਤਾ ਕਿ ਪਰਚਾ ਦਰਜ ਕਰਵਾਉਣ ਵਾਲੀ ਬੀਬੀ ਉਨ੍ਹਾ ਨੂੰ ਮਿਲੀ ਜ਼ਰੂਰ ਸੀ, ਪਰ ਉਸ ਨੇ ਉਨ੍ਹਾ ਨਾਲ ਅਮਰਜੀਤ ਸਿੰਘ ਚਾਵਲਾ ਵੱਲੋਂ ਜਬਰ-ਜ਼ਨਾਹ ਬਾਰੇ ਕੋਈ ਗੱਲ ਨਹੀਂ ਕੀਤੀ।

## ਸਰਕਾਰੀ ਸਕੂਲ ਰਾਮਗੜ੍ਹ ਦੇ ਵਿਦਿਆਰਥੀ ਨੇ ਸਟੇਟ ਗੋਲਡ ਮੈਡਲ ਜਿੱਤਿਆ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਈਆਂ ਗਈਆਂ 70ਵੀਆਂ ਸਕੂਲ ਖੇਡਾਂ-2026 ਅੰਮ੍ਰਿਤਸਰ ਵਿਖੇ ਹੋਈਆਂ।ਇਨ੍ਹਾਂ ਖੇਡਾਂ ਦੌਰਾਨ ਸਰਕਾਰੀ ਹਾਈ ਸਕੂਲ ਰਾਮਗੜ੍ਹ ਦੇ ਵਿਦਿਆਰਥੀ ਅਰਮਾਨਜੋਤ ਸਿੰਘ ਨੇ ਅੰਡਰ-14 ਦੇ 35 ਕਿਲੋਗ੍ਰਾਮ ਵਰਗ ਦੇ ਫਰੀ ਸਟਾਈਲ ਕੁਸ਼ਤੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਟੇਟ ਪੱਧਰ 'ਤੇ ਗੋਲਡ ਮੈਡਲ ਜਿੱਤ ਕੇ ਸਕੂਲ, ਮਾਪਿਆਂ ਤੇ ਪਿੰਡ ਦਾ ਨਾਮ ਰੌਸ਼ਨ ਕੀਤਾ।ਗੋਲਡ ਮੈਡਲ ਜਿੱਤਣ ਤੋਂ ਬਾਅਦ ਸਕੂਲ ਪਹੁੰਚਣ 'ਤੇ ਅਰਮਾਨਜੋਤ ਸਿੰਘ ਦਾ ਸਕੂਲ ਸਟਾਫ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਮਨਜਿੰਦਰ ਕੌਰ ਨੇ ਵਿਦਿਆਰਥੀ ਨੂੰ ਵਧਾਈ ਦਿੰਦਿਆਂ ਉਸ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਅੰਮ੍ਰਿਤਪਾਲ ਕੌਰ, ਹਰਪ੍ਰੀਤ ਕੌਰ, ਹਰਮਨਪ੍ਰੀਤ ਸਿੰਘ, ਬਲਜੀਤ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਸਿਮਰਜੀਤ ਕੌਰ, ਮੈਂਬਰ ਅੰਗਰੇਜ ਸਿੰਘ, ਰਜਿੰਦਰ ਸਿੰਘ, ਜੀਵਿੰਦਰ ਸਿੰਘ, ਰਣਜੀਤ ਸਿੰਘ, ਬਲਵੀਰ ਸਿੰਘ, ਸਰਬਜੀਤ ਕੌਰ, ਗੁਰਮੀਤ ਕੌਰ, ਹਰਜੀਤ ਕੌਰ, ਜੋਤੀ, ਅਮਰਜੀਤ ਕੌਰ ਅਤੇ ਮਿਡ-ਡੇ-ਮੀਲ ਵਰਕਰ ਜਸਵੀਰ ਕੌਰ ਤੇ ਜਸਕਰਨ ਕੌਰ ਸਮੇਤ ਹੋਰ ਹਾਜ਼ਰ ਸਨ।

# ਸਫਾ 1 ਦੇ ਬਾਕੀ...

### ਚੰਦ ਫਤਿਹਪੁਰੀ ਧਰਤ...

ਅਰਪਿਤ ਕੀਤੀ ਗਈ। ਇਹ ਰਸਮ ਫਾਊਂਡੇਸ਼ਨ ਦੇ ਪ੍ਰਧਾਨ ਕਾਮਰੇਡ ਰਸ਼ਪਾਲ ਸਿੰਘ ਬੜਾ ਪਿੰਡ, ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀਨੀਅਰ ਟਰੱਸਟੀ ਤੇ 'ਨਵਾਂ ਜ਼ਮਾਨਾ' ਦੇ ਸਾਬਕਾ ਸੰਪਾਦਕ ਜਤਿੰਦਰ ਪਨੂੰ, ਕਾਮਰੇਡ ਨਿਰਮਲ ਸਿੰਘ ਧਾਲੀਵਾਲ, (ਸਕੱਤਰ ਸੀ ਪੀ ਆਈ), ਕਾਮਰੇਡ ਬੰਤ ਸਿੰਘ ਬਰਾੜ (ਕੌਮੀ ਸਕੱਤਰ ਸੀ ਪੀ ਆਈ), ਕਾਮਰੇਡ ਹਰਦੇਵ ਸਿੰਘ ਅਰਸ਼ੀ (ਸਾਬਕਾ ਵਿਧਾਇਕ ਤੇ ਮੈਂਬਰ ਕੇਂਦਰੀ ਕੰਟਰੋਲ ਕਮਿਸ਼ਨ ਸੀ ਪੀ ਆਈ), ਕਾਮਰੇਡ ਗੁਰਮੀਤ (ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ), ਕਾਮਰੇਡ ਹਰਭਜਨ ਸਿੰਘ ਅੰਮ੍ਰਿਤਸਰ, ਨਰਿੰਦਰ ਕੌਰ ਸੋਹਲ (ਜਨਰਲ ਸਕੱਤਰ ਪੰਜਾਬ ਇਸਤਰੀ ਸਭਾ), ਐਡਵੋਕੇਟ ਰਜਿੰਦਰ ਸਿੰਘ ਰਾਣਾ ਤੇ ਗਿਆਨ ਸਿੰਘ ਨੇ ਨਿਭਾਈ। ਇਸ ਰਸਮ ਦੌਰਾਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਕਾਮਰੇਡ ਚਰੰਜੀ ਲਾਲ, ਸੀ ਪੀ ਆਈ ਕੰਟਰੋਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਕਾਮਰੇਡ ਰਮੇਸ਼ ਰਤਨ ਤੇ ਪਲਸ ਮੰਚ ਦੇ ਪ੍ਰਧਾਨ ਕਾਮਰੇਡ ਅਮੋਲਕ ਸਿੰਘ, ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਪ੍ਰਗਟ ਸਿੰਘ ਜਾਮਾਰਾਏ ਵੀ ਸ਼ਾਮਲ ਸਨ। 'ਨਵਾਂ ਜ਼ਮਾਨਾ' ਦੇ ਸਟਾਫ਼ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਆਪਣੇ ਮਹਿਬੂਬ ਸੰਪਾਦਕ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਗਈ। ਸਟਾਫ਼ ਵਿੱਚ ਵਰਿੰਦਰ ਕੁਮਾਰ, ਆਨੰਦ ਸਿੰਘ, ਸੁਖਵਿੰਦਰ ਕੌਰ, ਭੁਪਿੰਦਰ ਸਿੰਘ, ਸਾਗਰ ਖਡਕਾ, ਕ੍ਰਿਸ਼ਨਾ ਪਾਠਕ, ਰੇਸ਼ਮ ਸਿੰਘ, ਰੋਸ਼ਨ ਲਾਲ, ਕਮਲਜੀਤ ਥਾਬਲਕੇ, ਅਨੋਖ ਸਿੰਘ, ਰਾਜ ਕੁਮਾਰ, ਸੁਖਬੀਰ ਸਿੰਘ, ਗੁਰਨਾਮ ਸਿੰਘ, ਕਿਰਨ ਬਾਲਾ, ਬਲਜੀਤ ਮੰਨਣ, ਕਪਿਲ ਦੇਵ, ਮਨਜਿੰਦਰ ਸਿੰਘ, ਮਨਜੀਤ ਸਿੰਘ, ਸੁਨੀਲ ਕੁਮਾਰ, ਇੰਦਰਜੀਤ, ਤਿਲਕ ਰਾਜ, ਮਦਨ ਲਾਲ ਤੇ ਮੁੰਨਾ ਤਿਵਾੜੀ ਸ਼ਾਮਲ ਸਨ। 'ਅਜੀਤ' ਪ੍ਰਕਾਸ਼ਨ ਸਮੂਹ ਵੱਲੋਂ ਸਤਨਾਮ ਸਿੰਘ ਮਾਣਕ ਤੇ ਪਰਮਜੀਤ ਸਿੰਘ ਵਿਰਕ ਵੱਲੋਂ ਦੁਸ਼ਾਲਾ ਅਰਪਿਤ ਕੀਤਾ ਗਿਆ। ਸੀ ਪੀ ਆਈ ਦੇ ਸੂਬਾ ਸਕੱਤਰੇਤ ਵੱਲੋਂ ਆਪਣੇ ਸਾਥੀ ਰਹੇ ਚੰਦ ਫਤਿਹਪੁਰੀ ਦੀ ਦੇਹ 'ਤੇ ਲਾਲ ਝੰਡਾ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਕੁਲ ਹਿੰਦ ਕਿਸਾਨ ਸਭਾ ਵੱਲੋਂ ਕਿਸਾਨੀ ਦਾ ਝੰਡਾ ਪਾ ਕੇ ਵਿਛੜੇ ਸਾਥੀ ਨੂੰ ਸਲੂਟ ਕੀਤਾ ਗਿਆ। ਝੰਡਾ ਪਾਉਣ ਵੇਲੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ ਤੇ ਚਮਕੌਰ ਸਿੰਘ ਲੁਧਿਆਣਾ ਆਦਿ ਸ਼ਾਮਲ ਸਨ। ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਫੁੱਲਾਂ ਦਾ ਹਾਰ ਅਰਪਿਤ ਕੀਤਾ। ਪੰਜਾਬ ਇਸਤਰੀ ਸਭਾ ਦੇ ਪ੍ਰਧਾਨ ਰਜਿੰਦਰਪਾਲ ਕੌਰ ਨੇ ਵੀ ਦੇਹ 'ਤੇ ਹਾਰ ਪਾਇਆ। ਪੰਜਾਬ ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ, 'ਨਵਾਂ ਜ਼ਮਾਨਾ' ਦੇ ਸਾਬਕਾ ਸਾਹਿਤ ਸੰਪਾਦਕ ਬਲਬੀਰ ਪਰਵਾਨਾ, ਉੱਘੇ ਕਹਾਣੀਕਾਰ ਭਗਵੰਤ ਰਸੂਲਪੁਰੀ, ਪ੍ਰਸਿੱਧ ਖੇਡ ਪ੍ਰਮੋਟਰ ਹਰਬੰਸ ਸਿੰਘ ਚੰਦੀ, ਇੰਡੀਅਨ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਸਿੰਘ ਜੰਮੂ, ਸੀ ਪੀ ਆਈ ਕੰਟਰੋਲ ਕਮਿਸ਼ਨ ਪੰਜਾਬ ਦੇ ਚੇਅਰਮੈਨ ਸੁਖਚੈਨ ਸਿੰਘ ਝਬਾਲ, ਪ੍ਰਿੰਸੀਪਲ ਨਵਜੋਤ ਕੌਰ, ਕਾਮਰੇਡ ਮਹਿੰਦਰ ਘੋੜਬਾਹੀ, ਸ਼ਾਇਰ ਜਗੀਰ ਜੋਸਨ ਆਦਿ ਨੇ ਵੀ ਫਤਿਹਪੁਰੀ ਦੀ ਦੇਹ 'ਤੇ ਫੁੱਲ ਮਾਲਵਾਂ ਅਰਪਿਤ ਕੀਤੀਆਂ। ਪ ਸ ਸ ਫ ਦੇ ਆਗੂ ਤੀਰਥ ਸਿੰਘ ਬਾਸੀ, ਸੀਨੀਅਰ ਪੱਤਰਕਾਰ ਓਮ ਪ੍ਰਕਾਸ਼ ਖੇਮਕਰਨੀ, ਤਰਕਸ਼ੀਲ ਸੁਸਾਇਟੀ (ਰਜਿ.) ਪੰਜਾਬ ਦੀ ਸੂਬਾ ਕਮੇਟੀ ਵੱਲੋਂ ਸੁਮੀਤ ਸਿੰਘ ਅੰਮ੍ਰਿਤਸਰ ਤੇ ਸੁਖਵਿੰਦਰ ਬਾਗਪੁਰ ਨੇ ਵੀ ਫੁੱਲਾਂ ਦੇ ਹਾਰ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਚੰਦ ਫਤਿਹਪੁਰੀ ਦੇ ਅੰਤਮ ਸੰਸਕਾਰ ਮੌਕੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਲਾਭ ਸਿੰਘ ਸਿੱਧੂ, ਪ੍ਰੈੱਸ ਕਲੱਬ ਬਠਿੰਡਾ ਦੇ ਪ੍ਰਧਾਨ ਬਖਤੌਰ ਸਿੰਘ ਢਿੱਲੋਂ, 'ਅੱਜ ਦੀ ਆਵਾਜ਼' ਦੇ ਮੈਨੇਜਰ ਮਲਕੀਅਤ ਸਿੰਘ ਬਰਾੜ, ਪੱਤਰਕਾਰ ਨਰਿੰਦਰ ਸੋਨੀਆ, ਪਰਵਿੰਦਰ ਜੀਤ ਸਿੰਘ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਤੇ ਲੇਖਕ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰੈੱਸ ਸਕੱਤਰ ਕਾਮਰੇਡ ਬਲਦੇਵ ਸਿੰਘ ਨੂਰਪੁਰੀ, ਸੇਵਾ-ਮੁਕਤ ਪ੍ਰਿੰਸੀਪਲ ਵਿਜੇ ਕੁਮਾਰ, ਕਾਮਰੇਡ ਮਹਿੰਦਰ ਪਾਲ ਮੁਹਾਲੀ, ਪ੍ਰੋ. ਮਨਜੀਤ ਸਿੰਘ ਅਣਖੀ, ਪ੍ਰੋ. ਲਖਵੀਰ ਸਿੰਘ, ਅਸ਼ੋਕ ਕੁਮਾਰ, ਸੀਨੀਅਰ ਪੱਤਰਕਾਰ ਇਕਬਾਲ ਸਿੰਘ ਖਹਿਰਾ, ਇਕਬਾਲ ਸਿੰਘ ਉੱਭੀ, ਜਤਿੰਦਰ ਪੰਮੀ, ਪਰਸਨ ਲਾਲ ਭੋਲਾ, ਪੱਤਰਕਾਰ ਲਖਵਿੰਦਰ ਆਧੀ, ਜਸਵੀਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਸ਼ਪਾਲ ਸਿੰਘ, ਸਾਬਕਾ ਸਰਪੰਚ ਫੌਜਾ ਸਿੰਘ, ਸਮਾਜਕ ਇਨਸਾਫ਼ ਕੌਂਸਲ ਪੰਜਾਬ ਦੇ ਕੋਆਰਡੀਨੇਟਰ ਰਮੇਸ਼ ਚੋਹਕਾ, ਸੁਖਦੇਵ ਸਿੰਘ ਧੰਜੂ ਸ਼ਾਹਕੋਟ, ਅਜੈਬ ਸਿੰਘ ਸ਼ਾਹਕੋਟ ਆਦਿ ਸ਼ਾਮਲ ਸਨ। ਰਿਟਾਇਰਡ ਭਲਾਈ ਅਫਸਰ ਨਰਿੰਦਰ ਸਿੰਘ ਆਹੂਜਾ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਜਤਿੰਦਰ ਪਨੂੰ ਨੂੰ ਭੇਜੇ ਸ਼ੋਕ ਸੁਨੇਹੇ ਵਿੱਚ ਸਾਰੀ ਉਮਰ ਪਾਰਟੀ ਦੇ ਲੇਖੇ ਲਾਉਣ ਵਾਲੇ ਕਾਮਰੇਡ ਚੰਦ ਫਤਿਹਪੁਰੀ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਇਹ ਜਨਤਾ ਦੀ ਆਵਾਜ਼ ਵਜੋਂ ਜਾਣੇ ਜਾਂਦੇ 'ਨਵਾਂ ਜ਼ਮਾਨਾ' ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਕੈਨੇਡਾ ਤੋਂ ਚੰਦ ਫਤਿਹਪੁਰੀ ਦੇ ਮਿੱਤਰ ਹਰਬਿਲਾਸ ਬਾਸੀ ਵੱਲੋਂ ਗੁਰਮੀਤ ਨੂੰ ਭੇਜੇ ਸ਼ੋਕ ਸੁਨੇਹੇ ਵਿੱਚ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਚੰਦ ਫਤਿਹਪੁਰੀ ਨੂੰ ਖੂਬਸੂਰਤ ਇਨਸਾਨ ਦੱਸਿਆ।

### 25-26 ਨੂੰ ਪੀ ਏ ਯੂ ...

ਹਿੱਸਿਆਂ 'ਚ ਇਹ ਸ਼ੋਅ ਹੋਏ ਹਨ। ਬਾਲੀ ਨੇ ਦੱਸਿਆ ਕਿ ਲੋਕ ਆਪਣੇ-ਆਪਣੇ ਹਲਕੇ ਦੇ ਐੱਮ ਐੱਲ ਏ, ਜ਼ਿਲ੍ਹਾ ਪ੍ਰਧਾਨ, ਟ੍ਰੇਡਰਜ਼ ਕਮਿਸ਼ਨ ਦੇ ਅਹੁਦੇਦਾਰ, ਸਨਾਤਨ ਸੇਵਾ ਸੰਮਤੀ ਦੇ ਅਹੁਦੇਦਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਬੁੱਕ ਮਾਈ ਸ਼ੋਅ ਤੋਂ ਵੀ ਪਾਸ ਲੈ ਸਕਦੇ ਹਨ।ਇਸ ਮੌਕੇ ਐੱਮ ਐੱਲ ਏ ਚੌਧਰੀ ਮਦਨ ਲਾਲ ਬੱਗਾ, ਐੱਮ ਐੱਲ ਏ. ਪੱਪੀ ਪਰਾਸ਼ਰ, ਡੀ ਸੀ , ਏ ਡੀ ਸੀ ਅਤੇ ਹੋਰ ਅਫ਼ਸਰ ਵੀ ਮੌਜੂਦ ਸਨ।

### ਕੁੱਲ ਹਿੰਦ ਕਿਸਾਨ ਮਹਾਂ...

ਵੀ ਨਿਯੁਕਤ ਕੀਤਾ ਗਿਆ।

ਅਹੁਦਾ ਛੱਡ ਰਹੇ ਕੌਮੀ ਪ੍ਰਧਾਨ ਰੁਲਦੂ ਸਿੰਘ ਮਾਨਸਾ ਸਖ਼ਤ ਬਿਮਾਰ ਹੋਣ ਕਾਰਨ ਕਾਨਫਰੰਸ ਵਿੱਚ ਪੂਰਾ ਸਮਾਂ ਹਾਜ਼ਰ ਨਹੀਂ ਰਹਿ ਸਕੇ, ਪਿਛਲੇ ਜਨਰਲ ਸਕੱਤਰ ਤੇ ਲੋਕ ਸਭਾ ਦੇ ਮੈਂਬਰ ਰਾਜਾ ਰਾਮ ਸਿੰਘ ਨੇ ਆਪਣੇ ਸਮਾਪਨ ਭਾਸ਼ਣ ਦੌਰਾਨ ਭਾਰਤੀ ਹਾਕਮ ਵਰਗਾਂ ਦੇ ਅੱਜ ਤੱਕ ਦੇ ਸਭ ਤੋਂ ਵਫਾਦਾਰ ਚਾਕਰ ਨਰਿੰਦਰ ਮੋਦੀ ਵੱਲੋਂ ਸਾਮਰਾਜੀ ਲੋਟੂਆਂ, ਖਾਸ ਕਰਕੇ ਅਮਰੀਕਾ ਨਾਲ ਅਸਾਵੀਆਂ ਸ਼ਰਤਾਂ ਤਹਿਤ ਕੀਤੀਆਂ ਜਾ ਰਹੀਆਂ 'ਕਰ ਮੁਕਤ ਵਪਾਰ ਸੰਧੀਆਂ' ਖਿਲਾਫ਼ ਆਰਪਾਰ ਦਾ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ ਹੈ। ਸਾਥੀ ਸਿੰਘ ਨੇ ਕਿਹਾ ਹੈ ਕਿ ਉਕਤ ਸਮਝੌਤੇ ਰੁਜ਼ਗਾਰ ਦੇ ਸਭ ਤੋਂ ਵੱਡੇ ਸ੍ਰੋਤ ਭਾਰਤ ਦੀ ਖੇਤੀ, ਛੋਟੇ ਤੇ ਦਰਮਿਆਨੇ ਉਦਯੋਗ-ਕਾਰੋਬਾਰ ਅਤੇ ਪ੍ਰਚੂਨ ਵਪਾਰ ਦੀ ਹੋਂਦ ਮਿਟਾ ਦੇਣ ਦਾ ਸੰਦ ਹਨ। ਉਨ੍ਹਾ ਦੇਸ਼ ਵਾਸੀਆਂ ਨੂੰ ਚੌਕਸ ਕਰਦਿਆਂ ਕਿਹਾ ਕਿ ਉਕਤ ਸੰਧੀਆਂ ਭਾਰਤ ਦੀ ਆਜ਼ਾਦ ਹੋਂਦ ਅਤੇ ਖੁਦਮੁਖਤਾਰੀ ਲਈ ਵੀ ਗੰਭੀਰ ਖਤਰਾ ਹਨ। ਉਨ੍ਹਾ ਜ਼ੋਰ ਦਿੰਦਿਆਂ ਕਿਹਾ ਕਿ ਫੈਸਲਾਕੁੰਨ ਜਿੱਤਾਂ ਹਾਸਲ ਕਰਨ ਲਈ ਕਿਸਾਨ ਅੰਦੋਲਨ ਨੂੰ ਦੇਸ਼ ਦੇ ਬਾਕੀ ਮਿਹਨਤਕਸ਼ਾਂ, ਖਾਸ ਕਰਕੇ ਸਨਅਤੀ ਤੇ ਗੈਰ ਸੰਗਠਿਤ ਕਾਮਿਆਂ ਤੇ ਪਿੰਡਾਂ 'ਚ ਵਸਦੇ ਕਿਰਤੀਆਂ ਤੇ ਖੇਤ ਮਜ਼ਦੂਰਾਂ ਨਾਲ ਪੀਢੀ ਸਾਂਝ ਪਾਉਣੀ ਹੋਵੇਗੀ। ਇਸ ਮਕਸਦ ਲਈ ਹਰ ਰੰਗ ਦੇ ਫੁੱਟ ਪਾਊਆਂ, ਵਿਸ਼ੇਸ਼ ਕਰਕੇ ਆਰ ਐੱਸ ਐਸ ਦੀ ਅਗਵਾਈ ਵਾਲੇ ਫਿਰਕੂ-ਫਾਸ਼ੀ-ਮੰਨੂਵਾਦੀ ਟੋਲਿਆਂ ਦੀ ਤਬਾਹਕੁੰਨ ਵਿਚਾਰਧਾਰਾ ਖਿਲਾਫ ਸਾਨੂੰ ਘਰ-ਘਰ ਅਲਖ ਜਗਾਉਣੀ ਹੋਵੇਗੀ। ਉਨ੍ਹਾ ਚਿਤਾਵਨੀ ਦਿੰਦਿਆਂ ਕਿਹਾ ਕਿ ਦੇਸ਼ ਦੀ ਵਿਸ਼ਾਲ ਬਹੁ-ਗਿਣਤੀ ਵਸੋਂ ਨੂੰ ਕੰਗਾਲ ਕਰਕੇ ਮੁੱਠੀ-ਭਰ ਧਨਾਢਾਂ ਦੇ ਹਿੱਤ ਪੂਰਨ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਖਿਲਾਫ ਯੁੱਧ ਪ੍ਰਚੰਡ ਕੀਤੇ ਬਗੈਰ ਕਿਸਾਨ ਲਹਿਰ ਆਪਣੇ ਮਿਥੇ ਟੀਚੇ ਕਦੀ ਵੀ ਹਾਸਲ ਨਹੀਂ ਕਰ ਸਕੇਗੀ। ਸਾਥੀ ਸਿੰਘ ਨੇ ਕਿਸਾਨ ਲਹਿਰ ਨੂੰ ਲੋਕਾਂ ਦੀ ਹੋਂਦ ਨਾਲ ਜੁੜੇ ਸਿਆਸੀ ਸਵਾਲਾਂ ਤੋਂ ਬੇਮੁੱਖ ਕਰਨ ਵਾਲੇ ਅਖੌਤੀ ਕਿਸਾਨ ਸੰਗਠਨਾਂ ਨੂੰ ਵੀ ਕਰੜੇ ਹੱਥੀਂ ਲਿਆ।

ਨਵੇਂ ਚੁਣੇ ਗਏ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਭਰੋਸਾ ਦਿਵਾਇਆ ਕਿ ਸੰਮੇਲਨ ਦੌਰਾਨ ਉਭਰ ਕੇ ਆਈ ਭਾਵਨਾ ਦੇ ਅਨੁਰੂਪ ਸੰਗਠਨ ਦੇ ਦੇਸ਼ ਭਰ 'ਚ ਪਸਾਰ ਅਤੇ ਮਜ਼ਬੂਤੀ ਲਈ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ। ਪ੍ਰਸ਼ੋਤਮ ਸ਼ਰਮਾ ਨੇ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਲਈ ਇਸਤਰੀਆਂ ਅਤੇ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਣ ਲਈ ਠੋਸ ਯੋਜਨਾਬੰਦੀ ਉਲੀਕੀ ਜਾਵੇਗੀ। ਜ਼ੋਰਦਾਰ, ਆਕਾਸ਼ ਗੁੰਜਾਊ ਨਾਅਰਿਆਂ ਦੀ ਗੂੰਜ ਦਰਮਿਆਨ ਪ੍ਰਧਾਨਗੀ ਮੰਡਲ ਵੱਲੋਂ ਪੰਜਵੀਂ ਕੌਮੀ ਕਾਨਫਰੰਸ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।

# ਸਥਾਨਕ ਸੰਸਥਾਵਾਂ ਲਈ ਮਜ਼ਬੂਤ ਵਿੱਤੀ ਢਾਂਚਾ ਜ਼ਰੂਰੀ : ਭਗਵੰਤ ਮਾਨ



**ਚੰਡੀਗੜ੍ਹ (ਨ ਜ਼ ਸ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਸ਼ਹਿਰੀ ਅਤੇ ਪੇਂਡੂ ਸਥਾਨਕ ਸੰਸਥਾਵਾਂ ਲਈ ਮਜ਼ਬੂਤ ਵਿੱਤੀ ਢਾਂਚੇ ਦੀ ਵਕਾਲਤ ਕੀਤੀ। ਉਨ੍ਹਾਂ ਵਿੱਤੀ ਸਥਿਰਤਾ ਅਤੇ ਜ਼ਮੀਨੀ ਪੱਧਰ ਉੱਤੇ ਪ੍ਰਭਾਵਸ਼ਾਲੀ ਸ਼ਾਸਨ ਯਕੀਨੀ ਬਣਾਉਣ ਲਈ ਸੂਬਿਆਂ ਵਾਸਤੇ ਅਨੁਸ਼ਾਸਤ ਵਿੱਤੀ ਰਾਹ ਅਤੇ ਟਿਕਾਊ ਵਿੱਤੀ ਸੰਸਥਾਵਾਂ ਦੀ ਲੋੜ 'ਤੇ ਜ਼ੋਰ ਦਿੱਤਾ।ਨਵੇਂ ਬਣੇ ਸੱਤਵੇਂ ਪੰਜਾਬ ਵਿੱਤ ਕਮਿਸ਼ਨ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾਰ ਕਿ ਕਮਿਸ਼ਨ ਦਾ ਗਠਨ ਪੰਚਾਇਤਾਂ/ਨਗਰ ਪਾਲਿਕਾਵਾਂ ਅਤੇ ਰਾਜ ਵਿਚਕਾਰ ਟੈਕਸਾਂ, ਡਿਊਟੀਆਂ, ਰੋਡ ਟੈਕਸ ਅਤੇ ਹੋਰਾਂ ਦੀ ਵੰਡ ਲਈ ਵਿਸ਼ੇਸ਼ ਸਿਫ਼ਾਰਸ਼ਾਂ ਕਰਨ ਤੋਂ ਇਲਾਵਾ ਇਨ੍ਹਾਂ ਨਾਗਰਿਕ ਸੰਸਥਾਵਾਂ ਦੀ ਵਿੱਤੀ ਸਥਿਤੀ ਸੁਧਾਰਨ ਲਈ ਹੋਰ ਸਿਫ਼ਾਰਸ਼ਾਂ ਕਰਨ ਲਈ ਕੀਤਾ ਗਿਆ ਹੈ।ਮੁੱਖ ਮੰਤਰੀ ਨੇ ਕਿਹਾ ਕਿ ਕਮਿਸ਼ਨ ਪੰਚਾਇਤੀ ਰਾਜ ਸੰਸਥਾਵਾਂ ਅਤੇ ਨਗਰਪਾਲਿਕਾਵਾਂ ਨੂੰ ਵਿੱਤੀ ਵਿਕੇਂਦਰੀਕਰਨ ਯਕੀਨੀ ਬਣਾਉਣ ਲਈ ਸੰਵਿਧਾਨਕ ਜ਼ਰੀਆ ਹੈ। ਇਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ 73ਵੀਂ ਸੰਵਿਧਾਨਕ ਸੋਧ ਤਹਿਤ ਬਣਾਈਆਂ ਗਈਆਂ ਜ਼ਮੀਨੀ ਪੱਧਰ ਦੀਆਂ ਸੰਸਥਾਵਾਂ ਕੋਲ ਆਪਣੀਆਂ ਜ਼ਿੰਮੇਵਾਰੀਆਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਵਿੱਤੀ ਸਮਰੱਥਾ ਹੋਵੇ। ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾਈ ਵਿੱਤ ਕਮਿਸ਼ਨ ਕੋਲ ਪੰਚਾਇਤੀ ਰਾਜ ਸੰਸਥਾਵਾਂ ਅਤੇ ਨਗਰਪਾਲਿਕਾਵਾਂ ਦੀ ਵਿੱਤੀ ਸਥਿਤੀ ਦੀ ਜਾਂਚ ਕਰਨ ਅਤੇ ਸਥਾਨਕ ਸਰਕਾਰਾਂ ਦੀਆਂ ਵਿੱਤੀ ਦੇਣਦਾਰੀਆਂ ਅਤੇ ਵਿੱਤੀ ਸਥਿਰਤਾ ਮਜ਼ਬੂਤ ਕਰਨ ਲਈ ਇੱਕ ਢਾਂਚੇ ਦੀ ਸਿਫ਼ਾਰਸ਼ ਕਰਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਕਮਿਸ਼ਨ ਸਥਾਨਕ ਸੰਸਥਾਵਾਂ ਦੀ ਆਮਦਨ ਸੰਭਾਵਨਾ, ਖ਼ਰਚਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਵਿੱਤੀ ਲੋੜਾਂ ਦਾ ਵਿਆਪਕ ਮੁਲਾਂਕਣ ਕਰੇਗਾ ਅਤੇ ਉਨ੍ਹਾਂ ਦੀ ਵਿੱਤੀ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਕੰਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਦੇ ਯੋਗ ਬਣਾਉਣ ਲਈ ਵਿਹਾਰਕ ਅਤੇ ਭਵਿੱਖਮੁਖੀ ਸਿਫ਼ਾਰਸ਼ਾਂ ਕਰੇਗਾ। ਉਨ੍ਹਾਂ ਕਿਹਾ ਕਿ ਕਮਿਸ਼ਨ ਕੋਲ ਇਹ ਅਧਿਕਾਰ ਹੈ ਕਿ ਉਹ ਸੂਬੇ ਵੱਲੋਂ ਲਗਾਏ ਜਾਣ ਵਾਲੇ ਟੈਕਸਾਂ, ਡਿਊਟੀਆਂ, ਟੋਲ ਅਤੇ ਫੀਸਾਂ ਦੀ ਕੁੱਲ ਪ੍ਰਾਪਤੀ ਦੀ ਸੂਬੇ ਅਤੇ ਪੰਚਾਇਤਾਂ/ਨਗਰਪਾਲਿਕਾਵਾਂ ਵਿਚਕਾਰ ਵੰਡ ਕਰ ਸਕਦਾ ਹੈ । ਕਮਿਸ਼ਨ ਦੇ ਨਵ ਨਿਯੁਕਤ ਚੇਅਰਮੈਨ ਅਤੇ ਮੈਂਬਰਾਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਹੱਤਵਪੂਰਨ ਕਾਰਜ ਲਈ ਕਮਿਸ਼ਨ ਨੂੰ ਪੂਰਾ ਸਹਿਯੋਗ ਅਤੇ ਮਦਦ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕਮਿਸ਼ਨ ਦੀ ਪੰਜ ਸਾਲਾਂ ਦੀ ਮਿਆਦ ਪਹਿਲੀ ਅਪਰੈਲ, 2026 ਤੋਂ ਸ਼ੁਰੂ ਹੋਵੇਗੀ ਅਤੇ ਇਹ 30 ਸਤੰਬਰ, 2027 ਤੱਕ ਆਪਣੀ ਰਿਪੋਰਟ ਦੇਵੇਗਾ। ਇਸ ਮੌਕੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ, ਸਕੱਤਰ ਪੇਂਡੂ ਵਿਕਾਸ, ਸਕੱਤਰ ਸਥਾਨਕ ਸਰਕਾਰਾਂ ਅਤੇ ਹੋਰ ਵੀ ਹਾਜ਼ਰ ਸਨ।

# ਸੁਪਰੀਮ ਕੋਰਟ ਨੇ ਵੰਦੇ ਮਾਤਰਮ ਨਾ ਗਾਉਣ 'ਤੇ ਅਪਰਾਧਿਕ ਕਾਰਵਾਈ ਕਰਨ ਤੋਂ ਵਰਜਿਆ

**ਨਵੀਂ ਦਿੱਲੀ (ਨ ਜ਼ ਸ)**

ਸੁਪਰੀਮ ਕੋਰਟ ਨੇ ਮੰਗਲਵਾਰ ਕਿਹਾ ਕਿ ਜਿਹੜਾ ਵੀ ਵਿਅਕਤੀ ਧਾਰਮਿਕ ਕਾਰਨਾਂ ਕਰਕੇ ਰਾਸ਼ਟਰੀ ਗੀਤ ਵੰਦੇ ਮਾਤਰਮ ਗਾਉਣ ਤੋਂ ਇਨਕਾਰ ਕਰਦਾ ਹੈ, ਉਸ ਨੂੰ ਅਪਰਾਧਿਕ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਉਂਜ ਅਦਾਲਤ ਨੇ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵੀ ਮੋਹਨਾ ਦੀ ਤਿੰਨ ਮੈਂਬਰੀ ਬੈਂਚ ਇਸ ਗੱਲ ਦੀ ਜਾਂਚ ਕਰਨ ਲਈ ਸਹਿਮਤ ਹੋ ਗਈ ਕਿ ਕੀ ਵੰਦੇ ਮਾਤਰਮ ਨਾ ਗਾਉਣਾ ਸਜ਼ਾਯੋਗ ਅਪਰਾਧ ਬਣਾਇਆ ਜਾ ਸਕਦਾ ਹੈ। ਇਸ ਨੇ ਇਹ ਫੈਸਲਾ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਰਾਸ਼ਟਰੀ ਗੀਤ ਦੋ ਪਉੜੀਆਂ ਤੱਕ ਸੀਮਤ ਰਹੇਗਾ ਜਾਂ ਛੇ। ਕਾਨੂੰਨ ਵੰਦੇ ਮਾਤਰਮ ਪੂਰਾ ਨਾ ਗਾਉਣ ਜਾਂ ਗਾਉਣ ਤੋਂ ਜਾਣਬੁੱਝ ਕੇ ਰੋਕਣ ਨੂੰ ਸਜ਼ਾਯੋਗ ਬਣਾਉਂਦਾ ਹੈ। ਪਟੀਸ਼ਨਰ ਗਾਇਕ ਟੀ ਐੱਮ ਕ੍ਰਿਸ਼ਨਾ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਹੈ ਕਿ ਆਖਰੀ ਚਾਰ ਪੈਰ੍ਹੇ ਹਿੰਦੂ ਦੇਵਤਿਆਂ ਪ੍ਰਤੀ ਸ਼ਰਧਾ ਨੂੰ ਸੱਦਾ ਦਿੰਦੇ ਹਨ। ਇਨ੍ਹਾਂ ਪੈਰ੍ਹਿਆਂ ਨੂੰ ਲਾਜ਼ਮੀ ਬਣਾਉਣਾ ਦੇਸ਼ ਦੇ ਧਰਮ-ਨਿਰਪੱਖ ਸਿਧਾਂਤਾਂ ਦੀ ਉਲੰਘਣਾ ਹੈ।

ਵੰਦੇ ਮਾਤਰਮ ਨੂੰ ਕਾਨੂੰਨ ਦੀ ਜ਼ੱਦ ਵਿੱਚ ਲਿਆਉਣ ਵਾਲਾ ਸੋਧ ਬਿੱਲ 29 ਜੁਲਾਈ ਨੂੰ ਰਾਜ ਸਭਾ ਅਤੇ 30 ਜੁਲਾਈ ਨੂੰ ਲੋਕ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਬਾਅਦ ਵਿੱਚ 6 ਅਗਸਤ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਕਾਨੂੰਨ ਬਣ ਗਿਆ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਵੰਦੇ ਮਾਤਰਮ ਨਾਲ ਸੰਬੰਧਤ ਕਾਨੂੰਨ ਦੀ ਵਿਆਖਿਆ ਕਰਦੇ ਸਮੇਂ 1986 ਦੇ 'ਬਿਜੋ ਇਮੈਨੁਅਲ' ਫੈਸਲੇ ਵਿੱਚ ਦਿੱਤੇ ਗਏ ਸਿਧਾਂਤਾਂ ਨੂੰ ਲਾਗੂ ਕੀਤਾ ਜਾਵੇਗਾ। ਦਰਅਸਲ, 1986 ਦੇ ਬਿਜੋ ਇਮੈਨੁਅਲ ਬਨਾਮ ਕੇਰਲ ਰਾਜ ਦੇ ਮਾਮਲੇ ਵਿੱਚ ਤਿੰਨ ਵਿਦਿਆਰਥੀਆਂ ਨੇ ਧਾਰਮਿਕ ਵਿਸ਼ਵਾਸਾਂ ਦੇ ਕਾਰਨ ਰਾਸ਼ਟਰੀ ਗੀਤ ਨਹੀਂ ਗਾਇਆ, ਭਾਵੇਂ ਉਹ ਗੀਤ ਦੌਰਾਨ ਸਤਿਕਾਰ ਨਾਲ ਖੜ੍ਹੇ ਸਨ। ਸੁਪਰੀਮ ਕੋਰਟ ਨੇ ਉਨ੍ਹਾਂ ਵਿਰੁੱਧ ਕਾਰਵਾਈ ਰੱਦ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਨੂੰ ਸਿਰਫ ਰਾਸ਼ਟਰੀ ਗੀਤ ਨਾ ਗਾਉਣ ਦੇ ਆਧਾਰ 'ਤੇ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਸੁਣਵਾਈ ਦੌਰਾਨ ਸਰਕਾਰੀ ਵਕੀਲ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਅਤੇ ਕ੍ਰਿਸ਼ਨਾ ਦੇ ਵਕੀਲ ਡਾ. ਐੱਸ ਮੁਰਲੀਧਰ ਵਿਚਕਾਰ ਗਰਮਾ-ਗਰਮ ਬਹਿਸ ਹੋਈ। ਸੰਵਿਧਾਨਕ ਫੈਸਲਾ ਲੈਣ ਦੀ ਪ੍ਰਕਿਰਿਆ ਬਾਰੇ ਮੁਰਲੀਧਰ ਦੀ ਦਲੀਲ ਦੇ ਜਵਾਬ ਵਿੱਚ ਮਹਿਤਾ ਨੇ 'ਨਕਸਲਾਈਟ' ਸ਼ਬਦ ਦੀ ਵਰਤੋਂ ਕੀਤੀ। ਮੁਰਲੀਧਰ ਨੇ ਕਿਹਾ ਕਿ ਤੁਸੀਂ ਜੋ ਸ਼ਬਦ ਵਰਤੇ ਹਨ, ਉਹ ਵਾਪਸ ਲਓ। ਇਹ ਕਾਰਵਾਈ ਲਾਈਵ ਚਲਾਈ ਜਾ ਰਹੀ ਹੈ। ਮੈਨੂੰ ਇਸ 'ਤੇ ਸਖਤ ਇਤਰਾਜ਼ ਹੈ। ਮਹਿਤਾ ਨੇ ਕਿਹਾ ਮੈਂ ਕਿਹਾ ਸੀ ਕਿ ਇਹ ਸੰਵਿਧਾਨਕ ਤਰੀਕਾ ਹੈ, ਨਾ ਕਿ ਨਕਸਲੀ ਚਾਹੁੰਦੇ ਹਨ ਅਤੇ ਮੈਨੂੰ ਇਸ ਬਾਰੇ ਕੋਈ ਪਛਤਾਵਾ ਨਹੀਂ। ਮੁਰਲੀਧਰ ਨੇ ਕਿਹਾ ਕਿ ਕਿਸੇ ਚੀਜ਼ ਬਾਰੇ ਸੋਚਣ ਦਾ ਮਤਲਬ ਨਕਸਲੀ ਹੋਣਾ ਨਹੀਂ। ਫਿਰ ਜਸਟਿਸ ਜੋਇਮਲਿਆ ਬਾਗਚੀ ਨੇ ਦਖਲ ਦਿੰਦਿਆਂ ਸੰਵਿਧਾਨਕ ਸੰਸਥਾਵਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਭਾਵੇਂ ਕਿਸੇ ਵਿਅਕਤੀ 'ਤੇ ਅੱਤਵਾਦੀ ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ, ਸੰਵਿਧਾਨ ਅਧੀਨ ਉਸ ਦੇ ਅਧਿਕਾਰ ਬਰਕਰਾਰ ਰਹਿੰਦੇ ਹਨ।

ਸੰਵਿਧਾਨ ਸਭਾ ਨੇ 24 ਜਨਵਰੀ, 1950 ਨੂੰ 'ਵੰਦੇ ਮਾਤਰਮ' ਨੂੰ ਰਾਸ਼ਟਰੀ ਗੀਤ ਐਲਾਨਿਆ ਸੀ। ਲੰਮੇ ਸਮੇਂ ਤੱਕ, ਇਸ ਦੇ ਅਪਮਾਨ ਨੂੰ ਰੋਕਣ ਲਈ ਕੋਈ ਵੱਖਰਾ ਕਾਨੂੰਨ ਨਹੀਂ ਸੀ, ਪਰ 2026 ਦੇ ਮਾਨਸੂਨ ਸੈਸ਼ਨ ਵਿੱਚ ਕੇਂਦਰ ਸਰਕਾਰ ਨੇ 'ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ ਐਕਟ' ਲਾਗੂ ਕੀਤਾ। ਇਸ ਕਾਨੂੰਨ ਦੇ ਤਹਿਤ 'ਵੰਦੇ ਮਾਤਰਮ' ਗਾਉਣ ਤੋਂ ਜਾਣਬੁੱਝ ਕੇ ਰੋਕਣਾ, ਰੋਕਣਾ ਜਾਂ ਜਨਤਕ ਤੌਰ 'ਤੇ ਅਪਮਾਨ ਕਰਨਾ ਇੱਕ ਸਜ਼ਾਯੋਗ ਅਪਰਾਧ ਹੈ। ਇਸ 'ਤੇ ਤਿੰਨ ਸਾਲ ਤੱਕ ਦੀ ਕੈਦ, ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹਨ। ਪਹਿਲੀ ਵਾਰ 15 ਅਗਸਤ ਨੂੰ ਆਜ਼ਾਦੀ ਦਿਵਸ ਦੇ ਜਸ਼ਨਾਂ ਦੌਰਾਨ ਲਾਲ ਕਿਲ੍ਹੇ ਦੀ ਫਸੀਲ ਤੋਂ 'ਵੰਦੇ ਮਾਤਰਮ' ਦੇ ਪੂਰੇ 6 ਪਦ ਗਾਏ ਗਏ। 9 ਜੁਲਾਈ ਨੂੰ ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਕੇਂਦਰੀ ਮੰਤਰਾਲਿਆਂ ਨੂੰ ਰਾਸ਼ਟਰੀ ਗੀਤ 'ਵੰਦੇ ਮਾਤਰਮ' ਅਤੇ ਤਰਾਨਾ 'ਜਨ ਗਣ ਮਨ' ਦੇ ਗਾਉਣ ਅਤੇ ਵਜਾਉਣ ਸੰਬੰਧੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ, ਜਿਸ ਵਿੱਚ ਸਹੀ ਬੋਲ, ਉਚਾਰਨ ਅਤੇ ਨਿਰਧਾਰਤ ਪ੍ਰੋਟੋਕੋਲ ਦੀ ਪਾਲਣਾ ਨੂੰ ਦਰਸਾਇਆ ਗਿਆ ਹੈ।

ਹਦਾਇਤਾਂ ਅਨੁਸਾਰ ਜੇ ਕਿਸੇ ਸਮਾਗਮ ਵਿੱਚ ਵੰਦੇ ਮਾਤਰਮ ਅਤੇ ਜਨ ਗਣ ਮਨ ਦੋਵੇਂ ਗਾਏ ਜਾਂਦੇ ਹਨ ਜਾਂ ਵਜਾਏ ਜਾਂਦੇ ਹਨ, ਤਾਂ ਪਹਿਲਾਂ ਵੰਦੇ ਮਾਤਰਮ ਵਜਾਇਆ ਜਾਵੇਗਾ, ਉਸ ਤੋਂ ਬਾਅਦ ਰਾਸ਼ਟਰੀ ਗੀਤ। ਜੇ ਕਿਸੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦਾ ਆਪਣਾ ਰਾਜ ਗੀਤ ਵੀ ਹੈ ਤਾਂ ਇਸ ਤੋਂ ਪਹਿਲਾਂ ਵੰਦੇ ਮਾਤਰਮ ਅਤੇ ਅੰਤ ਵਿੱਚ ਜਨ ਗਣ ਮਨ ਵਜਾਇਆ ਜਾਵੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ੈਰੀ ਕਲਸੀ ਵੱਲੋਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ 'ਚ ਵਿਦਿਆਰਥੀਆਂ ਨਾਲ ਸੰਵਾਦ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਥਾਨਕ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਖੇ ਵਿਦਿਆਰਥੀਆਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਨੂੰ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਵਲੋਂ ਵਿਦਿਆਰਥੀਆਂ ਵਲੋਂ ਪੁੱਛੇ ਵੱਖ ਵੱਖ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਚੇਅਰਮੈਨ ਸ਼ਸ਼ਪਾਲ ਚੌਹਾਨ, ਕਾਲਜ ਦੇ ਸੈਕਟਰੀ ਡਾ. ਡੈਰਿਕ ਏਂਗਲਜ਼, ਕਾਰਜਕਾਰੀ ਪ੍ਰਿੰਸੀਪਲ ਡਾ. ਜੇ. ਪੀ ਸਿੰਘ, ਨਿਸ਼ਾਨ ਸਿੰਘ ਰੰਧਾਵਾ ਚੇਅਰਮੈਨ, ਬਲਾਕ ਸਮਿਤੀ ਬਟਾਲਾ, ਗਗਨਦੀਪ ਸਿੰਘ ਪੀ. ਏ, ਨਵਦੀਪ ਸਿੰਘ ਐਜੂਕੇਸ਼ਨ ਇੰਚਾਰਜ, ਐਮ ਐਲ ਏ ਆਫ਼ਿਸ, ਸਾਹਿਲ ਪੀ. ਏ. ਡਾ ਅਮਿਤਾ ਕਮੇਟੀ ਮੈਂਬਰ, ਪ੍ਰੋ ਨੀਰਜ ਕੁਮਾਰ ਸ਼ਰਮਾ (ਸਟਾਫ਼ ਸੈਕ੍ਰੇਟਰੀ), ਡਾ. ਰਾਜਨ ਚੌਧਰੀ (ਨੋਡਲ ਅਫਸਰ, ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ), ਪ੍ਰੋ ਗਗਨਦੀਪ ਮੈਕਮੂਲਨ, ਪ੍ਰੋ ਹਰਪ੍ਰਭਜੀਤ ਸਿੰਘ, ਡਾ ਈਸ਼ਾ, ਪ੍ਰੋ. ਅਸ਼ਵਨੀ ਕੁਮਾਰ (ਪ੍ਰੋਗਰਾਮ ਅਫਸਰ ਐਨ ਐਸ ਐਸ), ਮਿ. ਸੈਮਸਨ, ਮਿ. ਰੌਬਿਨ ਕੁਮਾਰ, ਪ੍ਰੋ ਨਰਿੰਦਰ ਸਿੰਘ, ਡਾ. ਲਲਿਤ ਕੁਮਾਰ, ਪ੍ਰੋ ਪਰਮਿੰਦਰਜੀਤ ਕੌਰ, ਪ੍ਰੋ ਅਨੂ, ਡਾ ਅੰਜੂ ਪੁਰੀ, ਪ੍ਰੋ ਰਮਨਦੀਪ ਕੌਰ,ਪ੍ਰੋ ਆਕਾਸ਼ ਗਿੱਲ, ਪ੍ਰੋ ਜਗਦੀਪ ਸਿੰਘ, ਪ੍ਰੋ ਸ਼ਵੇਤਾ, ਪ੍ਰੋ ਸ਼ਰਨਜੀਤ ਸਿੰਘ, ਪ੍ਰੋ ਕਮਲਦੀਪ ਕੌਰ, ਪ੍ਰੋ ਅਲਕਾ, ਡਾ ਰਿਤੂ ਪਾਂਧੀ, ਪ੍ਰੋ ਸਤਿੰਦਰ ਸਿੰਘ, ਪ੍ਰੋ ਜਗਪ੍ਰੀਤ ਸਿੰਘ, ਪ੍ਰੋ ਤੁਸ਼ਾਰ ਬਤਰਾ ਮਿ. ਪ੍ਰਦੀਪ ਕੁਮਾਰ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ੇ ਨਾ ਸਿਰਫ਼ ਵਿਅਕਤੀ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਪਰਵਾਰਾਂ ਅਤੇ ਸਮਾਜ ਨੂੰ ਵੀ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੋਸਤਾਂ ਅਤੇ ਪਰਵਾਰਕ ਮੈਂਬਰਾਂ ਨੂੰ ਵੀ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕ ਕਰਨ ਅਤੇ ਜੇਕਰ ਕਿਸੇ ਨੂੰ ਨਸ਼ੇ ਦੀ ਲਤ ਹੋਵੇ ਤਾਂ ਉਸ ਨੂੰ ਇਲਾਜ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨ। ਵਿਧਾਇਕ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਰਾਜ ਸਰਕਾਰ ਨਸ਼ਿਆਂ ਦੇ ਖ਼ਾਤਮੇ ਲਈ ਵਚਨਬੱਧ ਹੈ ਅਤੇ ਇਸ ਮਕਸਦ ਲਈ ਵੱਖ-ਵੱਖ ਪੱਧਰਾਂ 'ਤੇ ਜਾਗਰੂਕਤਾ ਅਤੇ ਰੋਕਥਾਮ ਸਬੰਧੀ ਕਾਰਜ ਕੀਤੇ ਜਾ ਰਹੇ ਹਨ। ਕਾਲਜ ਪ੍ਰਬੰਧਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਕਾਲਜ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।



# ਮਾਨ ਸਰਕਾਰ ਨੇ ਗਰੰਟੀਆਂ ਪੂਰੀਆਂ ਕਰਨ ਦੇ ਨਾਲ ਪੰਜਾਬ ਨੂੰ ਦਿੱਤੀਆਂ ਕਈ ਹੋਰ ਸਹੂਲਤਾਂ : ਅਮਨ ਸਹਿਜ਼ਾਦਾ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਪੰਜਾਬ ਵਾਸੀਆਂ ਨਾਲ ਕੀਤੇ ਗਏ ਵਾਅਦਿਆਂ ਅਤੇ ਦਿੱਤੀਆਂ ਗਰੰਟੀਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਕਈ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਨਜ਼ਦੀਕੀ ਸਾਥੀ ਅਤੇ 'ਆਪ' ਆਗੂ ਅਮਨ ਸਹਿਜ਼ਾਦਾ ਨੇ ਕੀਤਾ।ਅਮਨ ਸਹਿਜ਼ਾਦਾ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਇਕ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਵਿਕਾਸ ਕਾਰਜਾਂ ਲਈ ਲਗਾਤਾਰ ਮਿਹਨਤ ਕਰ ਰਹੇ ਹਨ। ਇਸੇ ਤਰ੍ਹਾਂ ਹਲਕਾ ਮਜੀਠਾ ਵਿੱਚ ਵੀ ਤਲਬੀਰ ਸਿੰਘ ਗਿੱਲ ਵੱਲੋਂ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਵਿੱਚ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਕਈ ਕੰਮਾਂ ਨੂੰ ਹੁਣ ਅੱਗੇ ਤੋਰਿਆ ਗਿਆ ਹੈ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਅਤੇ ਸਹੂਲਤਾਂ ਨਾਲ ਜੁੜੇ ਮਸਲਿਆਂ ਦੇ ਹੱਲ ਲਈ ਯਤਨ ਕੀਤੇ ਜਾ ਰਹੇ ਹਨ।ਅਮਨ ਸਹਿਜ਼ਾਦਾ ਨੇ ਕਿਹਾ ਕਿ ਲੋਕਾਂ ਵਿੱਚ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਪ੍ਰਤੀ ਭਰੋਸਾ ਬਣਿਆ ਹੋਇਆ ਹੈ ਅਤੇ ਪਾਰਟੀ ਦੇ ਵਰਕਰ ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕਰਨ ਲਈ ਵਚਨਬੱਧ ਹਨ।



# ਕੈਬਨਿਟ ਮੰਤਰੀ ਨੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਕੀਤਾ ਜਾਗਰੂਕ

## ਖੇਤੀਬਾੜੀ ਮੰਤਰੀ ਖੁੱਡੀਆਂ ਨੇ ਖੁਦ ਬੇਲਰ ਚਲਾ ਕੇ ਪਰਾਲੀ ਦੀਆਂ ਗੱਠਾਂ ਬਣਾਈਆਂ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਜ਼ਿਲ੍ਹਾ ਗੁਰਦਾਸਪੁਰ ਵਿੱਚ ਪਰਾਲੀ ਪ੍ਰਬੰਧਨ ਨੂੰ ਮੁੱਖ ਰੱਖਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੀ ਰਹਿਨੁਮਾਈ ਹੇਠ ਪਰਾਲੀ ਪ੍ਰਬੰਧਨ ਦਾ ਕੰਮ ਗੱਠਾਂ ਬਣਵਾ ਕੇ ਸ਼ੁਰੂ ਕੀਤਾ ਗਿਆ ਅਤੇ ਉਹਨਾਂ ਦੇ ਨਾਲ ਡਾ. ਸ਼ਾਹਬਾਜ਼ ਸਿੰਘ ਚੀਮਾ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ, ਇੰਜੀਨੀਅਰ ਦੀਪਕ ਕੁਮਾਰ ਟੈਕਨੀਸ਼ੀਅਨ ਗੋਬਿੰਦ ਪਾਲ ਸਿੰਘ ਵੀ ਮੌਜੂਦ ਸਨ। ਬਲਾਕ ਬਟਾਲਾ ਦੇ ਪਿੰਡ ਪੁਰੀਆਂ ਖੁਰਦ ਵਿਖੇ ਕਿਸਾਨ ਕੁੰਦਨ ਸਿੰਘ ਦੇ ਖੇਤ ਵਿੱਚ ਬੇਲਰ ਮਸ਼ੀਨ ਰਾਹੀਂ ਝੋਨੇ ਦੀ ਪਰਾਲੀ ਦੀਆਂ ਗੱਠਾਂ ਬਣਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਖੇਤੀਬਾੜੀ ਮੰਤਰੀ ਵੱਲੋਂ ਖੁਦ ਬੇਲਰ ਚਲਾ ਕੇ ਪਰਾਲੀ ਦੀਆਂ ਗੱਠਾਂ ਬਣਾਈਆਂ ਗਈਆਂ ਅਤੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੂੰ ਸੰਦੇਸ਼ ਦਿੱਤਾ ਗਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ। ਪਰਾਲੀ ਦੇ ਪ੍ਰਬੰਧਨ ਲਈ ਬੇਲਰ, ਸੁਪਰ ਸੀਡਰ, ਹੈਪੀ ਸੀਡਰ, ਜ਼ੀਰੋ ਡ੍ਰਿੱਲ ਆਦਿ ਆਧੁਨਿਕ ਖੇਤੀ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਇਨ੍ਹਾਂ ਮਸ਼ੀਨਾਂ ਦੀ ਮਦਦ ਨਾਲ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਉਪਰੰਤ ਕਣਕ ਦੀ ਬਿਜਾਈ ਸਮੇਂ ਸਿਰ ਅਤੇ ਵਾਤਾਵਰਣ ਪੱਖੀ ਢੰਗ ਨਾਲ ਕੀਤੀ ਜਾ ਸਕਦੀ ਹੈ। ਕੈਬਨਿਟ ਮੰਤਰੀ ਖੁੱਡੀਆਂ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਨੂੰ ਖੇਤ ਵਿੱਚ ਹੀ ਸੰਭਾਲਿਆ ਜਾਵੇ ਜਾਂ ਬੇਲਰਾਂ ਰਾਹੀਂ ਗੱਠਾਂ ਬਣਵਾ ਕੇ ਇਸ ਦਾ ਯੋਗ ਪ੍ਰਬੰਧਨ ਕੀਤਾ ਜਾਵੇ। ਇਸ ਨਾਲ ਜਿੱਥੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਇਆ ਜਾ ਸਕਦਾ ਹੈ, ਉੱਥੇ ਮਿੱਟੀ ਦੀ ਸਿਹਤ ਨੂੰ ਵੀ ਬਰਕਰਾਰ ਰੱਖਿਆ ਜਾ ਸਕਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਪਰਾਲੀ ਪ੍ਰਬੰਧਨ ਲਈ ਉਪਲਬਧ ਆਧੁਨਿਕ ਖੇਤੀ ਮਸ਼ੀਨਰੀ ਦੀ ਵਰਤੋਂ ਕਰਦੇ ਹੋਏ ਪਰਾਲੀ ਨੂੰ ਅੱਗ ਨਹੀਂ, ਖੇਤ ਨੂੰ ਪੋਸ਼ਣ' ਦੇ ਸੰਦੇਸ਼ ਨੂੰ ਅਪਣਾਇਆ ਜਾਵੇ ਅਤੇ ਜ਼ਿਲ੍ਹਾ ਗੁਰਦਾਸਪੁਰ ਨੂੰ ਪਰਾਲੀ ਸਾੜਨ ਤੋਂ ਮੁਕਤ ਬਣਾਉਣ ਵਿੱਚ ਸਹਿਯੋਗ ਦਿੱਤਾ ਜਾਵੇ।



# ਫਿਲਵਾਂ ਰੇਲਵੇ ਫਾਟਕ 'ਤੇ ਫਲਾਈ ਓਵਰ ਬਣਾਉਣ ਦੀ ਮੰਗ

**ਫਿਲਵਾਂ (ਪਲਵਿੰਦਰ ਸਿੰਘ ਰਾਮਪੁਰ)**- ਕਸਬਾ ਫਿਲਵਾਂ ਨੂੰ ਜਾਂਦਿਆਂ ਰਸਤੇ ਵਿਚ ਪੈਂਦੇ ਰੇਲਵੇ ਫਾਟਕ ਦੇ ਅਕਸਰ ਬੰਦ ਰਹਿਣ ਕਰਕੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕੇ ਦੇ ਲੋਕਾਂ ਦੀ ਸਰਕਾਰ ਪਾਸੋਂ ਮੰਗ ਹੈ ਕਿ ਇੱਥੇ ਫਲਾਈ ਓਵਰ ਜਾਂ ਅੰਡਰ ਬ੍ਰਿਜ ਦਾ ਨਿਰਮਾਣ ਕਰਵਾ ਕੇ ਰੋਜ਼ਾਨਾ ਦੀ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ। ਅੰਮ੍ਰਿਤਸਰ-ਨਵੀਂ ਦਿੱਲੀ ਮੁੱਖ ਰੇਲ ਮਾਰਗ ਹੋਣ ਕਰਕੇ ਇੱਥੋਂ ਰੇਲ ਗੱਡੀਆਂ ਦੀ ਭਾਰੀ ਆਵਾਜਾਈ ਰਹਿੰਦੀ ਹੈ ਜਿਸ ਕਰਕੇ ਅਕਸਰ ਰੇਲਵੇ ਫਾਟਕ ਬੰਦ ਦੇਖਣ ਨੂੰ ਮਿਲਦਾ ਹੈ। ਰੇਲਵੇ ਫਾਟਕ ਤੋਂ ਪਾਰ ਹੀ ਸਿਵਲ ਹਸਪਤਾਲ, ਪੁਲਸ ਥਾਣਾ, ਬੈਂਕ, ਸਬ-ਤਹਿਸੀਲ, ਦਾਣਾ ਮੰਡੀ ਆਦਿ ਹੋਣ ਕਰਕੇ ਲੋਕਾਂ ਨੂੰ ਅਕਸਰ ਆਪਣੇ ਕੰਮਾਂ ਲਈ ਫਾਟਕ ਪਾਰ ਜਾਣਾ ਪੈਂਦਾ ਹੈ ਪਰ ਫਾਟਕ ਦੇ ਬੰਦ ਹੋਣ ਨਾਲ ਮੁਸ਼ਕਲ ਪੇਸ਼ ਆਉਂਦੀ ਹੈ। ਇਸੇ ਤਰਾਂ ਕਸਬਾ ਫਿਲਵਾਂ ਦੇ ਨਾਲ ਲੱਗਦੇ ਪਿੰਡਾਂ ਮਾਂਗੇਵਾਲ, ਮਨਸੂਰਵਾਲ ਬੇਟ, ਮੁਗਲ ਚੱਕ, ਚੱਕੋਕੀ, ਬੁਤਾਲਾ, ਹੈਬਤਪੁਰ ਆਦਿ ਦੇ ਵਸਨੀਕਾਂ ਨੂੰ ਵੀ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਨ੍ਹਾਂ ਦੀ ਪ੍ਰੇਸ਼ਾਨੀ ਉਸ ਵੇਲੇ ਹੋਰ ਵਧ ਜਾਂਦੀ ਹੈ ਜਦੋਂ ਕਿਸੇ ਮਰੀਜ਼ ਨੂੰ ਐਮਰਜੈਂਸੀ ਵੇਲੇ ਜਲੰਧਰ ਜਾਂ ਅੰਮ੍ਰਿਤਸਰ ਦੇ ਕਿਸੇ ਵੱਡੇ ਹਸਪਤਾਲ ਵਿਖੇ ਇਲਾਜ ਲਈ ਲਿਜਾਣਾ ਹੋਵੇ ਤਾਂ ਫਾਟਕ ਦੇ ਬੰਦ ਹੋਣ ਨਾਲ ਜਿੱਥੇ ਕੀਮਤੀ ਸਮਾਂ ਬਰਬਾਦ ਹੁੰਦਾ ਹੈ ਉੱਥੇ ਮਰੀਜ਼ ਦੀ ਜਾਨ ਨੂੰ ਵੀ ਖ਼ਤਰਾ ਬਣਿਆ ਰਹਿੰਦਾ ਹੈ। ਇਲਾਕੇ ਦੇ ਲੋਕਾਂ ਦੀ ਸਰਕਾਰ ਪਾਸੋਂ ਪੁਰਜ਼ੋਰ ਮੰਗ ਹੈ ਕਿ ਇੱਥੇ ਫਲਾਈ ਓਵਰ ਜਾਂ ਅੰਡਰ ਪਾਸ ਦਾ ਨਿਰਮਾਣ ਤੁਰੰਤ ਕੀਤਾ ਜਾਵੇ।

# ਚਾਵਲਾ ਕਾਰਨ ਸਿੱਖ ਕੌਮ ਦਾ ਸਿਰ ਸ਼ਰਮ ਨਾਲ ਝੁਕਿਆ : ਲਾਲੇ ਨੰਗਲ





**ਫ਼ਤਿਹਗੜ੍ਹ ਚੂੜੀਆਂ (ਜਸਵੰਦ ਸਿੰਘ ਮਾਨ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਦੀਆਂ ਹਾਲ ਹੀ ਵਿੱਚ ਸਾਹਮਣੇ ਆਈਆਂ ਗਤੀਵਿਧੀਆਂ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਵਾਰਿਸ ਪੰਜਾਬ ਦੇ ਸੰਗਠਨ ਦੇ ਜਥੇਦਾਰ ਹਰਜੀਤ ਸਿੰਘ ਲਾਲੇ ਨੰਗਲ ਅਤੇ ਹਲਕਾ ਇੰਚਾਰਜ ਜੁਗਰਾਜ ਸਿੰਘ ਲਾਲੇ ਨੰਗਲ ਨੇ ਪੰਥ ਰੰਧਦਿਆਂ ਗੰਭੀਰ ਚਿੰਤਾ ਪ੍ਰਗਟਾਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਵੱਲੋਂ ਕੀਤੀ ਗਈ ਕਰਤੂਤ ਨਾਲ ਪੂਰੀ ਦੁਨੀਆ ਭਰ ਵਿੱਚ ਸਿੱਖ ਕੌਮ ਦਾ ਸਿਰ ਸ਼ਰਮ ਨਾਲ ਝੁਕ ਗਿਆ ਹੈ। ਧਾਰਮਿਕ ਖੇਤਰ ਨਾਲ ਜੁੜੀ ਅਜਿਹੀ ਘਟਨਾ ਬਹੁਤ ਹੀ ਸ਼ਰਮਨਾਕ ਹੈ, ਜਿਸ ਨਾਲ ਦੇਸ਼-ਵਿਦੇਸ਼ ਵਿੱਚ ਬੈਠੇ ਹਰੇਕ ਗੁਰਸਿੱਖ ਦਾ ਹਿਰਦਾ ਵਲੂੰਧਰਿਆ ਗਿਆ ਹੈ।ਉਹਨਾਂ ਆਖਿਆ ਕਿ ਚਾਵਲਾ ਵੱਲੋਂ ਕੀਤੀ ਗਈ ਇਸ ਬੱਜਰ ਕਰਤੂਤ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਮਹਾਨ ਅਤੇ ਇਤਿਹਾਸਕ ਸੰਸਥਾਵਾਂ ਦੇ ਅਕਸ ਨੂੰ ਗੰਭੀਰ ਠੇਸ ਪਹੁੰਚਾਈ ਹੈ। ਲਾਲੇ ਨੰਗਲ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵਰਗੀ ਪਵਿੱਤਰ ਸੰਸਥਾ ਉੱਤੇ ਅਕਾਲੀ ਦਲ ਬਾਦਲ ਦੇ ਗੁੰਡਿਆਂ ਅਤੇ ਬਲਾਤਕਾਰੀਆਂ ਦਾ ਕਬਜ਼ਾ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਬਾਦਲ ਦੇ ਕਈ ਆਗੂਆਂ ਦੀਆਂ ਵੀਡੀਓਜ਼ ਪਹਿਲਾਂ ਹੀ ਵਾਇਰਲ ਹੋ ਚੁੱਕੀਆਂ ਹਨ ਅਤੇ ਹੁਣ ਇਹਨਾਂ ਦੀ ਮੁੰਡਲੀ ਦੇ ਕਮੇਟੀ ਮੈਂਬਰ ਵੀ ਅਕਾਲੀ ਲੀਡਰਾਂ ਦੇ ਪੂਰਨਿਆਂ 'ਤੇ ਹੀ ਚੱਲ ਪਏ ਹਨ। ਉਹਨਾਂ ਸਿੱਖ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਪਵਿੱਤਰ ਸੰਸਥਾ ਨੂੰ ਬਾਦਲਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਪੂਰੀ ਸਿੱਖ ਕੌਮ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਪਵੇਗਾ। ਇਸ ਦੇ ਨਾਲ ਹੀ ਆਗੂਆਂ ਨੇ ਦੋਸ਼ ਲਾਇਆ ਕਿ ਪਿਛਲੇ 15 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਕਰਵਾਏ ਜਾਣ ਦੀ ਵੀ ਸੰਜੀਦਾ ਸਰਕਾਰਾਂ ਵਿੱਚ ਨਿੰਦਿਆ ਕੀਤੀ ਅਤੇ ਆਖਿਆ ਕਿ ਚੋਣਾਂ ਨਾ ਹੋਣ ਕਾਰਨ ਹੀ ਅਜਿਹੇ ਅਨਸਰ ਸੰਸਥਾ ਵਿੱਚ ਕਾਬਜ਼ ਹੋ ਬੈਠੇ ਹਨ। ਆਗੂਆਂ ਨੇ ਮੰਗ ਕੀਤੀ ਕਿ ਇਸ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਸਾਰੀ ਘਟਨਾ ਦਾ ਸੱਚ ਸੰਗਤ ਦੇ ਸਾਹਮਣੇ ਆ ਸਕੇ ਅਤੇ ਕੌਮ ਨੂੰ ਪੂਰਾ ਨਿਤਾਰਾ ਮਿਲ ਸਕੇ।

# ਘਰ-ਘਰ ਪਹੁੰਚਿਆ ਮਾਨ ਸਰਕਾਰ ਦਾ ਰਿਪੋਰਟ ਕਾਰਡ; ਭਟੋਆ 'ਚ ਲੋਕਾਂ ਨਾਲ ਸਿੱਧਾ ਸੰਵਾਦ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਆਪਣੇ ਪਿਛਲੇ ਸਾਢੇ ਚਾਰ ਸਾਲਾਂ ਦੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਸੇ ਤਹਿਤ ਕੈਬਨਿਟ ਮੰਤਰੀ ਪੰਜਾਬ ਹਲਕਾ ਲਾਲ ਚੰਦ ਕਟਾਰੂਚੱਕ ਨੇ ਸੋਮਵਾਰ ਹਲਕਾ ਭੋਆ ਦੇ ਪਿੰਡ ਭਟੋਆ ਵਿਖੇ ਘਰ-ਘਰ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਸਰਕਾਰੀ ਯੋਜਨਾਵਾਂ ਤੇ ਵਿਕਾਸ ਕਾਰਜਾਂ ਬਾਰੇ ਸਿੱਧੀ ਫੀਡਬੈਕ ਲਈ। ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਚੋਣਾਂ ਨੇੜੇ ਆਉਂਦਿਆਂ ਵਿਰੋਧੀ ਪਾਰਟੀਆਂ ਵੱਲੋਂ ਬਿਆਨਾਂ ਅਤੇ ਦਾਅਵਿਆਂ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਕੰਮਾਂ ਦਾ ਹਿਸਾਬ ਲੈ ਕੇ ਲੋਕਾਂ ਵਿੱਚ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤਮੰਦੀ ਰਵਾਇਤੀ ਪਾਰਟੀਆਂ ਪੰਜਾਬ ਵਿੱਚ ਲੰਬੇ ਸਮੇਂ ਤੱਕ ਸੱਤਾ ਵਿੱਚ ਰਹੀਆਂ ਹਨ, ਉਹ ਵੀ ਆਪਣਾ ਪੂਰਾ ਰਿਪੋਰਟ ਕਾਰਡ ਲੋਕਾਂ ਸਾਹਮਣੇ ਰੱਖਣ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਪਿੰਡਾਂ, ਨੌਜਵਾਨਾਂ, ਸਿਹਤ, ਸਿੱਖਿਆ, ਖੇਡਾਂ ਅਤੇ ਬੁਨਿਆਦੀ ਢਾਂਚੇ ਲਈ ਕੀ ਕੀਤਾ ਗਿਆ। ਲੋਕ ਹੁਣ ਸਿਰਫ਼ ਚੋਣ ਨਾਅਰੇ ਨਹੀਂ, ਸਗੋਂ ਜ਼ਮੀਨ 'ਤੇ ਹੋਇਆ ਕੰਮ ਦੇਖ ਕੇ ਸਵਾਲ ਪੁੱਛ ਰਹੇ ਹਨ। ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਿਆਸਤ ਦਾ ਕੇਂਦਰ ਆਮ ਆਦਮੀ ਹੈ ਅਤੇ ਇਸੇ ਲਈ ਸਰਕਾਰ ਦਾ ਰਿਪੋਰਟ ਕਾਰਡ ਵੀ ਸਿੱਧਾ ਆਮ ਲੋਕਾਂ ਦੇ ਦਰਵਾਜ਼ੇ 'ਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਮੁਫ਼ਤ ਬਿਜਲੀ, ਸਿਹਤ ਸੇਵਾਵਾਂ, ਸਿੱਖਿਆ ਵਿੱਚ ਸੁਧਾਰ, ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੀਤੇ ਕੰਮਾਂ ਨੂੰ ਲੈ ਕੇ ਪਾਰਟੀ ਲੋਕਾਂ ਵਿੱਚ ਜਾ ਰਹੀ ਹੈ। ਹਲਕਾ ਭੋਆ ਦੇ ਵਿਕਾਸ ਦਾ ਜ਼ਿਕਰ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਸਰਹੱਦੀ ਖੇਤਰ ਹੋਣ ਦੇ ਬਾਵਜੂਦ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਲਈ ਸੜਕਾਂ, ਬੁਨਿਆਦੀ ਸਹੂਲਤਾਂ, ਖੇਡ ਅਤੇ ਹੋਰ ਜਨਤਕ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਵਿਰੋਧੀ ਪਾਰਟੀਆਂ ਨੂੰ ਸਵਾਲ ਕਰਦਿਆਂ ਕਿਹਾ ਕਿ ਜਿਨ੍ਹਾਂ ਲੋਕ ਸਾਲਾਂ ਤੱਕ ਪੰਜਾਬ ਦੀ ਸੱਤਾ ਰਹੀ, ਉਹ ਅੱਜ ਸਿਰਫ਼ ਸਵਾਲ ਪੁੱਛਣ ਦੀ ਥਾਂ ਆਪਣੇ ਕਾਰਜਕਾਲ ਦਾ ਹਿਸਾਬ ਵੀ ਲੋਕਾਂ ਨੂੰ ਦੇਣ। ਕਟਾਰੂਚੱਕ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਦਾ ਡੋਰ-ਟੂ-ਡੋਰ ਸੰਪਰਕ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਸੰਧੂ, ਚੇਅਰਮੈਨ ਜ਼ਿਲ੍ਹਾ ਪਰਿਸ਼ਦ ਪਠਾਨਕੋਟ ਗੁਰਪ੍ਰੀਤ ਕੌਰ, ਮੈਂਬਰ ਜ਼ਿਲ੍ਹਾ ਪਰਿਸ਼ਦ ਭੁਪਿੰਦਰ ਮੁਰਾਰ, ਬਲਾਕ ਪ੍ਰਧਾਨ ਸੋਹਣ ਲਾਲ ਭਟੋਆ, ਸਕੱਤਰ ਮਾਝਾ ਜ਼ੋਨ ਪ੍ਰਧਾਨ ਬੀਬੀ ਨਿਸ਼ਾ ਰਾਣੀ ਬਰੋਟਾ, ਮਹੇਸ਼ ਸੈਣੀ, ਮੈਡਮ ਸੁਨੀਤਾ ਮਦੀਨਪੁਰ, ਦੀਪਕ ਗਰੋਵਰ, ਰਮਨ ਭਾਖੜਾ, ਗੋਮੀ ਨਰਾਇਣਪੁਰ, ਸਰਪੰਚ ਪਰਮਜੀਤ ਭੂਲਪੁਰ, ਸਰਪੰਚ ਤਰਸੇਮ ਪੰਜਰ, ਸਰਪੰਚ ਨਰੇਸ਼ ਸੈਣੀ ਪੱਖੋਚੱਕ, ਸਰਪੰਚ ਸੋਨਮ ਕੀੜੀ, ਬੀ.ਪੀ. ਸੁਨੀਲ, ਸਰਪੰਚ ਯੋਗਰਾਜ ਸ਼ਾਦੀਪੁਰ, ਯੂਥ ਆਗੂ ਤਰਸੇਮ ਸਿਹੋੜਾ, ਮੀਨੂ ਮੱਲਪੁਰ ਸਮੇਤ ਆਮ ਆਦਮੀ ਪਾਰਟੀ ਦੇ ਹੋਰ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।



# ਹਲਕਾ ਬਾਬਾ ਬਕਾਲਾ ਸਾਹਿਬ ਦੇ ਮੋਹਤਬਰਾਂ ਦੀ ਸੰਦੀਪ ਪਾਠਕ ਨਾਲ ਮੁਲਾਕਾਤ

**ਬਿਆਸ (ਪਰਮਜੀਤ ਸਿੰਘ ਰੱਖੜਾ)** ਹਲਕਾ ਬਾਬਾ ਬਕਾਲਾ ਸਾਹਿਬ ਦੇ ਮੋਹਤਬਰਾਂ ਚੰਡੀਗੜ੍ਹ ਵਿਖੇ ਪਾਰਟੀ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਸੰਦੀਪ ਪਾਠਕ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਹੁੰਦੇ ਹੋਏ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਵਾਸਤੇ ਮੰਗ ਪੱਤਰ ਦਿੱਤਾ ਅਤੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਹਾਲਾਤਾਂ ਤੋਂ ਜਾਣੂ ਕਰਵਾਇਆ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕਣ ਲਈ ਬੇਨਤੀ ਕੀਤੀ, ਤਾਂ ਕਿ 2027 ਵਿੱਚ ਆਮ ਆਦਮੀ ਪਾਰਟੀ ਨੂੰ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਵੱਡੀ ਲੀਡ ਨਾਲ ਜਿਤਾ ਕੇ ਸੀਟ ਪਾਰਟੀ ਦੀ ਝੋਲੀ ਵਿੱਚ ਪਾ ਸਕੀਏ। ਹਲਕਾ ਬਾਬਾ ਬਕਾਲਾ ਸਾਹਿਬ ਦੇ ਰਹਿੰਦੇ ਵਿਕਾਸ ਕਾਰਜ ਪੂਰੇ ਕਰਵਾਏ ਜਾਣ। ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਨੂੰ ਮੁੜ ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰਿਜਨਲ ਸੈਂਟਰ ਬਣਾਇਆ ਜਾਵੇ। ਸਿਵਲ ਹਸਪਤਾਲ ਬਾਬਾ ਬਕਾਲਾ ਵਿੱਚ ਡਾਕਟਰਾਂ ਦਾ ਸਟਾਫ ਤੇ ਹੋਰ ਮੁਲਾਜ਼ਮ, ਜੋ ਘੱਟ ਹਨ, ਇਹਨਾਂ ਦੀ ਪੂਰਤੀ ਕੀਤੀ ਜਾਵੇ, ਤਾਂ ਕਿ ਇਲਾਕੇ ਦੀਆਂ ਸੰਗਤਾਂ ਨੂੰ ਹਸਪਤਾਲ ਵਿੱਚ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਜਿਹਨਾਂ ਪਿੰਡਾਂ ਵਿੱਚ ਮੁਹੱਲਾ ਕਲੀਨਿਕ ਨਹੀਂ ਖੋਲ੍ਹੇ ਗਏ, ਉਹਨਾਂ ਨੂੰ ਜਲਦੀ ਤੋਂ ਜਲਦੀ ਖੋਲ੍ਹ ਕੇ ਲੋਕਾਂ ਨੂੰ ਮੁਹੱਲਾ ਕਲੀਨਿਕ ਦੀ ਸੁਵਿਧਾ ਦਿੱਤੀ ਜਾਵੇ। ਜਿਨ੍ਹਾਂ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ 300 ਏਕੜ ਤੋਂ ਜ਼ਿਆਦਾ ਹੈ, ਉਹਨਾਂ ਪਿੰਡਾਂ ਵਿੱਚ ਫੈਕਟਰੀਆਂ ਲਗਾਈਆਂ ਜਾਣ, ਤਾਂ ਕਿ ਇਲਾਕੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦੇ ਹੋਏ ਬਾਬਾ ਬਕਾਲਾ ਸਾਹਿਬ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਹਲਕਾ ਬਾਬਾ ਬਕਾਲਾ ਸਾਹਿਬ ਅਧੀਨ ਆਉਂਦੀਆਂ ਪੇਂਡੂ ਲਿੰਕ ਸੜਕਾਂ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਵਾਇਆ ਜਾਵੇ। ਪੁਲਸ ਥਾਣਾ ਬਿਆਸ, ਖਿਲਚੀਆਂ ਅਤੇ ਵੈਰੋਵਾਲ ਵਿੱਚ ਕੈਮਰਿਆਂ ਦੀ ਅਤੇ ਔਨ ਲੀ ਡੀ ਦੀ ਸੁਵਿਧਾ ਦਿੱਤੀ ਜਾਵੇ, ਤਾਂ ਕਿ ਵਾਰਦਾਤਾਂ ਨੂੰ ਰੋਕਣ ਵਿੱਚ ਮਦਦ ਮਿਲ ਸਕੇ। ਇਸ ਰਜਿੰਦਰ ਸਿੰਘ ਸਠਿਆਲਾ, ਸੁਜਾਨ ਸਿੰਘ ਖਾਲਸਾ, ਸੁਖਦੇਵ ਹਰਜੀਤ ਸਿੰਘ, ਹਰਪ੍ਰੀਤ ਸਿੰਘ ਸਰਪੰਚ, ਰਵੀ ਐਮ ਸੀ, ਸਰਵਨ ਸਿੰਘ ਬੱਲ ਸਰਾਏ, ਸਕੱਤਰ ਸਿੰਘ ਟੌਂਗ, ਪਲਵਿੰਦਰ ਸਿੰਘ ਸਰਲੀ, ਤਜਿੰਦਰ ਸਿੰਘ ਬਤਾਲਾ, ਸਤਨਾਮ ਸਿੰਘ ਸੇਰੋਂ ਬਾਘਾ, ਬਲਜਿੰਦਰ ਸਿੰਘ ਸੇਰੋਂ ਬਾਘਾ, ਲਖਬੀਰ ਸਿੰਘ ਖਾਨਪੁਰ ਬਲਾਕ ਸੰਮਤੀ ਮੈਂਬਰ ਤੇ ਗੁਰਜਿੰਦਰ ਸਿੰਘ ਸਠਿਆਲਾ ਆਦਿ ਹਾਜ਼ਰ ਸਨ।

# ਕਲਰਕ ਦੇ ਘਟੀਆ ਰਵੱਈਏ ਕਾਰਨ ਅਧਿਆਪਕ ਪ੍ਰੇਸ਼ਾਨ

**ਵੇਰਕਾ (ਰਾਣਾ)** ਜ਼ਿਲ੍ਹਾ ਸਿੱਖਿਆ ਦਫ਼ਤਰ ਅੰਮ੍ਰਿਤਸਰ (ਸੈ:ਸਿੰ:) ਦੇ ਕਲਰਕ ਡੀਲਿੰਗਹੈਂਡ (ਬਜਟ) ਦੇ ਮਾੜੇ ਰਵੱਈਏ ਕਾਰਨ ਅਧਿਆਪਕ ਵਰਗ ਬੇਹੱਦ ਤੰਗ-ਪ੍ਰੇਸ਼ਾਨ ਹੈ। ਉਪਰੋਕਤ ਡੀਲਿੰਗਹੈਂਡ ਕਲਰਕ ਵੱਲੋਂ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਬਜਟ ਲੈਣ ਲਈ ਭਾਰੀ ਖੱਜਲ-ਖੁਆਰ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਬਜਟ ਦਿੱਤਾ ਹੋਣ ਦੇ ਬਾਵਜੂਦ ਕਲਰਕ ਦਾ ਭੁੱਖਾ ਤੇ ਅੜੀਅਲ ਵਤੀਰਾ ਭਾਵੇਂ ਦਫ਼ਤਰੀ ਸਫਾਂ 'ਚ ਨਿੱਤ ਗੂੰਜਦਾ ਹੈ ਪ੍ਰੰਤੂ ਇਸ ਬਾਬਤ ਸਿੱਖਿਆ ਮਹਿਕਮੇ ਦੇ ਉੱਚ ਅਫ਼ਸਰਾਂ ਨੂੰ ਭਲੀਭਾਂਤ ਪਤਾ ਹੋਣ ਦੇ ਬਾਵਜੂਦ ਉਸ ਖਿਲਾਫ ਕੋਈ ਵਿਭਾਗੀ/ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਨਾ ਆਉਣਾ ਕਈ ਸ਼ੰਕੇ ਪੈਦਾ ਕਰਦਾ ਹੈ। ਉਕਤ ਕਲਰਕ ਪਿਛਲੇ ਦਹਾਕਿਆਂ ਤੋਂ ਡੀਲਿੰਗਹੈਂਡ ਬਜਟ ਦੀ ਸੀਟ ਉੱਪਰ ਕਾਬਜ਼ ਹੈ। ਜਦੋਂ ਕਿ ਸਿੱਖਿਆ ਵਿਭਾਗ ਦੇ ਨਿਯਮਾਂ ਅਨੁਸਾਰ ਕੋਈ ਵੀ ਡੀਲਿੰਗਹੈਂਡ ਕਲਰਕ ਤਿੰਨ ਸਾਲ ਤੋਂ ਵੱਧ ਇੱਕੋ ਹੀ ਸੀਟ ਉੱਪਰ ਕੰਮ ਨਹੀਂ ਕਰ ਸਕਦਾ। ਅਧਿਆਪਕ/ਪ੍ਰਿੰਸੀਪਲਾਂ ਨੂੰ ਆਪਣੇ ਮੈਡੀਕਲ ਬਿੱਲ, ਸੇਵਾਮੁਕਤੀ ਉਪਰੰਤ ਵਿੱਤੀ ਲਾਭ, ਐਡਵਾਂਸ ਪੇਮੈਂਟ ਜਾਂ ਹੋਰ ਬਕਾਏ ਦੀ ਅਦਾਇਗੀ ਵਾਸਤੇ ਬਜਟ ਅਲਾਟ ਕਰਵਾਉਣ ਲਈ ਮਿੰਨਤਾਂ ਕਰਨੀਆਂ ਪੈਂਦੀਆਂ ਹਨ। ਇਸ ਸੰਬੰਧ ਵਿੱਚ ਜ਼ਿਲ੍ਹੇ ਦੇ ਸਮੂਹ ਅਧਿਆਪਕ ਅਤੇ ਪ੍ਰਿੰਸੀਪਲਾਂ ਅਤੇ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ, ਜਨਰਲ ਸਕੱਤਰ ਕੁਲਜੀਤ ਸਿੰਘ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰ, ਸਕੱਤਰ ਹਰੀਸ਼ ਸਿੰਘ ਪਿਆਸਾ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਪਾਸੋਂ ਇਨਸਾਫ ਲੈਣ ਅਤੇ ਉਪਰੋਕਤ ਕਲਰਕ ਡੀਲਿੰਗਹੈਂਡ ਬਜਟ ਅੰਮ੍ਰਿਤਸਰ ਨੂੰ ਤੁਰੰਤ ਸੀਟ ਤੋਂ ਲਾਂਭੇ ਕਰਨ ਦੀ ਗੁਹਾਰ ਲਗਾਈ ਹੈ।

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਸਲਾਨਾ ਜੋੜ ਮੇਲੇ ਸੰਬੰਧੀ ਮੀਟਿੰਗ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ 6,7 ਅਤੇ 8 ਅਕਤੂਬਰ ਨੂੰ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਦੇ ਸੰਬੰਧ ਵਿੱਚ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਇਕੱਤਰਤਾ ਹੋਈ ਜਿਸ ਵਿੱਚ ਵੱਖ ਵੱਖ ਪਿੰਡਾਂ ਦੇ ਮੋਹਤਬਰਾਂ, ਪੰਚ ਸਰਪੰਚ,



ਇਲਾਕੇ ਦੇ ਪਤਵੰਤੇ ਸੱਜਣਾਂ, ਸੇਵਾ ਸੁਸਾਇਟੀਆਂ, ਮਹਾਪੁਰਸ਼ਾਂ ਅਤੇ ਹੈੱਡ ਗ੍ਰੰਥੀ ਵੱਲੋਂ ਮੇਲੇ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਚਾਰ ਪੇਸ਼ ਕੀਤੇ । ਗੁਰਦੁਆਰਾ ਸਾਹਿਬ ਦੇ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਵੱਲੋਂ ਇਕੱਤਰਤਾ ਵਿੱਚ ਆਏ ਸਮੂਹ ਸੱਜਣਾਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ ਗਿਆ । ਇਸ ਮੌਕੇ ਮੈਂਬਰ ਐਸ ਜੀ ਪੀ ਸੀ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ, ਮੈਨੇਜਰ ਸਤਨਾਮ ਸਿੰਘ ਝਬਾਲ, ਮੀਤ ਮੈਨੇਜਰ ਦਿਲਬਾਗ ਸਿੰਘ ਝਬਾਲ, ਮੀਤ ਮੈਨੇਜਰ ਗੁਰਜੀਤ ਸਿੰਘ ਠੱਟਾ, ਅਕਾਊਂਟੈਂਟ ਅਮਰਬੀਰ ਸਿੰਘ, ਰਿਕਾਰਡ ਕੀਪਰ ਬਿਕਰਮਜੀਤ ਸਿੰਘ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਭਾਈ ਰਾਜਬੀਰ ਸਿੰਘ ਮੰਡਿਆਲਾ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੀਬੀ ਮਨਜੀਤ ਕੌਰ ਬਾਠ ਸਰਪੰਚ ਮੀਆਂਪੁਰ, ਬਾਬਾ ਗੁਰਵਿੰਦਰ ਸਿੰਘ ਗੁਰਦੁਆਰਾ ਝੂਲਣੇ ਮਹਿਲ ਸਾਹਿਬ, ਚੇਅਰਮੈਨ ਤੇਗਾ ਸਿੰਘ ਸੋਹਲ, ਚੇਅਰਮੈਨ ਗੁਰਬੀਰ ਸਿੰਘ ਝਬਾਲ, ਚੇਅਰਮੈਨ ਹਰਵੰਤ ਸਿੰਘ ਝਬਾਲ, ਚੇਅਰਮੈਨ ਸੁਖਰਾਜ ਸਿੰਘ ਸੋਹਲ ਗੰਡੀਵਿੰਡ ਬਲਾਕ, ਬਲਜੀਤ ਸਿੰਘ ਪਟਵਾਰੀ ਗੰਡੀਵਿੰਡ, ਬਲਕਾਰ ਸਿੰਘ ਬਘਿਆੜੀ, ਕੈਪਟਨ ਸਿੰਘ ਬਘਿਆੜੀ, ਮਨਜਿੰਦਰ ਸਿੰਘ ਲਹਿਰੀ ਖੱਦਰ ਭੰਡਾਰ, ਅਜਮੇਰ ਸਿੰਘ ਛਾਪਾ ਸਰਪੰਚ, ਹਰਦੇਵ ਸਿੰਘ ਨੌਸ਼ਹਿਰਾ ਢਾਲਾ, ਪਿਆਰਾ ਸਿੰਘ ਝਬਾਲ, ਸ਼ਰਨਜੀਤ ਸਿੰਘ ਭੋਜੀਆਂ ਪ੍ਰਧਾਨ ਆੜ੍ਹਤੀ ਯੂਨੀਅਨ, ਨਿਸ਼ਾਨ ਸਿੰਘ ਦੋਦੇ, ਬਾਬਾ ਹਰਭਜਨ ਸਿੰਘ ਭੁੱਸੇ, ਮਖਤੂਲ ਸਿੰਘ ਲੀਡਰ, ਮੇਜਰ ਸਿੰਘ ਲਹੀਆਂ, ਜੋੜਾਘਰ ਸੇਵਕ ਸਭਾ ਗੰਡੀਵਿੰਡ ਅਤੇ ਬੱਚੀਵਿੰਡ, ਸ੍ਰੀ ਗੁਰੂ ਅਮਰਦਾਸ ਸੇਵਕ ਸਭਾ ਬਾਸਰਕੇ ਗਿੱਲਾਂ ਅਤੇ ਹੋਰ ਮੋਹਤਬਰ ਸੱਜਣ ਹਾਜ਼ਰ ਸਨ।

# ਰਾਸ਼ਟਰੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਿਜਯਾ ਰਹਾਟਕਰ ਦਾ ਦੌਰਾ ਅੱਜ

**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਰਾਸ਼ਟਰੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਿਜਯਾ ਰਹਾਟਕਰ ਤਰਨ ਤਾਰਨ ਦਾ ਦੌਰਾ ਕਰਨਗੇ। ਇਹ ਦੌਰਾ ਜ਼ਮੀਨੀ ਪੱਧਰ 'ਤੇ ਸੰਪਰਕ ਮਜ਼ਬੂਤ ਕਰਨ, ਔਰਤਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ



ਅਤੇ ਔਰਤ-ਕੇਂਦਰਿਤ ਪਹਿਲਕਦਮੀਆਂ ਤੇ ਸਹਾਇਤਾ ਪ੍ਰਣਾਲੀਆਂ ਦੀ ਸਮੀਖਿਆ ਕਰਨ ਲਈ ਕਮਿਸ਼ਨ ਦੇ ਲਗਾਤਾਰ ਯਤਨਾਂ ਦਾ ਹਿੱਸਾ ਹੈ।ਆਪਣੇ ਦੌਰੇ ਦੌਰਾਨ ਉਹ ਤਰਨ ਤਾਰਨ ਵਿਖੇ ਮਹਿਲਾ ਜਨ-ਸੁਣਵਾਈ ਕਰਨਗੇ, ਜਿਸ ਨਾਲ ਔਰਤਾਂ ਨੂੰ ਆਪਣੀਆਂ ਸ਼ਿਕਾਇਤਾਂ, ਚਿੰਤਾਵਾਂ ਅਤੇ ਮੁੱਦਿਆਂ ਨੂੰ ਸਿੱਧੇ ਤੌਰ 'ਤੇ ਰਾਸ਼ਟਰੀ ਮਹਿਲਾ ਕਮਿਸ਼ਨ ਦੇ ਸਾਹਮਣੇ ਰੱਖਣ ਦਾ ਮੌਕਾ ਮਿਲੇਗਾ। ਇਹ ਜਨ-ਸੁਣਵਾਈ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਪੇਂਡੂ ਵਿਕਾਸ ਭਵਨ ਤਰਨ ਤਾਰਨ ਵਿਖੇ ਹੋਵੇਗੀ।ਇਸ ਦੌਰਾਨ ਉਹ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਨਸ਼ਿਆਂ ਦੀ ਸਮੱਸਿਆ - ਔਰਤਾਂ 'ਤੇ ਪੈਣ ਵਾਲੇ ਬੋਝ ਨੂੰ ਉਜਾਗਰ ਕਰਨਾ ਵਿਸ਼ੇ 'ਤੇ ਇਕ ਸੈਸ਼ਨ ਨੂੰ ਸੰਬੋਧਨ ਕਰਨਗੇ। ਇਹ ਸੈਸ਼ਨ ਔਰਤਾਂ +ਤੇ ਨਸ਼ਿਆਂ ਦੀ ਸਮੱਸਿਆ ਦੇ ਬੋਝ ਅਤੇ ਇਸ ਮੁੱਦੇ ਤੋਂ ਪੈਦਾ ਹੋਣ ਵਾਲੀਆਂ ਚੁਣੌਤੀਆਂ ਨੂੰ ਸਮਝਣ 'ਤੇ ਕੇਂਦਰਿਤ ਹੋਵੇਗਾ। ਇਸ ਤੋਂ ਬਾਅਦ ਦੁਪਹਿਰ ਸਮੇਂ ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤਰਨ ਤਾਰਨ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਦੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਨਗੇ।ਇਸ ਦੌਰਾਨ ਚੇਅਰਪਰਸਨ ਵਨ ਸਟਾਪ ਸੈਂਟਰ ਤਰਨ ਤਾਰਨ ਦਾ ਦੌਰਾ ਵੀ ਕਰਨਗੇ ਤਾਂ ਜੋ ਇਸ ਕੇਂਦਰ ਰਾਹੀਂ ਔਰਤਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਹਾਇਤਾ ਦੀ ਸਮੀਖਿਆ ਕੀਤੀ ਜਾ ਸਕੇ। ਇਸ ਦੌਰੇ ਦੇ ਹਿੱਸੇ ਵਜੋਂ, ਉਹ ਪੋਸ਼ਣ ਮਾਹ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾ ਲਾਭਪਾਤਰੀਆਂ ਨਾਲ ਗੱਲਬਾਤ ਕਰਨਗੇ। ਇਸ ਤੋਂ ਇਲਾਵਾ ਸ਼ਾਮ ਨੂੰ ਉਹ ਤਰਨ ਤਾਰਨ ਵਿੱਚ ਸਥਾਨਕ ਨੁਮਾਇੰਦਿਆਂ ਅਤੇ ਆਗੂਆਂ ਨਾਲ ਗੱਲਬਾਤ ਕਰਨਗੇ।

# 'ਆਪ' ਵੱਲੋਂ ਨਾਗ ਕਲਾਂ ਤੋਂ ਹਲਕਾ ਮਜੀਠਾ 'ਚ ਡੋਰ-ਟੂ-ਡੋਰ ਮੁਹਿੰਮ ਦੀ ਸ਼ੁਰੂਆਤ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਭਰ ਵਿੱਚ ਸ਼ੁਰੂ ਕੀਤੀ ਗਈ ਡੋਰ-ਟੂ-ਡੋਰ ਜਨ ਸੰਪਰਕ ਮੁਹਿੰਮ ਤਹਿਤ ਹਲਕਾ ਮਜੀਠਾ ਵਿੱਚ ਵੀ ਮੁਹਿੰਮ ਦਾ ਆਗਾਜ਼ ਪਿੰਡ ਨਾਗ ਕਲਾਂ ਤੋਂ ਕੀਤਾ ਗਿਆ। ਇਸ ਮੌਕੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ



ਪਾਰਟੀ ਆਗੂਆਂ ਅਤੇ ਵਰਕਰਾਂ ਨੇ ਘਰ-ਘਰ ਪਹੁੰਚ ਕੇ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ।ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਪਾਰਟੀ ਲੋਕਾਂ ਤੋਂ ਦੂਰ ਰਹਿ ਕੇ ਨਹੀਂ, ਸਗੋਂ ਲੋਕਾਂ ਦੇ ਦਰਵਾਜ਼ੇ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਅਤੇ ਸਮੱਸਿਆਵਾਂ ਸਮਝਣ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਕਿਹਾ ਕਿ ਡੋਰ-ਟੂ-ਡੋਰ ਮੁਹਿੰਮ ਦਾ ਮਕਸਦ ਸਰਕਾਰ ਵੱਲੋਂ ਕੀਤੇ ਗਏ ਕੰਮਾਂ, ਲੋਕ-ਪੱਖੀ ਫੈਸਲਿਆਂ ਅਤੇ ਵੱਖ-ਵੱਖ ਸਹੂਲਤਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿੱਖਿਆ, ਸਿਹਤ, ਬਿਜਲੀ, ਰੁਜ਼ਗਾਰ ਅਤੇ ਲੋਕ-ਭਲਾਈ ਨਾਲ ਜੁੜੇ ਖੇਤਰਾਂ ਵਿੱਚ ਕਈ ਪਹਿਲਕਦਮੀਆਂ ਕੀਤੀਆਂ ਹਨ। 'ਆਪ' ਵੱਲੋਂ ਆਪਣੀ ਡੋਰ-ਟੂ-ਡੋਰ ਮੁਹਿੰਮ ਵਿੱਚ ਸਰਕਾਰ ਦਾ ਰਿਪੋਰਟ ਕਾਰਡ ਲੋਕਾਂ ਤੱਕ ਪਹੁੰਚਾਉਣ ਦੀ ਗੱਲ ਕਹੀ ਗਈ ਹੈ।ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਹਲਕਾ ਮਜੀਠਾ ਦੇ ਕਿਸੇ ਵੀ ਵਸਨੀਕ ਨੂੰ ਆਪਣੇ ਪਿੰਡ ਜਾਂ ਇਲਾਕੇ ਨਾਲ ਸਬੰਧਤ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਦੀ ਜਾਣਕਾਰੀ ਉਨ੍ਹਾਂ ਤੱਕ ਪਹੁੰਚਾਈ ਜਾਵੇ ਅਤੇ ਉਸ ਦੇ ਹੱਲ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਅਤੇ ਲੋਕਾਂ ਦੀ ਗੱਲ ਸੁਣਨਾ ਹੀ ਇਸ ਮੁਹਿੰਮ ਦੀ ਅਸਲ ਭਾਵਨਾ ਹੈ।ਪਿੰਡ ਨਾਗ ਕਲਾਂ ਵਿੱਚ ਮੁਹਿੰਮ ਦੌਰਾਨ ਲੋਕਾਂ ਵੱਲੋਂ 'ਆਪ' ਆਗੂਆਂ ਨਾਲ ਗੱਲਬਾਤ ਕੀਤੀ ਗਈ ਅਤੇ ਪਾਰਟੀ ਦੀਆਂ ਨੀਤੀਆਂ ਤੇ ਸਰਕਾਰ ਦੇ ਕੰਮਾਂ ਸਬੰਧੀ ਵਿਚਾਰ ਸਾਂਝੇ ਕੀਤੇ ਗਏ।

# ਆਲੌਕਿਕ ਡਰੋਨ ਸ਼ੋਅ ਨੇ ਸੰਗਤਾਂ ਦਾ ਮਨ ਮੋਹਿਆ



**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪੱਟੀ ਦੀ ਗਰਾਊਂਡ ਵਿੱਚ 500 ਡਰੋਨਾਂ ਰਾਹੀਂ ਸ਼ਾਨਦਾਰ ਡਰੋਨ ਸ਼ੋਅ ਕਰਵਾਇਆ ਗਿਆ।ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਡਿਪਟੀ ਕਮਿਸ਼ਨਰ ਰਾਹੁਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਦਿਲਕਸ਼ ਸ਼ੋਅ ਦੌਰਾਨ ਅਸਮਾਨ ਵਿੱਚ ਰੌਸ਼ਨੀਆਂ ਰਾਹੀਂ ਗੁਰੂ ਜੀ ਦੇ ਜੀਵਨ, ਮਹਾਨ ਸਿੱਖਿਆਵਾਂ, ਸੱਚੀ-ਸੁੱਚੀ ਕਿਰਤ ਅਤੇ ਸਰਬ-ਸਾਂਝੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਇਸ ਮੌਕੇ ਹਲਕਾ ਇੰਚਾਰਜ ਜਸਕੰਵਰ ਸਿੰਘ ਜੱਸਾ ਪੱਟੀ, ਇਸ ਐਸਡੀਐਮ ਪੱਟੀ ਅਮਨਦੀਪ, ਡੀਐਸਪੀ ਪੱਟੀ ਰਵੀ ਸ਼ੇਰ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਪੱਟੀ ਗੁਰਵੰਤ ਸਿੰਘ ਜੋਤੀ ਸ਼ਾਹ ਕੌਂਸਲਰ ਕਵਲਪ੍ਰੀਤ ਸਿੰਘ ਗਿੱਲ ਕੌਂਸਲਰ, ਪ੍ਰਿੰਸੀਪਲ ਜਸਬੀਰ ਕੌਰ ਸੈਣੀ, ਸਟੇਜ ਸਕੱਤਰ ਲੈਕਚਰਾਰ ਕੁਲਵਿੰਦਰ ਸਿੰਘ, ਰਾਜਨਪ੍ਰੀਤ ਸਿੰਘ ਕੌਂਸਲਰ, ਸਰਜੀਤ ਸਿੰਘ ਕੌਂਸਲਰ, ਹਰਜਿੰਦਰ ਸਿੰਘ ਪੱਪੂ, ਐਡਵੋਕੇਟ ਮਨਦੀਪ ਸਿੰਘ ਭੁੱਲਰ, ਗੁਰਪ੍ਰੀਤ ਸਿੰਘ ਸਰਪੰਚ ਨੂੰਸ਼ਹਿਰਾ ਪੰਨੂਆ, ਬਲਜਿੰਦਰ ਸਿੰਘ ਚੂਸਲੇਵੜ, ਜਗਤਾਰ ਸਿੰਘ ਬੱਬੀ, ਗਗਨਦੀਪ ਸਿੰਘ ਗੁਲਾਲੀਪੁਰ, ਜੇ ਈ ਮਨਜਿੰਦਰ ਸਿੰਘ, ਹੈਪੀ ਕੰਬੋਜ, ਨੰਬਰਦਾਰ ਧਰਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸ਼ਹਿਰਵਾਸੀ ਹਾਜ਼ਰ ਸਨ।



# ਆਈ ਕੇਅਰ ਸੈਂਟਰ ਵੱਲੋਂ ਅੱਖਾਂ ਦਾ ਫਰੀ ਕੈਂਪ

**ਜੈਂਤੀਪੁਰ (ਸੁਖਬੀਰ ਸਿੱਧੂ)** ਸ੍ਰੀ ਗੁਰੂ ਨਾਨਕ ਦੇਵ ਦੇ ਪਹਿਲੇ ਪੁੱਤਰ ਸ੍ਰੀ ਚੰਦਰ ਭਗਵਾਨ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਖਾਂ ਦਾ ਫਰੀ ਚੈੱਕ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਹਲਕਾ ਮਜੀਠਾ ਦੇ ਕਸਬਾ ਜੈਂਤੀਪੁਰ ਵਿਖੇ ਖੋਸਲਾ ਆਈ ਕੇਅਰ ਦੀ ਹੈਲਪ ਨਾਲ ਓਮ ਪ੍ਰਕਾਸ਼ ਆਈ ਕੇਅਰ ਹਸਪਤਾਲ ਵੱਲੋਂ ਕੀਤਾ ਗਿਆ, ਜਿਸ ਵਿੱਚ ਓਮ ਪ੍ਰਕਾਸ਼ ਆਈਜ ਇੰਟੀਡਿਊਸ ਵੱਲੋਂ ਅੱਖਾਂ ਦੇ ਚੈੱਕਅੱਪ ਕੀਤਾ ਅਤੇ ਫਰੀ ਦਵਾਈ ਦਾਰੂ ਮੁਹੱਈਆ ਕਰਵਾਈ। ਇਸ ਮੌਕੇ ਕੈਂਪ 'ਚੋਂ ਪਹੁੰਚੇ ਡਾਕਟਰ ਨੌਸ਼ਾਦ ਅੰਸਾਰੀ ਡਾਕਟਰ ਵੇਦੀਕਾ, ਡਾਕਟਰ ਅਨਿਲ ਖੋਸਲਾ ਅਤੇ ਉਹਨਾਂ ਦੀ ਟੀਮ ਵੱਲੋਂ ਸੈਂਕੜੇ ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ।

# ਪ੍ਰਸਿੱਧ ਫੋਟੋਗ੍ਰਾਫਰ ਹਰਭਜਨ ਬਾਜਵਾ ਦੀ ਅੰਤਮ ਅਰਦਾਸ 'ਤੇ ਸ਼ਰਧਾਂਜਲੀਆਂ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਵਿਸ਼ਵ ਪ੍ਰਸਿੱਧ ਫੋਟੋਗ੍ਰਾਫਰ ਹਰਭਜਨ ਬਾਜਵਾ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਇੱਥੋਂ ਦੇ ਕਾਹਨੂੰਵਾਨ ਰੋਡ 'ਤੇ ਸਥਿਤ ਗੁਰਦੁਆਰਾ ਸਿੰਘ ਸਭਾ ਧੁੱਪਸੜੀ 'ਚ ਹੋਇਆ। ਵੱਖ-ਵੱਖ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਆਪਣੇ ਸੰਬੋਧਨ ਦੌਰਾਨ ਮਰਹੂਮ ਬਾਜਵਾ ਨਾਲ ਗੁਜ਼ਾਰੇ ਪਲਾਂ ਨੂੰ ਜਿੱਥੇ ਬਿਆਨਿਆ, ਉੱਥੇ ਫੋਟੋਗ੍ਰਾਫੀ 'ਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਅੰਤਿਮ ਅਰਦਾਸ ਮੌਕੇ ਗਗਨਦੀਪ ਸਿੰਘ ਵਿਰਕ ਅਤੇ



ਪ੍ਰੋਫੈਸਰ ਨਰੇਸ਼ ਕੁਮਾਰ ਵੱਲੋਂ ਸੰਪਾਦਕ ਕੀਤੀ ਕਿਤਾਬ 'ਹਰਭਜਨ ਸਿੰਘ ਬਾਜਵਾ ਸਿਮਰਤੀ ਗ੍ਰੰਥ' ਰਿਲੀਜ਼ ਕਰਨ ਦੀ ਰਸਮ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਭਗਤ ਪੂਰਨ ਸਿੰਘ ਪਿੰਗਲਵਾੜਾ ਟਰੱਸਟ ਦੇ ਬੀਬੀ ਡਾ. ਇੰਦਰਜੀਤ ਕੌਰ, ਨਾਮਵਰ ਸ਼ਾਇਰ ਪ੍ਰੋਫੈਸਰ ਗੁਰਭਜਨ ਗਿੱਲ, ਸ਼ਾਇਰ ਰਵਿੰਦਰ, ਲੇਖਕ ਦੇਵਿੰਦਰ ਦੀਦਾਰ ਸਮੇਤ ਹੋਰਾਂ ਕੀਤੀ। ਫੋਟੋਗ੍ਰਾਫਰ ਬਾਜਵਾ ਦੇ ਸ਼ਰਧਾਂਜਲੀ ਸਮਾਗਮ ਮੌਕੇ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਬਾਜਵਾ ਵੱਲੋਂ ਉਨ੍ਹਾਂ ਦੇ ਬਾਪ ਮਰਹੂਮ (ਜਥੇਦਾਰ ਜਗਦੇਵ ਸਿੰਘ ਖੁੱਡੀਆਂ) ਨਾਲ ਨਿਭਾਈ ਭਰਾਵਾਂ ਵਰਗੀ ਸਾਂਝ ਨੂੰ ਜਿੱਥੇ ਬਿਆਨਿਆ, ਉੱਥੇ ਬਾਜਵਾ ਵੱਲੋਂ ਬਚਪਨ ਸਮੇਂ ਉਨ੍ਹਾਂ ਦੀਆਂ ਖਿੱਚੀਆਂ ਤਸਵੀਰਾਂ ਦਾ ਜ਼ਿਕਰ ਕੀਤਾ। ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਆਪਣੇ ਸੰਖੇਪ ਸੰਬੋਧਨ ਦੌਰਾਨ ਪਿੱਛੇ ਪਾਕਿਸਤਾਨ ਤੋਂ ਆਏ ਇੱਕ ਹੀ ਪਰਵਾਰ ਦੀ ਅੰਸ਼-ਵੰਸ਼ ਤੋਂ ਜਾਣੂ ਕਰਵਾਇਆ।ਪਿੰਗਲਵਾੜਾ ਤੋਂ ਬੀਬੀ ਇੰਦਰਜੀਤ ਕੌਰ ਨੇ ਬਾਜਵਾ ਨੂੰ ਸਕੇ ਭਰਾ ਤੋਂ ਵੱਧ ਪਿਆਰ ਕਰਨ ਵਾਲਾ ਦੱਸਿਆ। ਪ੍ਰੋਫੈਸਰ ਗੁਰਭਜਨ ਗਿੱਲ ਨੇ ਕਿਹਾ ਕਿ ਹਰਭਜਨ ਬਾਜਵਾ ਇਕੱਲਾ ਫੋਟੋਗ੍ਰਾਫਰ ਨਹੀਂ ਸੀ, ਸਗੋਂ ਉਹ ਸ਼ਾਇਰ, ਲੇਖਕ, ਰਾਹ ਦਸੇਰਾ ਅਤੇ ਕਈ ਕਲਾਵਾਂ ਦਾ ਸੁਮੇਲ ਸੀ। ਮੰਚ ਸੰਚਾਲਨ ਸ਼ਾਇਰ ਡਾ. ਰਵਿੰਦਰ ਨੇ ਕੀਤਾ।ਇਸੇ ਤਰ੍ਹਾਂ ਵੱਖ-ਵੱਖ ਅਖ਼ਬਾਰਾਂ ਦੇ ਸੰਪਾਦਕਾਂ ਨੇ ਜਿੱਥੇ ਆਪਣੇ ਸ਼ੋਕ ਸੰਦੇਸ਼ ਭੇਜੇ, ਉੱਥੋਂ ਵਟਸਐਪ ਟੋਰਾਂਟੋ ਤੋਂ ਨਾਟਕਕਾਰ ਹੀਰਾ ਰੰਧਾਵਾ, ਖਾਲਸਾ ਕਾਲਜ ਅੰਮ੍ਰਿਤਸਰ, ਜੀ.ਐੱਨ.ਡੀ.ਯੂ. ਅੰਮ੍ਰਿਤਸਰ, ਪਟਿਆਲਾ ਯੂਨੀਵਰਸਿਟੀ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਸਮੇਤ ਹੋਰ ਨਾਮਵਰ ਸ਼ਖ਼ਸੀਅਤਾਂ ਦੇ ਭੇਜੇ ਸ਼ੋਕ ਸੰਦੇਸ਼ ਪੜ੍ਹੇ ਗਏ।ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਵੀ ਆਪਣੇ ਸ਼ੋਕ ਸੰਦੇਸ਼ ਵਿੱਚ ਸਵ: ਹਰਭਜਨ ਬਾਜਵਾ ਨੂੰ ਯਾਦ ਕਰਕੇ ਸ਼ਰਧਾ ਦੇ ਫੁੱਲ ਅਰਪਣ ਕੀਤੇ। ਇਸ ਦੌਰਾਨ ਪ੍ਰੋਫੈਸਰ ਨਰੇਸ਼ ਕੁਮਾਰ ਤੇ ਗਗਨਦੀਪ ਵਿਰਕ ਵੱਲੋਂ ਸੰਪਾਦਕ ਕੀਤੀ ਕਿਤਾਬ 'ਹਰਭਜਨ ਬਾਜਵਾ ਸਿਮਰਤੀ ਗ੍ਰੰਥ' ਨੂੰ ਰਿਲੀਜ਼ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਜੋਬਨ ਰੰਧਾਵਾ, ਫੋਟੋਗ੍ਰਾਫਰ ਐਸੋਸੀਏਸ਼ਨ ਪ੍ਰਧਾਨ ਸੁਖਜਿੰਦਰ ਸਿੰਘ ਧੁੱਪਸੜੀ, ਮੁੱਖ ਖੇਤੀਬਾੜੀ ਅਫਸਰ ਡਾ. ਸ਼ਹਿਬਾਜ ਸਿੰਘ ਚੀਮਾ, ਡੀ.ਪੀ.ਆਰ.ਓ. ਹਰਜਿੰਦਰ ਸਿੰਘ ਕਲਸੀ, ਸਾਬਕਾ ਰਾਜ ਸਭਾ ਮੈਂਬਰ ਭੂਪਿੰਦਰ ਸਿੰਘ ਮਾਨ, ਗਾਇਕ ਸਰਵਿੰਦਰ ਸਿੰਘ ਭਾਗੋਵਾਲੀਆ, ਜੋਗਿੰਦਰ ਅੰਗਰੂਲਾ, ਡਾ. ਪਰਮਜੀਤ ਸਿੰਘ ਕਲਸੀ, ਰਿਆੜਕੀ ਸੱਥ ਹਰਪੁਰਾ ਧੰਦੋਈ ਦੇ ਮੁੱਖ ਸੇਵਾਦਾਰ ਸੂਬਾ ਸਿੰਘ ਖਹਿਰਾ , ਜਰਨੈਲ ਸਿੰਘ ਮਾਹਲ ਸਮੇਤ ਹੋਰ ਹਾਜ਼ਰ ਸਨ।

# ਗੁਰਸ਼ਨਦੀਪ ਸਿੰਘ ਨੇ ਪੰਜਾਬ ਐਥਲੈਟਿਕਸ ਚੈਂਪੀਅਨਸ਼ਿਪ 'ਚ ਜਿੱਤਿਆ ਚਾਂਦੀ ਦਾ ਤਗਮਾ



**ਝਬਾਲ (ਮੱਖਣ ਮਨੋਜ)**- ਸੰਤ ਬਾਬਾ ਖੜਕ ਸਿੰਘ ਤੇ ਸੰਤ ਬਾਬਾ ਦਰਸ਼ਨ ਸਿੰਘ ਦੁਆਰਾ ਸਥਾਪਿਤ ਤੇ ਮੌਜੂਦਾ ਸਰਪ੍ਰਸਤ ਬਾਬਾ ਸੰਤੋਖ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦੇ ਵਿਦਿਆਰਥੀ ਗੁਰਸ਼ਨਦੀਪ ਸਿੰਘ ਨੇ ਤਰਨ ਤਾਰਨ ਦੇ ਗੁਰੂ ਅਰਜਨ ਦੇਵ ਸਟੇਡੀਅਮ ਵਿਖੇ ਹੋਈ ਪੰਜਾਬ ਐਥਲੈਟਿਕਸ ਚੈਂਪੀਅਨਸ਼ਿਪ (ਅੰਡਰ-23) 2026 ਵਿੱਚ ਲੜਕਿਆਂ ਦੇ ਡਿਕੈਥਲਨ ਈਵੈਂਟ ਵਿੱਚ ਭਾਗ ਲਿਆ ਅਤੇ 5000 ਅੰਕ ਪ੍ਰਾਪਤ ਕਰਦਿਆਂ ਚਾਂਦੀ ਦਾ ਤਗਮਾ ਜਿੱਤਿਆ।ਗੁਰਸ਼ਨਦੀਪ ਸਿੰਘ ਦੇ ਕਾਲਜ ਪਹੁੰਚਣ 'ਤੇ ਉਸਦਾ ਸਵਾਗਤ ਕੀਤਾ ਗਿਆ ਅਤੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਕਾਲਜ ਦੀਆਂ ਹੋਣਹਾਰ ਵਿਦਿਆਰਥਣਾਂ ਲਵਪ੍ਰੀਤ ਕੌਰ, ਹਰਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਨੂੰ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਵੱਲੋਂ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਅਮਰੀਕਾ ਦੇ ਸਹਿਯੋਗ ਦੁਆਰਾ ਪ੍ਰਾਪਤ ਸਕਾਲਰਸ਼ਿਪ ਦੇ ਚੈੱਕ ਦਿੱਤੇ ਗਏ।ਕਾਲਜ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ ਨੇ ਇਹਨਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਕਿਹਾ।

ਇਸ ਮੌਕੇ ਸੁਪਰਡੈਂਟ ਤਜਿੰਦਰਜੀਤ ਸਿੰਘ, ਡਾ. ਅਮਰਬੀਰ ਸਿੰਘ, ਪ੍ਰੋ. ਸੁਰਿੰਦਰ ਸਿੰਘ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਸੁਖਪਾਲ ਕੌਰ ਹਾਜ਼ਰ ਸਨ।

# ਔਜਲਾ ਨੇ ਰੀਗੋ ਬ੍ਰਿਜ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ

**ਛੇਹਰਟਾ, (ਮਨੋਜ ਕੁਮਾਰ)**- ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੋਮਵਾਰ ਨੂੰ ਸ਼ਹਿਰ ਦੇ ਇਤਿਹਾਸਕ ਤੇ ਮਹੱਤਵਪੂਰਨ ਰੀਗੋ ਬ੍ਰਿਜ ਦੇ ਪੁਨਰ ਨਿਰਮਾਣ ਕਾਰਜਾਂ ਦਾ ਮੌਕੇ 'ਤੇ ਪੁੱਜ ਕੇ ਜਾਇਜ਼ਾ



ਲਿਆ। ਇਸ ਦੌਰਾਨ ਉਨ੍ਹਾਂ ਰੇਲਵੇ ਤੇ ਤਕਨੀਕੀ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਅਤੇ ਨਿਰਮਾਣ ਵਿਚ ਦੇਰੀ ਦੇ ਕਾਰਨਾਂ ਬਾਰੇ ਪੁੱਛਗਿੱਛ ਕੀਤੀ।

ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਹੁਣ ਤਕਨੀਕੀ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਗਿਆ ਹੈ ਤੇ ਦਸੰਬਰ ਤਕ ਪੁਲ ਦੇ ਇਕ ਪਾਸੇ ਨੂੰ ਆਵਾਜਾਈ ਲਈ ਖੋਲ੍ਹਣ ਦਾ ਟੀਚਾ ਹੈ। ਇਸ ਤੋਂ ਬਾਅਦ ਕਰੀਬ ਤਿੰਨ ਮਹੀਨਿਆਂ ਵਿਚ ਦੂਜੇ ਪਾਸਾ ਵੀ ਚਾਲੂ ਹੋ ਜਾਵੇਗੀ। ਔਜਲਾ ਨੇ ਕਿਹਾ ਕਿ ਇਹ ਪੁਲ ਪੁਰਾਣੇ ਸ਼ਹਿਰ ਨੂੰ ਜੀ ਟੀ ਰੋਡ ਤੇ ਬਾਹਰੀ ਇਲਾਕਿਆਂ ਨਾਲ ਜੋੜਨ ਵਾਲਾ ਮਹੱਤਵਪੂਰਨ ਰਸਤਾ ਹੈ।

ਠੇਕੇਦਾਰ ਅਤੇ ਰੇਲਵੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰੇ ਦਾ ਹਵਾਲਾ ਦਿੰਦੇ ਹੋਏ ਔਜਲਾ ਨੇ ਕਿਹਾ ਕਿ ਉਨ੍ਹਾਂ ਨੂੰ ਦਸੰਬਰ ਤਕ ਪੁਲ ਦੇ ਪੂਰੀ ਤਰ੍ਹਾਂ ਚਾਲੂ ਹੋਣ ਦਾ ਭਰੋਸਾ ਦਿੱਤਾ ਗਿਆ ਹੈ। ਪੁਲ ਦਾ ਦੂਜਾ ਪਾਸਾ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਪੂਰੀ ਹੋ ਜਾਵੇਗਾ।

ਇਕ ਪਾਸਾ ਖੁੱਲ੍ਹਣ ਨਾਲ ਸ਼ਹਿਰ ਵਾਸੀਆਂ ਨੂੰ ਟਰੈਫਿਕ ਜਾਮ ਤੋਂ ਕਾਫ਼ੀ ਰਾਹਤ ਮਿਲਣ ਦੀ ਉਮੀਦ ਹੈ। ਰੀਗੋ ਬ੍ਰਿਜ ਸਬੰਧੀ ਚੱਲ ਰਹੀਆਂ ਚਰਚਾਵਾਂ ਦੇ ਸਬੰਧ ਵਿਚ ਔਜਲਾ ਨੇ ਕਿਹਾ ਕਿ ਕਿਸੇ ਵੀ ਨਿੱਜੀ ਹੋਟਲ ਦੀ ਜ਼ਮੀਨ ਸਬੰਧੀ ਕੋਈ ਵਿਵਾਦ ਨਹੀਂ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਠੇਕੇਦਾਰ ਨੇ ਬਜਟ ਵਾਧੇ ਦੀ ਬੇਨਤੀ ਨਹੀਂ ਕੀਤੀ। ਉਨ੍ਹਾਂ ਅਨੁਸਾਰ, ਪੁਲ ਨਾਲ ਸੰਬੰਧਤ ਜ਼ਮੀਨ ਰੇਲਵੇ ਦੀ ਹੈ।

# ਬਾਬਾ ਜੋਗਾ ਸਿੰਘ ਵੱਲੋਂ ਅਰਦਾਸ ਕਰਕੇ ਨਵੇਂ ਲੰਗਰ ਹਾਲ ਦਾ ਉਦਘਾਟਨ

**ਟਾਂਗਰਾ (ਲਾਡੀ ਮੱਲ੍ਹੀ)** ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪਵਿੱਤਰ ਅਸਥਾਨ ਗੁਰਦੁਆਰਾ ਫਲਾਹ ਸਾਹਿਬ, (ਛੇਵੀਂ ਪਾਤਸ਼ਾਹੀ) ਪਿੰਡ ਮੱਲੀਆਂ ਵਿਖੇ ਨਵੇਂ ਲੰਗਰ ਹਾਲ ਦੀ ਇਮਾਰਤ ਦਾ ਉਦਘਾਟਨ ਤਰਨਾ ਦਲ ਦੇ 16ਵੇਂ ਮੁਖੀ ਜਥੇਦਾਰ ਸਿੰਘ ਸਾਹਿਬ ਬਾਬਾ ਜੋਗਾ



ਸਿੰਘ ਅਤੇ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਕੀਤਾ ਗਿਆ। ਇਸ ਮੌਕੇ ਤਰਨਾ ਦਲ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਫਲਾਹ ਸਾਹਿਬ ਵਿਖੇ ਸੇਵਾ ਦੀ ਪਵਿੱਤਰ ਪਰੰਪਰਾ ਤਰਨਾ ਦਲ ਦੇ ਬਾਰ੍ਹਵੇਂ ਮੁਖੀ ਜਥੇਦਾਰ ਸਿੰਘ ਸਾਹਿਬ ਬਾਬਾ ਬਿਸ਼ਨ ਸਿੰਘ ਨੇ ਆਪਣੇ ਕਰ-ਕਮਲਾਂ ਨਾਲ ਗੁਰਦੁਆਰਾ ਫਲਾਹ ਸਾਹਿਬ ਵਿਖੇ ਸਰੋਵਰ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਆਰੰਭ ਕਰਵਾਈ।ਉਨ੍ਹਾਂ ਵੱਲੋਂ ਆਰੰਭੀ ਗਈ ਇਸ ਪਵਿੱਤਰ ਸੇਵਾ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਬਾਬਾ ਕੀਰਤਨ ਸਿੰਘ ਅਤੇ ਬਾਬਾ ਮੱਖਣ ਸਿੰਘ ਨੇ ਵੀ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾਈ।ਤਰਨਾ ਦਲ ਦੇ 15ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਨੇ ਗੁਰਦੁਆਰਾ ਸਾਹਿਬ ਵਿਖੇ ਨਵੇ ਲੰਗਰ ਘਰ ਦੀ ਇਮਾਰਤ ਦੀ ਸੇਵਾ ਆਰੰਭ ਕਰਵਾਈ। ਇਸ ਮਹਾਨ ਸੇਵਾ ਨੂੰ ਤਰਨਾ ਦਲ ਦੇ 16ਵੇਂ ਮੁਖੀ, ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਵੱਲੋਂ ਵਿਸ਼ੇਸ਼ ਯੋਗਦਾਨ ਪਾ ਕੇ ਲੰਗਰ ਹਾਲ ਦੀ ਇਮਾਰਤ ਦੀ ਸੰਪੂਰਨਤਾ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਈ ਗਈ। ਉਹਨਾਂ ਦੱਸਿਆ ਕਿ ਇਹ ਲੰਗਰ ਹਾਲ 24 ਘੰਟੇ ਖੁੱਲ੍ਹਾ ਰਹੇਗਾ ।ਇਸ ਲੰਗਰ ਹਾਲ ਵਿੱਚ 24 ਘੰਟੇ ਲੰਗਰ ਦੇ ਨਾਲ-ਨਾਲ ਸ਼ਰਦਾਈ ਅਤੇ ਦੇਗ ਦੀ ਵੀ ਸੇਵਾ ਚਲਦੀ ਰਹੇਗੀ। ਉਦਘਾਟਨ ਸਮੇਂ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲੀਆਂ ਦੇ ਪ੍ਰਿੰਸੀਪਲ ਡਾ. ਪਲਵਿੰਦਰ ਪਾਲ ਸਿੰਘ, ਰਿਟਾਇਡ ਸੂਬੇਦਾਰ ਅਮਰੀਕ ਸਿੰਘ, ਬਾਬਾ ਅਮਰਦੀਪ ਸਿੰਘ, ਬਾਬਾ ਪਰਮਿੰਦਰ ਬੀਰ ਸਿੰਘ, ਬਾਬਾ ਅਮਰਜੀਤ ਸਿੰਘ, ਬਾਬਾ ਜੱਸਾ ਸਿੰਘ (ਸ੍ਰੀਮਾਨ), ਅਜੀਤ ਸਿੰਘ ( ਫੋਰਮੈਨ), ਬਿੱਲਾ ਸਿੰਘ ( ਮਿਸਤਰੀ ), ਬਾਬਾ ਕਰਮ ਸਿੰਘ , ਬਾਬਾ ਬਲਵਿੰਦਰ ਸਿੰਘ (ਮੁਗਲ ਚੱਕ), ਬਾਬਾ ਤਰਨਾ ਸਿੰਘ, ਬਲਰਾਜ ਸਿੰਘ ਮੱਲੀ, ਹਰੀ ਸਿੰਘ ਮੱਲੀ, ਗੁਰਪ੍ਰੀਤ ਸਿੰਘ ਰਾਜੂ, ਪੱਤਰਕਾਰ ਹਰਵਿੰਦਰ ਸਿੰਘ ਲਾਡੀ, ਬਲਜਿੰਦਰ ਸਿੰਘ ਲਾਡੀ, ਸੁਪਰੀਮ ਸਿੰਘ, ਹਰਮਨਦੀਪ ਸਿੰਘ, ਮੰਨਾ ਸਿੰਘ, ਬੀਬੀ ਸ਼ਾਹਣੀ ਜੀ ਅਤੇ ਹੋਰ ਨਗਰ ਦੀ ਸਮੂਹ ਸੰਗਤ ਹਾਜ਼ਰ ਸਨ।

# ਮੀਰੀ ਪੀਰੀ ਖਾਲਸਾ ਮਾਰਚ ਨਗਰ ਕੀਰਤਨ ਕਸਬਾ ਹਰਚੋਵਾਲ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ

**ਧਾਰੀਵਾਲ/ਹਰਚੋਵਾਲ (ਮਨਦੀਪ ਵਿੱਕੀ)**- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋਏ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਨੂੰ



ਸਮਰਪਤ ਮੀਰੀ ਪੀਰੀ ਖ਼ਾਲਸਾ ਮਾਰਚ ਮਹਾਨ ਨਗਰ ਕੀਰਤਨ ਕਸਬਾ ਹਰਚੋਵਾਲ ਵਿਖੇ ਪਹੁੰਚਣ 'ਤੇ ਸਵਾਗਤ ਕਰਦਿਆਂ ਮਿਸਲ ਸ਼ਹੀਦ ਭਾਈ ਤਾਰੂ ਸਿੰਘ ਤਰਨਾ ਦਲ ਦੇ ਮੁਖੀ ਭਾਈ ਰਣਜੀਤ ਸਿੰਘ ਪੂਹਲਾ, ਸ਼ੋਮਣੀ ਜਰਨੈਲ ਤਰਨਾ ਦਲ ਬਾਬਾ ਜਰਨੈਲ ਸਿੰਘ ਅਨੰਦਪੁਰ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਰਿਆੜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਸਿਰੋਪਾਓ ਦੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਆਰੰਭ ਹੋਇਆ ਇਹ ਖ਼ਾਲਸਾ ਮਾਰਚ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਹਰਚੋਵਾਲ ਪਹੁੰਚਣ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸੰਗਤਾਂ ਧੰਨਵਾਦ ਕੀਤਾ ਅਤੇ ਸਮੂਹ ਸੰਗਤਾਂ ਨੂੰ ਗੁਰੂ ਹਰਗੋਬਿੰਦਪੁਰ ਦੇ ਸਿਧਾਂਤਾਂ 'ਤੇ ਚੱਲਣ ਦਾ ਉਪਦੇਸ਼ ਦਿੱਤਾ ਗਿਆ। ਇਸ ਮੌਕੇ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਰਾਜਬੀਰ ਸਿੰਘ ਘੁੰਮਣ, ਨਿਹੰਗ ਸਿੰਘ ਜਥੇਦਾਰ ਰਣਜੀਤ ਸਿੰਘ ਪੂਹਲਾ, ਦਲਬੀਰ ਸਿੰਘ ਅਨੰਦਪੁਰ ਸਾਹਿਬ, ਉਘੇ ਸਮਾਜ ਸੇਵੀ ਭਾਈ ਗਗਨਦੀਪ ਸਿੰਘ ਰਿਆੜ, ਜਥੇਦਾਰ ਬਲਦੇਵ ਸਿੰਘ, ਲਵਪ੍ਰੀਤ ਸਿੰਘ, ਸਾਬਕਾ ਸਰਪੰਚ ਮੰਗਲ ਸਿੰਘ, ਸਾਬਕਾ ਸਰਪੰਚ ਗੁਰਦੇਵ ਸਿੰਘ, ਜਥੇਦਾਰ ਬਖਸ਼ੀਸ਼ ਸਿੰਘ, ਬਾਬਾ ਸੁਖਦੇਵ ਸਿੰਘ, ਤੇਜਪਾਲ ਸਿੰਘ, ਸਤਿਨਾਮ ਸਿੰਘ ਬਾਬਾ ਬਕਾਲਾ, ਇੰਦਰਜੀਤ ਸਿੰਘ, ਅਕਾਸ਼ਦੀਪ ਸਿੰਘ, ਸਹਿਬ ਸਿੰਘ, ਕਿਰਨਦੀਪ ਸਿੰਘ, ਕਾਕਾ ਮਹਿਤਾ ਚੌਂਕ, ਪਰਮਜੀਤ ਸਿੰਘ, ਜੁਗਰਾਜ ਸਿੰਘ, ਗੁਰਭੇਜ ਸਿੰਘ, ਅਵਤਾਰ ਸਿੰਘ ਖਹਿਰਾ, ਰਾਜਨ ਸਿੰਘ, ਆਦਿ ਸੇਵਾਦਾਰਾਂ ਵੱਲੋਂ ਪੰਜ ਪਿਆਰਿਆਂ ਨੂੰ ਵਿਸ਼ੇਸ਼ ਤੌਰ 'ਤੇ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਨਿਹੰਗ ਸਿੰਘ ਜਥੇਬੰਦੀ ਵੱਲੋਂ ਸੰਗਤਾਂ ਲਈ ਛਬੀਲ ਲਗਾਈ ਗਈ।

ਨਵਾਂ ਜ਼ਮਾਨਾ
ਬੁੱਧਵਾਰ, 23 ਸਤੰਬਰ 2026

# ਸਿਆਸੀ ਨੈਤਿਕਤਾ

ਲੰਘੇ ਸਨਿੱਚਰਵਾਰ ਇੰਦੌਰ ਵਿੱਚ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਵਿੱਚ ਕਾਮੇਡੀਅਨ ਪੁਲਕਿਤ ਮਨੀ ਨੇ ਰਾਹੁਲ ਗਾਂਧੀ ਨੂੰ ਆਪਣੇ ਸਹਾਰੇ ਵਜੋਂ ਵਰਤ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਸ਼ਵ ਨੇਤਾਵਾਂ ਨੂੰ ਜੱਫੀ ਪਾਉਣ ਦੀ ਆਦਤ ਅਤੇ ਬੱਚਿਆਂ ਨਾਲ ਖੇਡਣ ਦੇ ਤਰੀਕੇ ਦੀ ਨਕਲ ਕੀਤੀ ਸੀ। ਉਸ ਨੇ 2024 ਦੀ ਹਾਵੜਾ ਰੈਲੀ ਵਿੱਚ ਮੋਦੀ ਵੱਲੋਂ ਸਰੋਤਿਆਂ ਨੂੰ ਇੱਕ ਬਜ਼ੁਰਗ ਮਾਤਾ ਨੂੰ ਕੁਰਸੀ ਦੇਣ ਲਈ ਕਹਿਣ ਦੇ ਤਰੀਕੇ ਦਾ ਵੀ ਮਜ਼ਾਕ ਉਡਾਇਆ। ਕੁਦਰਤੀ ਸੀ ਕਿ ਹੁਕਮਰਾਨਾਂ ਨੂੰ ਇਸ 'ਤੇ ਗੁੱਸਾ ਆਉਣਾ ਸੀ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਇਨ੍ਹਾਂ ਟਿੱਪਣੀਆਂ ਨੂੰ ਘਟੀਆ ਦੱਸਣ ਦੇ ਨਾਲ-ਨਾਲ ਪ੍ਰਧਾਨ ਮੰਤਰੀ ਦੀ ਮਾਂ ਦਾ ਅਪਮਾਨ ਕਰਨ ਦੇ ਬਰਾਬਰ ਦੱਸ ਦਿੱਤਾ। ਹਾਲਾਂਕਿ ਕਾਮੇਡੀਅਨ ਨੇ ਬੰਗਾਲ ਦੀ ਮਾਤਾ ਦੀ ਘਟਨਾ ਦਾ ਹਵਾਲਾ ਦਿੱਤਾ ਸੀ।

ਰਾਹੁਲ ਗਾਂਧੀ ਨੇ ਆਪਣੀ ਤਰਫੋਂ ਕੋਈ ਟਿੱਪਣੀ ਨਹੀਂ ਕੀਤੀ, ਪਰ ਭਾਜਪਾ ਆਗੂ ਕਾਮੇਡੀਅਨ ਦੀ ਥਾਂ ਰਾਹੁਲ ਨੂੰ ਹੀ ਨਿਸ਼ਾਨਾ ਬਣਾ ਰਹੇ ਹਨ। ਉਹ ਇਹ ਭੁੱਲ ਰਹੇ ਹਨ ਕਿ ਮੋਦੀ ਨੇ 2004 ਵਿੱਚ ਸੋਨੀਆ ਗਾਂਧੀ ਨੂੰ 'ਜਰਸੀ ਗਾਂ' ਅਤੇ ਰਾਹੁਲ ਗਾਂਧੀ ਨੂੰ 'ਦੋਨਸਲਾ ਵੱਛਾ' ਕਿਹਾ ਸੀ। 2012 ਵਿੱਚ ਉਨ੍ਹਾ ਤੱਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਮੌਨਮੋਹਨ' ਕਿਹਾ ਅਤੇ 2013 ਅਤੇ 2014 ਵਿੱਚ ਭਾਜਪਾ ਲੋਕਾਂ ਨੂੰ ਮਨਮੋਹਨ ਸਿੰਘ ਵਰਗਾ ਪਹਿਰਾਵਾ ਪੁਆਉਂਦੀ ਸੀ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਉਣ ਲਈ ਘੁੰਮਾਉਂਦੀ ਸੀ। 2012 ਵਿੱਚ ਮੋਦੀ ਨੇ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਨੂੰ 50 ਕਰੋੜ ਦੀ ਪ੍ਰੇਮਿਕਾ ਵਜੋਂ ਦਰਸਾਇਆ। 2018 ਵਿੱਚ 'ਕਾਂਗਰਸ ਦੀ ਵਿਧਵਾ' ਦਾ ਉਨ੍ਹਾ ਦਾ ਬਿਆਨ ਸੋਨੀਆ ਗਾਂਧੀ 'ਤੇ ਇੱਕ ਮਜ਼ਾਕ ਵਜੋਂ ਵਿਆਪਕ ਤੌਰ 'ਤੇ ਦੇਖਿਆ ਗਿਆ ਸੀ। ਉਨ੍ਹਾ 2019 ਵਿੱਚ ਰਾਹੁਲ ਦਾ ਮਜ਼ਾਕ ਉਡਾਉਣ ਲਈ ਡਿਸਲੈਕਸੀਆ ਬਾਰੇ ਸਕੂਲੀ ਬੱਚਿਆਂ ਨਾਲ ਗੱਲਬਾਤ ਦੀ ਵਰਤੋਂ ਕੀਤੀ। 2021 ਦੀਆਂ ਬੰਗਾਲ ਚੋਣਾਂ ਦੌਰਾਨ ਮੋਦੀ ਨੇ ਗਲੀ ਦੇ ਸ਼ੋਹਦਿਆਂ ਵਾਂਗ ਮਮਤਾ ਬੈਨਰਜੀ ਨੂੰ 'ਦੀਦੀ-ਓ-ਦੀਦੀ' ਕਿਹਾ। ਹੁਣ ਤ੍ਰਿਣਮੂਲ ਕਾਂਗਰਸ ਦੇ ਸਾਂਸਦ ਮਹੂਆ ਮੋਇਤਰਾ ਦਾ ਕਹਿਣਾ ਹੈ ਕਿ ਮੋਦੀ ਬਾਰੇ ਕੀਤੇ ਜਾ ਰਹੇ ਮਜ਼ਾਕ ਬਹੁਤ ਹੀ ਜ਼ਰੂਰੀ ਤੇ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਵਰਤਾਰਾ ਹੈ। ਬਿਨਾਂ ਕਿਸੇ ਡਰ ਦੇ ਪ੍ਰਧਾਨ ਮੰਤਰੀ ਨੂੰ ਠੋਕਣਾ ਇੱਕ ਲੋਕਤੰਤਰੀ ਅਧਿਕਾਰ ਹੈ, ਜਿਸ ਤੋਂ ਭਾਰਤੀਆਂ ਨੂੰ ਲੰਮੇ ਸਮੇਂ ਤੋਂ ਮਹਿਰੂਮ ਰੱਖਿਆ ਗਿਆ।

ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਭਾਜਪਾ ਨੂੰ ਵੀ ਉਹੀ ਸਲੂਕ ਭੁਗਤਣਾ ਪਵੇਗਾ, ਜੋ ਉਸ ਨੇ ਦੂਜਿਆਂ ਨਾਲ ਕੀਤਾ। ਹੁਣ ਉਹ ਸਤਿਕਾਰ ਅਤੇ ਮਾਣ ਦੀ ਗੱਲ ਕਰ ਰਹੀ ਹੈ।

ਮੋਦੀ ਦੀ ਜੀਵਨੀ ਲਿਖਣ ਵਾਲੇ ਨੀਲਾਂਜਨ ਮੁਖੋਪਾਧਿਆਏ ਵੀ ਮੰਨਦੇ ਹਨ ਕਿ ਇਹ ਮੋਦੀ ਹੀ ਹਨ, ਜਿਨ੍ਹਾ ਨੇ ਬਹੁਤ ਜ਼ਿਆਦਾ ਨਿੱਜੀ ਹਮਲਿਆਂ ਨਾਲ ਲੱਕ ਤੋਂ ਹੇਠਾਂ ਵਾਰ ਕੀਤੇ। ਇਸ ਸਭ ਤੋਂ ਬਾਅਦ ਇਹ ਕਹਿਣਾ ਕਿ ਰਾਹੁਲ ਨੇ ਪ੍ਰਧਾਨ ਮੰਤਰੀ ਦੇ ਦਫਤਰ ਨੂੰ ਬਦਨਾਮ ਕੀਤਾ ਹੈ, ਵਾਜਬ ਨਹੀਂ ਲਗਦਾ। ਮੋਦੀ ਨੇ ਹੀ ਸਿਆਸੀ ਨੈਤਿਕਤਾ ਨੂੰ ਪਤਿਤ ਕੀਤਾ ਅਤੇ ਹੁਣ ਦੂਜੇ ਵੀ ਉਸੇ ਸਿੱਕੇ ਨਾਲ ਜਵਾਬ ਦੇ ਰਹੇ ਹਨ। 20 ਜੁਲਾਈ (ਪੇਪਰ ਲੀਕ ਵਿਰੋਧ ਪ੍ਰਦਰਸ਼ਨ) ਤੋਂ ਬਾਅਦ ਲੋਕ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾ ਰਹੇ ਹਨ, ਇਹ ਅਸਲ ਵਿੱਚ ਭਾਜਪਾ ਨੂੰ ਸੱਟ ਮਾਰ ਰਿਹਾ ਹੈ...ਇਹ ਪ੍ਰਧਾਨ ਮੰਤਰੀ ਦੇ ਅਕਸ ਨੂੰ ਕਮਜ਼ੋਰ ਕਰ ਰਿਹਾ ਹੈ, ਪਰ ਇਹ ਕਹਿਣਾ ਬਹੁਤ ਜਲਦੀ ਹੋਵੇਗੀ ਕਿ ਲੋਕ ਮਖੌਲੀਆਂ ਕਾਰਨ ਭਾਜਪਾ ਨੂੰ ਵੋਟ ਨਹੀਂ ਦੇਣਗੇ। ਸਿਆਸੀ ਲੜਾਈ ਦੀ ਵੀ ਮਰਿਆਦਾ ਹੁੰਦੀ ਹੈ। ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਵਾਲੇ ਲੋਕਤੰਤਰੀ ਦੇਸ਼ ਵਿੱਚ ਸਿਹਤਮੰਦ ਮਜ਼ਾਕ ਕਰਨਾ ਮਾੜੀ ਗੱਲ ਨਹੀਂ, ਪਰ ਨਿੱਜੀ ਹਮਲੇ ਸ਼ੋਭਾ ਨਹੀਂ ਦਿੰਦੇ। ਭਾਸ਼ਾ ਦੀ ਸ਼ਾਨ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ ਤੇ ਇਸ ਦੀ ਮੁੱਖ ਜ਼ਿੰਮੇਵਾਰੀ ਦੇਸ਼ ਦੇ ਮੁਖੀਆ ਦੀ ਹੈ। ਆਪੋਜ਼ੀਸ਼ਨ ਆਗੂਆਂ ਨੂੰ ਵੀ ਭਾਸ਼ਾ ਦੀ ਮਰਿਆਦਾ ਬਣਾਈ ਰੱਖਣੀ ਚਾਹੀਦੀ ਹੈ।

# ਕੀ ਨਸ਼ਾ ਹੀ ਪੰਜਾਬ ਦੀ ਇੱਕੋ-ਇੱਕ ਸਮੱਸਿਆ ਹੈ



ਗੁਰਮੀਤ ਸਿੰਘ ਪਲਾਹੀ

ਅੱਜ-ਕੱਲ੍ਹ ਨਸ਼ੇ ਦੇ ਮੁੱਦੇ 'ਤੇ ਪੂਰੇ ਪੰਜਾਬ ਵਿੱਚ ਤਰਥੱਲੀ ਮਚੀ ਹੋਈ ਹੈ। ਸਿਆਸੀ ਗਲਿਆਰਿਆਂ ਤੋਂ ਲੈ ਕੇ ਆਮ ਚਰਚਾਵਾਂ ਤੱਕ, ਕੁਝ ਇਸ ਕਿਸਮ ਦਾ ਮਾਹੌਲ ਉਸਾਰਿਆ ਜਾ ਰਿਹਾ ਹੈ, ਜਿਵੇਂ ਪੂਰਾ ਪੰਜਾਬ ਹੀ ਨਸ਼ੇ ਵਿੱਚ ਡੁੱਬਿਆ ਹੋਵੇ ਅਤੇ ਇਸ ਦਾ ਕੋਈ ਹੋਰ ਵਜੂਦ ਬਾਕੀ ਨਾ ਰਿਹਾ ਹੋਵੇ। ਜਿਸ ਢੰਗ ਨਾਲ ਕੇਂਦਰੀ ਹਕੂਮਤ ਵਿੱਚ ਬੈਠੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਸ਼ਿਆਂ ਦੇ ਵਿਰੋਧ ਵਿੱਚ ਸੜਕਾਂ 'ਤੇ ਉਤਰ ਰਹੀ ਹੈ, ਉਸ ਨੂੰ ਕੁਝ ਪਾਸਿਆਂ ਤੋਂ ਹਮਾਇਤ ਤਾਂ ਮਿਲ ਰਹੀ ਹੈ, ਪਰ ਬਹੁਤ ਸਾਰੀਆਂ ਥਾਵਾਂ 'ਤੇ ਉਸ ਦਾ ਤਿੱਖਾ ਵਿਰੋਧ ਵੀ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਪ੍ਰਭਾਵ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਸਭ ਤੋਂ ਵੱਡੀ ਅਤੇ ਸ਼ਾਇਦ ਇੱਕੋ-ਇੱਕ ਸਮੱਸਿਆ, ਨਸ਼ਾ ਹੀ ਹੈ।

ਇਹ ਗੱਲ ਕਿਸੇ ਤੋਂ ਛੁਪੀ ਨਹੀਂ ਕਿ ਪੰਜਾਬ ਵਿੱਚ ਸਿੰਥੈਟਿਕ ਨਸ਼ਿਆਂ ਦੀ ਆਮਦ ਦਾ ਇਲਜ਼ਾਮ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਰਾਜਕਾਲ 'ਤੇ ਲੱਗਦਾ ਰਿਹਾ ਹੈ, ਜਿਸ ਵੇਲੇ ਜਵਾਨੀ ਨੂੰ ਤਬਾਹ ਕਰਨ ਵਾਲੇ ਚਿੱਟੇ ਦਾ ਬੋਲਬਾਲਾ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਨਸ਼ੇ ਨੂੰ ਚਾਰ ਹਫ਼ਤਿਆਂ ਵਿੱਚ ਖ਼ਤਮ ਕਰਨ ਦੇ ਦਾਅਵੇ ਕੀਤੇ ਗਏ, ਪਰ ਨਤੀਜਾ ਜ਼ੀਰੋ ਰਿਹਾ।

ਅੱਜ ਇਸ ਮੁੱਦੇ 'ਤੇ ਸਿਆਸਤ ਜਿਸ ਨਿਘਾਰ ਵੱਲ ਜਾ ਰਹੀ ਹੈ, ਉਹ ਬਹੁਤ ਚਿੰਤਾਜਨਕ ਹੈ। ਪਿਛਲੇ ਦਿਨੀਂ ਰਵਨੀਤ ਬਿੱਟੂ ਦੇ ਮਾਮਲੇ 'ਚ ਜੋ ਘਟਨਾਕ੍ਰਮ ਵਾਪਰਿਆ, ਜਿੱਥੇ ਸੜਕਾਂ 'ਤੇ ਟਮਾਟਰ, ਆਂਡੇ ਅਤੇ ਸ਼ਰਾਬ ਲਿਆ ਕੇ ਪ੍ਰਦਰਸ਼ਨ ਕਰਨ ਅਤੇ ਮੁੱਖ ਮੰਤਰੀ ਦੇ ਕਾਫ਼ਲੇ ਦਾ ਘੇਰਾਓ ਕਰਨ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ, ਉਸ ਨਾਲ ਸਿਆਸੀ ਮਾਹੌਲ ਹੋਰ ਵੀ ਖ਼ਰਾਬ ਹੋਇਆ ਹੈ।

ਕੁਝ ਸਿਆਸੀ ਧਿਰਾਂ ਅਤੇ ਕੇਂਦਰੀ ਮੀਡੀਆ ਵੱਲੋਂ ਅਜਿਹਾ ਚਿਤਰਣ ਕੀਤਾ ਜਾਂਦਾ ਹੈ, ਜਿਵੇਂ ਪੰਜਾਬ ਹੀ ਦੇਸ਼ ਦਾ ਇੱਕੋ-ਇੱਕ ਅਜਿਹਾ ਸੂਬਾ ਹੈ, ਜੋ ਨਸ਼ੇ ਵਿੱਚ ਡੁੱਬਿਆ ਹੋਇਆ ਹੈ, ਪਰ ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਅਤੇ ਏਮਸ ਦੀ ਰਾਸ਼ਟਰੀ ਸਰਵੇਖਣ ਰਿਪੋਰਟ ਦੇ ਅੰਕੜੇ ਇੱਕ ਵੱਖਰੀ ਹੀ ਹਕੀਕਤ ਬਿਆਨ ਕਰਦੇ ਹਨ। ਰਾਸ਼ਟਰੀ ਅੰਕੜਿਆਂ ਮੁਤਾਬਕ ਪੂਰੇ ਭਾਰਤ ਵਿੱਚ 16 ਕਰੋੜ ਤੋਂ ਵੱਧ ਲੋਕ ਸ਼ਰਾਬ, 3.1 ਕਰੋੜ ਲੋਕ ਭੰਗ/ਗਾਂਜਾ ਅਤੇ 2.26 ਕਰੋੜ ਤੋਂ ਵੱਧ ਲੋਕ ਓਪੀਓਇਡਜ਼ (ਜਿਵੇਂ ਹੈਰੋਇਨ, ਚਿੱਟਾ ਆਦਿ) ਦੀ ਵਰਤੋਂ ਕਰਦੇ ਹਨ। ਓਪੀਓਇਡਜ਼ ਅਤੇ ਨਸ਼ੀਲੀਆਂ ਦਵਾਈਆਂ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਦੇਸ਼ ਵਿੱਚ ਸਭ ਤੋਂ ਵੱਧ ਪ੍ਰਭਾਵਤ ਰਾਜ ਮਿਜ਼ੋਰਮ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼, ਸਿੱਕਮ ਅਤੇ ਮਨੀਪੁਰ ਵਰਗੇ ਉੱਤਰ-ਪੂਰਬੀ ਰਾਜ ਹਨ। ਸ਼ਰਾਬ ਦੀ ਵਰਤੋਂ ਵਿੱਚ ਛੱਤੀਸਗੜ੍ਹ (35%) ਅਤੇ ਤ੍ਰਿਪੁਰਾ (34%) ਵਰਗੇ ਸੂਬੇ ਪੰਜਾਬ ਨਾਲੋਂ ਕਿਤੇ ਅੱਗੇ ਹਨ, ਜਦਕਿ ਗੁਆਂਢੀ ਰਾਜ ਹਰਿਆਣਾ ਵਿੱਚ ਵੀ ਨਸ਼ੇੜੀਆਂ ਦੀ ਦਰ ਪੰਜਾਬ ਦੇ ਬਰਾਬਰ ਹੀ ਹੈ। ਫਿਰ ਇਕੱਲੇ ਪੰਜਾਬ ਨੂੰ ਹੀ ਨਿਸ਼ਾਨੇ 'ਤੇ ਕਿਉਂ ਰੱਖਿਆ ਜਾ ਰਿਹਾ ਹੈ ?

ਜੇਕਰ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਦੀ ਗੱਲ ਕਰੀਏ, ਤਾਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਸਾਲ ਨਸ਼ਿਆਂ ਦੀ ਓਵਰਡੋਜ਼ ਨਾਲ 2,000 ਤੋਂ 2,500 ਦੇ ਕਰੀਬ ਮੌਤਾਂ ਦਰਜ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਪੰਜਾਬ ਵਿੱਚ ਸਰਕਾਰੀ ਰਿਕਾਰਡ ਅਨੁਸਾਰ ਸਾਲਾਨਾ 80 ਤੋਂ 100 ਦੇ ਕਰੀਬ ਮੌਤਾਂ ਦਰਜ ਹੁੰਦੀਆਂ ਹਨ, ਜਦਕਿ ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਰਗੇ ਵੱਡੇ ਸੂਬਿਆਂ ਵਿੱਚ ਵੀ ਇਹ ਅੰਕੜੇ ਪੰਜਾਬ ਦੇ ਆਸ-ਪਾਸ ਜਾਂ ਇਸ ਤੋਂ ਵੱਧ ਰਹਿੰਦੇ ਹਨ।

ਇਹ ਅੰਕੜੇ ਅੱਧੇ-ਅਧੂਰੇ ਅਤੇ ਹਕੀਕਤ ਤੋਂ ਕੋਹਾਂ ਦੂਰ ਹਨ। ਜਿਵੇਂ ਕਿਸਾਨੀ ਖ਼ੁਦਕੁਸ਼ੀਆਂ ਦੇ ਮਾਮਲੇ ਵਿੱਚ ਸਰਕਾਰਾਂ ਆਪਣੀ ਇੱਜ਼ਤ ਬਚਾਉਣ ਲਈ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਸਰਕਾਰੀ ਲਿਸਟਾਂ ਵਿੱਚ ਸ਼ਾਮਲ ਨਹੀਂ ਕਰਦੀਆਂ, ਉਹੀ ਖੇਡ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਵੀ ਖੇਡੀ ਜਾਂਦੀ ਹੈ।

ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲੇ ਬਹੁਤੇ ਨੌਜਵਾਨਾਂ ਦੀ ਮੌਤ ਨੂੰ ਪੁਲਸ ਅਤੇ ਪ੍ਰਸ਼ਾਸਨਿਕ ਰਿਕਾਰਡ ਵਿੱਚ 'ਹਾਰਟ ਅਟੈਕ', 'ਬਿਮਾਰੀ' ਜਾਂ 'ਕੁਦਰਤੀ ਮੌਤ' ਦਿਖਾ ਦਿੱਤਾ ਜਾਂਦਾ ਹੈ, ਤਾਂ ਜੋ ਸਰਕਾਰ ਦੀ ਨਾਕਾਮੀ 'ਤੇ ਪਰਦਾ ਪਾਇਆ ਜਾ ਸਕੇ ਅਤੇ ਪਰਵਾਰ ਵੀ ਸਮਾਜਿਕ ਬਦਨਾਮੀ ਦੇ ਡਰੋਂ ਪੋਸਟਮਾਰਟਮ ਕਰਵਾਉਣ ਤੋਂ ਕਤਰਾਉਂਦੇ ਹਨ। ਇਸ ਲਈ ਅਸਲ ਵਿੱਚ ਨਸ਼ਿਆਂ ਦੀ ਬਲੀ ਚੜ੍ਹਨ ਵਾਲੇ ਨੌਜਵਾਨਾਂ ਦੀ ਗਿਣਤੀ ਸਰਕਾਰੀ ਕਾਗਜ਼ਾਂ ਨਾਲੋਂ ਕਿਤੇ ਵੱਧ ਹੈ। ਇਹ ਚਿੱਟੇ ਦਿਨ ਵਾਂਗ ਸੱਚ ਹੈ।

ਇਸ ਦੇ ਬਾਵਜੂਦ ਸਿਰਫ਼ ਪੰਜਾਬ ਨੂੰ ਹੀ 'ਨਸ਼ੇੜੀ' ਅਤੇ ਨਸ਼ਿਆਂ ਦੇ ਕੇਂਦਰ ਵਜੋਂ ਪੇਸ਼ ਕਰਨਾ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਨੂੰ ਇੱਕ ਖ਼ਾਸ ਸਿਆਸੀ ਏਜੰਡੇ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਸਾਰਿਆਂ ਨੂੰ ਪਤਾ ਹੈ ਕਿ ਨਸ਼ਾ ਗੁਜਰਾਤ ਦੀਆਂ ਅਡਾਨੀ ਬੰਦਰਗਾਹਾਂ ਅਤੇ ਅੰਤਰਰਾਸ਼ਟਰੀ ਸਰਹੱਦਾਂ (ਜਿੱਥੇ ਬੀ ਐੱਸ ਐੱਫ ਤਾਇਨਾਤ ਹੈ) ਤੋਂ ਤਸਕਰ ਹੋ ਕੇ ਪੰਜਾਬ ਵਿੱਚ ਪਹੁੰਚਦਾ ਹੈ, ਪਰ ਬਦਨਾਮੀ ਦਾ ਸਾਰਾ ਦਾਗ਼ ਕੇਵਲ ਪੰਜਾਬੀ ਜਵਾਨੀ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ।

ਦਰਅਸਲ, ਇਹ ਪੂਰੇ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਕਿ ਭਾਜਪਾ ਕੇਂਦਰੀ ਤਾਕਤਾਂ, ਏਜੰਸੀਆਂ ਅਤੇ ਰਾਜਪਾਲਾਂ ਦੀ ਵਰਤੋਂ ਕਰਕੇ ਗੈਰ-ਭਾਜਪਾ ਸ਼ਾਸਿਤ ਰਾਜਾਂ ਵਿੱਚ ਅਜਿਹੀ ਹਲਚਲ ਅਤੇ ਦਖਲਅੰਦਾਜ਼ੀ ਪੈਦਾ ਕਰਦੀ ਹੈ, ਤਾਂ ਜੋ ਕਿਸੇ ਨਾ ਕਿਸੇ ਹੀਲੇ ਆਪਣਾ ਰਾਜ ਸਥਾਪਤ ਕੀਤਾ ਜਾ ਸਕੇ। ਪਿਛਲੇ ਦਿਨੀਂ ਇਹੋ ਕੁਝ ਪੱਛਮੀ ਬੰਗਾਲ ਵਿੱਚ ਵਾਪਰਿਆ । ਹੁਣ ਭਾਜਪਾ ਨੇ ਪੂਰੇ ਜ਼ੋਰ-ਸ਼ੋਰ ਨਾਲ ਪੰਜਾਬ ਨੂੰ ਹਥਿਆਉਣ ਦਾ ਫ਼ੈਸਲਾ ਕਰ ਲਿਆ ਹੈ। ਉਹ ਪੰਜਾਬ ਦੀ ਸਭ ਤੋਂ ਦੁਖਦੀ ਰਗ-ਨਸ਼ੇ 'ਤੇ ਟਾਰਗੇਟ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਲਾਉਣਾ ਚਾਹੁੰਦੇ ਹਨ, ਪਰ ਉਹ ਇਹ ਭੁੱਲ ਗਏ ਹਨ ਕਿ ਪੰਜਾਬੀ ਏਨੇ ਭੋਲੇ ਨਹੀਂ ਹਨ। ਪੰਜਾਬ ਦੇ ਲੋਕ ਇਹ ਕਦੇ ਨਹੀਂ ਭੁੱਲ ਸਕਦੇ ਕਿ ਤਿੰਨ ਖੇਤੀ ਕਾਨੂੰਨਾਂ ਵੇਲੇ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਕੇਹਾ ਜ਼ਾਲਮਾਨਾ ਵਿਹਾਰ ਕੀਤਾ ਸੀ, ਜਿੱਥੇ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਸਨ। ਭਾਜਪਾ ਇਸ ਗੱਲ ਨੂੰ ਵੀ ਅੱਖੋਂ-ਓਹਲੇ ਕਰ ਰਹੀ ਹੈ ਕਿ ਉਹ ਅੱਜ ਵੀ ਪੰਜਾਬ ਨੂੰ ਉਸ ਦੀ ਰਾਜਧਾਨੀ ਚੰਡੀਗੜ੍ਹ ਦੇਣ ਤੋਂ ਸਾਫ਼ ਮੁਕਰ ਰਹੀ ਹੈ।

ਪੰਜਾਬ ਦੇ ਪਾਣੀਆਂ ਦੀ ਜਿਹੜੀ ਰਿਪੇਰੀਅਨ ਕਾਨੂੰਨ ਮੁਤਾਬਕ ਸਹੀ ਵੰਡ ਕੀਤੇ ਜਾਣ ਦੀ ਲੋੜ ਹੈ, ਉਸ ਦੀ ਗੱਲ ਕਰਨ ਦੀ ਬਜਾਏ ਕੇਂਦਰ ਹਮੇਸ਼ਾ ਪੰਜਾਬ ਦੇ ਪਾਣੀ ਖੋਹਣ ਦੇ ਹੱਕ ਵਿੱਚ ਭੁਗਤਦਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਹੋਰ ਲਟਕਦੇ ਮੁੱਦੇ ਹੋਣ ਜਾਂ ਸੂਬਿਆਂ ਨੂੰ ਖ਼ੁਦਮੁਖ਼ਤਿਆਰੀ ਅਤੇ ਵੱਧ ਅਧਿਕਾਰ ਦੇਣ ਦੇ ਮਸਲੇ ਹੋਣ-ਭਾਜਪਾ ਹਮੇਸ਼ਾ ਇਨ੍ਹਾਂ ਦਾ ਵਿਰੋਧ ਕਰਦੀ ਆਈ ਹੈ। ਪੰਜਾਬੀ ਕੇਂਦਰ ਦੀ ਇਸ ਸੂਬਾ-ਵਿਰੋਧੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਦੇ।

ਨਸ਼ਿਆਂ ਦੇ ਮੁੱਦੇ ਤੋਂ ਇਲਾਵਾ ਪੰਜਾਬ ਦੀ ਰਾਜਨੀਤੀ ਵਿੱਚ ਆਇਆ ਰਾਮ, ਗਿਆ ਰਾਮ ਦਾ ਰੁਝਾਨ ਵੱਡੀ ਪੱਧਰ 'ਤੇ ਹਾਵੀ ਹੋ ਚੁੱਕਾ ਹੈ। ਪਹਿਲਾਂ ਇਹ ਰਾਜਨੀਤੀ 'ਆਮ ਆਦਮੀ' ਅਤੇ ਹੋਰਨਾਂ ਧਿਰਾਂ ਵੱਲੋਂ ਚਲਾਈ ਗਈ ਸੀ, ਪਰ ਹੁਣ ਭਾਜਪਾ ਵੀ ਇਸ ਖੇਡ ਵਿੱਚ ਪੂਰੀ ਤਰ੍ਹਾਂ ਕੁੱਦ ਪਈ ਹੈ। ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟ ਜਾਂ ਅਸੰਤੁਸ਼ਟ ਆਗੂਆਂ ਨੂੰ ਤੋੜ ਕੇ ਆਪਣੇ ਨਾਲ ਰਲਾਉਣ ਅਤੇ ਵੋਟ ਬੈਂਕ ਹਥਿਆਉਣ ਦੀ ਇਸ ਨੰਗੀ-ਚਿੱਟੀ ਕੋਸ਼ਿਸ਼ ਨੇ ਅਸੂਲਾਂ, ਇਖ਼ਲਾਕ ਅਤੇ ਵਿਚਾਰਧਾਰਾ ਦੀ ਸਿਆਸਤ ਦਾ ਪੂਰੀ ਤਰ੍ਹਾਂ ਭੋਗ ਪਾ ਦਿੱਤਾ ਹੈ। ਇਸ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਨੌਜਵਾਨਾਂ ਦੀ ਮਾਨਸਿਕਤਾ 'ਤੇ ਪੈ ਰਿਹਾ ਹੈ। ਮਨੋਵਿਗਿਆਨਕ ਤੌਰ 'ਤੇ ਪੰਜਾਬ ਦਾ ਨੌਜਵਾਨ ਅੱਜ ਆਪਣੇ ਸਿਆਸਤਦਾਨਾਂ ਪ੍ਰਤੀ ਘੋਰ ਬੇਯਕੀਨੀ, ਨਿਰਾਸ਼ਾ ਅਤੇ ਬੇਗਾਨਗੀ ਨਾਲ ਭਰਿਆ ਹੋਇਆ ਹੈ।

ਪੰਜਾਬੀ ਹਮੇਸ਼ਾ ਹੀ ਉੱਚੇ-ਸੁੱਚੇ ਅਖ਼ਲਾਕ, ਸਿਧਾਂਤਾਂ ਦੀ ਗੱਲ ਕਰਨ ਵਾਲੇ, ਅਣਖੀ ਅਤੇ ਮਿਲਾਪੜੇ ਸੁਭਾਅ ਵਾਲੇ ਗਿਣੇ ਜਾਂਦੇ ਰਹੇ ਹਨ, ਪਰ ਅੱਜ ਸਿਆਸਤਦਾਨਾਂ ਵੱਲੋਂ ਇੱਕ-ਦੂਜੇ ਦੀ ਕੀਤੀ ਜਾ ਰਹੀ ਘਟੀਆ ਪੱਧਰ ਦੀ ਕਿਰਦਾਰਕੁਸ਼ੀ, ਗਾਲੀ-ਗਲੋਚ ਅਤੇ ਜ਼ਹਿਰੀਲੀ ਬਿਆਨਬਾਜ਼ੀ ਨੇ ਪੰਜਾਬ ਦੇ ਸੁਖਾਵੇਂ ਸਮਾਜਿਕ ਮਾਹੌਲ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਅਸਲ ਵਿੱਚ ਅੱਜ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਜਾਂ ਗਰਮਾਉਣ ਲਈ ਸਿਰਫ਼ ਸਿਆਸਤਦਾਨ ਅਤੇ ਉਨ੍ਹਾਂ ਦੇ ਕੁਝ ਪਿਛਲੱਗੂ ਹੀ ਯਤਨਸ਼ੀਲ ਹਨ, ਜੋ ਆਪਣੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੇ ਹਨ। ਆਮ ਪੰਜਾਬੀ ਅਜੇ ਵੀ ਗੰਭੀਰਤਾ ਨਾਲ ਚੁੱਪ ਕਰਕੇ ਇਹ ਸਭ ਕੁਝ ਦੇਖ ਰਿਹਾ ਹੈ। ਉਹਨਾਂ ਦੇ ਮਨ ਵਿੱਚ ਨੇਤਾਵਾਂ ਪ੍ਰਤੀ ਭਾਰੀ ਰੋਸ, ਗੁੱਸਾ ਅਤੇ ਦੁੱਖ ਹੈ ਕਿ ਉਨ੍ਹਾਂ ਦੇ ਰੰਗਲੇ ਸੂਬੇ ਨਾਲ ਕਿਸ ਕਿਸਮ ਦਾ ਘਿਨੌਣਾ ਮਜ਼ਾਕ ਕੀਤਾ ਜਾ ਰਿਹਾ ਹੈ। ਹਾਲਾਂਕਿ, ਕਿਤੇ-ਕਿਤੇ ਇਹ ਜ਼ਰੂਰ ਦੇਖਣ ਨੂੰ ਮਿਲਦਾ ਹੈ ਕਿ ਜਦੋਂ 1000-1500 ਰੁਪਏ ਮਹੀਨਾ ਦੇਣ ਜਾਂ ਬਿਜਲੀ ਬਿੱਲ ਮਾਫ਼ ਕਰਨ ਵਰਗੀਆਂ ਯੋਜਨਾਵਾਂ ਦੀ ਗੱਲ ਹੁੰਦੀ ਹੈ, ਤਾਂ ਆਰਥਿਕ ਤੰਗੀ ਝੱਲ ਰਹੇ ਲੋਕ ਜਾਂ ਔਰਤਾਂ ਇਸ 'ਤੇ ਥੋੜ੍ਹਾ ਬਹੁਤ ਹੁੰਗਾਰਾ ਭਰਦੇ ਹਨ, ਪਰ ਇਹ ਕੋਈ ਸਥਾਈ ਹੱਲ ਨਹੀਂ ।ਬਹੁਤੀਆਂ ਹਾਲਤਾਂ ਵਿੱਚ ਆਮ ਪੰਜਾਬੀ ਅੰਦਰੋਂ ਬਹੁਤ ਪਰੇਸ਼ਾਨ ਹੈ ਕਿ ਸਿਆਸੀ ਧਿਰਾਂ ਅਸਲ ਮੁੱਦਿਆਂ 'ਤੇ ਗੱਲ ਕਰਨ ਦੀ ਬਜਾਏ ਪੰਜਾਬ ਨੂੰ ਭੀਖ ਅਤੇ ਬਦਨਾਮੀ ਦੇ ਚੌਰਾਹੇ 'ਤੇ ਖੜ੍ਹਾ ਕਰ ਰਹੀਆਂ ਹਨ।

ਸਿਆਸੀ ਪਾਰਟੀਆਂ ਨਸ਼ੇ ਦੇ ਰੌਲੇ ਅਤੇ ਮੁਫ਼ਤ ਦੀਆਂ ਗਾਰੰਟੀਆਂ ਦੀ ਆੜ ਹੇਠ ਪੰਜਾਬ ਦੀਆਂ ਅਸਲ ਬੁਨਿਆਦੀ ਸਮੱਸਿਆਵਾਂ 'ਤੇ ਸਾਜ਼ਿਸ਼ੀ ਚੁੱਪੀ ਧਾਰੀ ਬੈਠੀਆਂ ਹਨ। ਪੰਜਾਬ ਦੀ ਆਰਥਿਕਤਾ ਲਗਾਤਾਰ ਡਾਵਾਂਡੋਲ ਹੋ ਰਹੀ ਹੈ, ਰਾਜ 'ਤੇ 3.5 ਲੱਖ ਕਰੋੜ ਰੁਪਏ ਤੋਂ ਵੱਧ ਦਾ ਭਾਰੀ ਕਰਜ਼ਾ ਚੜ੍ਹਿਆ ਹੋਇਆ ਹੈ ਅਤੇ ਪੜ੍ਹੇ-ਲਿਖੇ ਨੌਜਵਾਨਾਂ ਲਈ ਸਨਮਾਨਜਨਕ ਰੋਜ਼ਗਾਰ ਦੀ ਘਾਟ ਹੈ। ਇਸੇ ਨਿਰਾਸ਼ਾ ਦੇ ਚਲਦਿਆਂ ਪੰਜਾਬ ਦਾ ਅਰਬਾਂ ਰੁਪਿਆ ਅਤੇ ਲੱਖਾਂ ਨੌਜਵਾਨ ਹਰ ਸਾਲ ਆਇਲੇਟਸ ਕਰਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ, ਜਿਸ ਨਾਲ ਪੰਜਾਬ ਦਾ 'ਬਰੇਨ ਡਰੇਨ' ਅਤੇ 'ਕੈਪੀਟਲ ਡਰੇਨ' ਹੋ ਰਿਹਾ ਹੈ। ਦੂਜੇ ਪਾਸੇ ਧਰਤੀ ਹੇਠਲਾ ਡਿੱਗਦਾ ਭੂ-ਜਲ ਪੱਧਰ, ਕਿਸਾਨੀ ਸਿਰ ਚੜ੍ਹਿਆ ਕਰਜ਼ਾ, ਫ਼ਸਲੀ ਚੱਕਰ ਦਾ ਸੰਕਟ ਅਤੇ ਪ੍ਰਦੂਸ਼ਤ ਹੁੰਦਾ ਪਾਣੀ-ਹਵਾ ਪੰਜਾਬ ਦੀ ਖੇਤੀਬਾੜੀ ਅਤੇ ਵਾਤਾਵਰਣ ਲਈ ਵਜੂਦੀ ਖ਼ਤਰਾ ਬਣ ਚੁੱਕੇ ਹਨ।

ਆਉਣ ਵਾਲੀਆਂ ਚੋਣਾਂ ਪੰਜਾਬ ਦੇ ਭਵਿੱਖ ਅਤੇ ਇਸ ਦੀ ਹੋਂਦ ਲਈ ਬਹੁਤ ਅਹਿਮ ਹਨ। ਪੰਜਾਬ ਦੇ ਲੋਕਾਂ, ਬੁੱਧੀਜੀਵੀਆਂ ਅਤੇ ਵੋਟਰਾਂ ਨੂੰ ਹੁਣ ਇਹ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ ਕਿ ਉਹ ਕਿਸ ਕਿਸਮ ਦੇ ਲੋਕਾਂ ਨੂੰ ਆਪਣੀ ਸਰਕਾਰ ਬਣਾਉਣ ਲਈ ਚੁਣਨਾ ਚਾਹੁੰਦੇ ਹਨ।

ਕੀ ਪੰਜਾਬੀ ਅਜਿਹੇ ਨੇਤਾਵਾਂ ਨੂੰ ਚੁਣਨਗੇ, ਜੋ ਰੋਜ਼ਾਨਾ ਪਾਰਟੀਆਂ ਬਦਲਦੇ ਹਨ, ਇੱਕ-ਦੂਜੇ 'ਤੇ ਬਦਲੇਖੋਰੀ ਤਹਿਤ ਐੱਫ ਆਈ ਆਰ ਦਰਜ ਕਰਵਾਉਂਦੇ ਹਨ ਅਤੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਨਸ਼ੇੜੀ ਕਹਿ ਕੇ ਬਦਨਾਮ ਕਰਦੇ ਹਨ ਜਾਂ ਫਿਰ ਉਹ ਅਜਿਹੇ ਸੂਝਵਾਨ, ਅਣਖੀ ਅਤੇ ਇਮਾਨਦਾਰ ਨੇਤਾਵਾਂ ਦਾ ਸਾਥ ਦੇਣਗੇ, ਜੋ ਪੰਜਾਬ ਦੀ ਆਰਥਿਕਤਾ ਨੂੰ ਪੈਰਾਂ 'ਤੇ ਖੜ੍ਹਾ ਕਰਨ, ਕਿਸਾਨੀ ਨੂੰ ਬਚਾਉਣ, ਚੰਗੀ ਸਿੱਖਿਆ-ਸਿਹਤ ਦੇਣ, ਰੋਜ਼ਗਾਰ ਦੇਣ, ਪਾਣੀਆਂ ਦੇ ਹੱਕਾਂ, ਚੰਡੀਗੜ੍ਹ ਦੀ ਵਾਪਸੀ, ਰਾਜਾਂ ਦੀ ਖ਼ੁਦਮੁਖ਼ਤਿਆਰੀ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਠੋਸ ਅਤੇ ਸਥਾਈ ਨੀਤੀਆਂ ਸਾਹਮਣੇ ਲਿਆਉਂਦੇ ਹਨ ?

ਸਿਆਸੀ ਪਾਰਟੀਆਂ ਨੂੰ ਕਿਰਦਾਰਕੁਸ਼ੀ, ਇਲਜ਼ਾਮਬਾਜ਼ੀ ਅਤੇ ਬਦਨਾਮੀ ਦੀ ਰਾਜਨੀਤੀ ਛੱਡ ਕੇ ਲੋਕ-ਹਿੱਤਾਂ ਪ੍ਰਤੀ ਜਵਾਬਦੇਹੀ ਦੀ ਰਾਜਨੀਤੀ ਕਰਨੀ ਪਵੇਗੀ। ਇਸ ਵਾਰ ਆਮ ਪੰਜਾਬੀ ਦੀ ਇਹ ਗੰਭੀਰ 'ਖ਼ਾਮੋਸ਼ੀ' ਚੋਣਾਂ ਵਿੱਚ ਇੱਕ ਵੱਡਾ ਧਮਾਕਾ ਕਰਕੇ ਆਪਣਾ ਇਤਿਹਾਸਕ ਫ਼ੈਸਲਾ ਸੁਣਾਏਗੀ।

# ਸੰਪਰਕ : 98158-02070

# ਬਿੱਟੂ ਤਬਾਹੀ ਨੇ ਕਰ ਦਿੱਤੀ ਇੱਕ ਨਵੀਂ ਪਹਿਲ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਕੋਈ ਬਦਲਾਅ ਲਿਆਉਣਾ ਚਾਹਵੇ , ਇਹਦੇ ਲਈ ਇਨਸਾਨ ਦੀ ਜ਼ਿੱਦ ਅਤੇ ਹੌਸਲਾ ਹੀ ਕਾਫ਼ੀ ਹੁੰਦਾ ਹੈ। ਬਦਲਾਅ ਲਈ ਕਿਸੇ ਵੱਡੀ ਭੀੜ ਦੀ ਜ਼ਰੂਰਤ ਨਹੀਂ ਹੁੰਦੀ।ਇੱਕ ਇਨਸਾਨ ਵੀ ਕਿਸੇ ਵੱਡੇ ਬਦਲਾਅ ਦਾ ਮੁੱਢ ਬੰਨ੍ਹ ਸਕਦਾ ਹੈ ।ਅਜਿਹੀ ਹੀ ਇੱਕ ਕਹਾਣੀ ਅੱਜਕੱਲ੍ਹ ਸੋਸ਼ਲ ਮੀਡੀਆ 'ਤੇ ਵਾਰ ਵਾਰ ਘੁੰਮ ਰਹੀ ਹੈ।ਆਓ, ਤੁਹਾਨੂੰ ਵੀ ਸੁਣਾਵਾਂ, ਉਸ ਜ਼ਿੱਦੀ ਮੁੰਡੇ ਦੀ ਕਹਾਣੀ, ਜਿਸ ਨੇ ਸਾਨੂੰ ਪਾਣੀ ਨੂੰ ਪਲੀਤ ਨਾ ਕਰੋ, ਸਗੋਂ ਇਸ ਨੂੰ ਅਗਲੀਆਂ ਪੀੜ੍ਹੀਆਂ ਖਾਤਰ ਬੱਚਿਆਂ ਰਹਿਣ ਲਈ ਦਿਉ ।ਮੱਧ ਪ੍ਰਦੇਸ਼ ਦੇ ਰਾਜਗੜ੍ਹ ਜ਼ਿਲੇ ਦੇ ਵਿਆਗਰਾ ਸ਼ਹਿਰ ਲਾਗਿਓਂ ਲੰਘਦੀ ਅਜਨਾਰ (Ajnara) ਨਦੀ ਹੈ, ਜਿਸ ਨੂੰ ਕਦੀ ਇਸ ਸ਼ਹਿਰ ਦੀ ਲਾਈਫ ਲਾਈਨ ਵੀ ਕਿਹਾ ਜਾਂਦਾ ਸੀ।ਇਹ ਨਦੀ ਕੂੜੇ-ਕਬਾੜ, ਗਾਰ ਦੀਆਂ ਮੋਟੀਆਂ ਪਰਤਾਂ ਅਤੇ ਪਲਾਸਟਿਕ ਦੇ ਕਚਰੇ, ਤੈਰਦੀ ਕਾਈ ਥੱਲੇ ਦਮ ਤੋੜ ਰਹੀ ਸੀ।ਲੋਕ ਇਸ ਕੋਲੋਂ ਨੱਕ ਬੰਦ ਕਰਕੇ ਅਗਾਂਹ ਲੰਘ ਜਾਂਦੇ।

ਇਸੇ ਸਾਲ ਗਣਤੰਤਰ ਦਿਵਸ ਵਾਲੇ ਦਿਨ ਇਕ ਬੀ ਐੱਸ ਸੀ 'ਚ ਪੜ੍ਹਦੇ ਵੀਹ ਵਰ੍ਹਿਆਂ ਦੇ ਇੱਕ ਵਿਦਿਆਰਥੀ, ਬਿੱਟੂ ਤਬਾਹੀ ਨੇ ਮਨ 'ਚ ਸੰਕਲਪ ਲੈ ਲਿਆ ਕਿ ਉਹ ਇਕੱਲਾ ਹੀ ਅਜਨਾਰ ਨਦੀ ਨੂੰ ਕੂੜੇ-ਕਬਾੜ ਤੋਂ ਮੁਕਤ ਕਰਕੇ ਦਿਖਾਵੇਗਾ।ਆਮ ਕੰਮ ਵਜੋਂ ਨਹੀਂ, ਸਗੋਂ ਉਸ ਨੇ ਇਸ ਪ੍ਰਾਜੈਕਟ ਨੂੰ ਇੱਕ ਜ਼ੁੰਮੇਵਾਰੀ ਸਮਝ ਕੇ ਕਬੂਲਿਆ ।ਬਿੱਟੂ ਦੇ ਨਾਲ ਨਾ ਕੋਈ ਟੀਮ ਸੀ, ਨਾ ਕੋਈ ਮਸ਼ੀਨਰੀ, ਨਾ ਖੁੱਲ੍ਹਾ ਸਰਮਾਇਆ, ਨਾ ਹਿਮਾਇਤ, ਨਾ ਸਫਾਈ ਦਾ ਵੱਡਾ ਅਨੁਭਵ, ਨਾ ਉਸ ਨੂੰ ਤੈਰਨਾ ਆਉਂਦਾ ਸੀ ।ਸ਼ੁਰੂ-ਸ਼ੁਰੂ ਵਿੱਚ ਉਸ ਨਾਲ ਦੋ ਮੁੰਡਿਆਂ ਨੇ ਵੀ ਕੰਮ ਕਰਨਾ ਆਰੰਭਿਆ, ਪਰ ਉਹ ਛੇਤੀ ਹੀ ਨਿਰਉਤਸ਼ਾਹਿਤ ਹੋ ਕੇ ਉਹ ਪਿੱਛੇ ਹਟ ਗਏ ਸਨ ।ਫਿਰ ਨਦੀ ਦੀ ਸਫ਼ਾਈ ਵਿੱਚ ਜੁਟਿਆ ਰਿਹਾ 'ਕੱਲਾ ਬਿੱਟੂ ਤਬਾਹੀ ਅਤੇ ਉਸ ਦੇ ਅੰਦਰ ਪੂਰਾ ਜਨੂੰਨ ਅਤੇ ਜ਼ਿੱਦ।ਪੂਰੇ ਸ਼ਹਿਰ ਨੇ ਇਸ ਨਦੀ ਨੂੰ ਵਰ੍ਹਿਆਂ ਤੋਂ ਕੂੜ੍ਹਾਦਾਨ ਬਣਾ ਦਿੱਤਾ ਸੀ।ਧਾਰਮਿਕ ਕੂੜਾ,ਤੰਤਰਿਕਾਂ ਦੇ ਕੀਤੇ ਟੂਣਿਆਂ ਦਾ ਕੂੜਾ, ਮਰੇ ਪਸ਼ੂ, ਘਰੇਲੂ ਨਿੱਕ-ਸੁੱਕ, ਇੱਟਾਂ ਰੋੜੇ ਕੰਕਰੀਟ, ਗੰਦੇ ਪਾਣੀ ਵਿੱਚ ਮਰੇ ਜਲ ਜੀਵ, ਪਾਣੀ 'ਤੇ ਤੈਰਦੀ ਹਰੀ ਕਾਈ, ਪਤਾ ਨਹੀਂ ਕੀ ਕਿਸ -ਕਿਸ ਗੰਦਗੀ ਨੂੰ ਨਦੀ ਨੇ ਆਪਣੇ ਅੰਦਰ ਸਮੇਟਿਆ ਹੋਇਆ ਸੀ।

ਕੁਦਰਤ ਨੇ ਬਿੱਟੂ ਤਬਾਹੀ, ਜਿਸ ਦਾ ਅਸਲੀ ਨਾਂਅ ਸੁਰਿੰਦਰ ਪਾਲ ਸਿੰਘ ਚੌਧਰੀ ਹੈ, ਦੇ ਮਨ ਵਿੱਚ ਇੱਕ ਜਜ਼ਬਾ ਜਗਾਇਆ ਅਤੇ ਉਹ ਫੌੜਾ ਅਤੇ ਬੱਠਲ ਚੁੱਕ ਕੇ ਅਜਨਾਰ ਨਦੀ ਵਿੱਚ ਉੱਤਰ ਗਿਆ ।ਸ਼ਾਮੀ ਤਿੰਨ ਤੋਂ ਛੇ ਵਜੇ ਤੱਕ ਡੰਡੇ ਨਾਲ ਕੂੜਾ 'ਕੱਠਾ ਕਰਦਾ।ਫੌੜ੍ਹੇ ਨਾਲ ਗਾਰ ਕੱਢਦਾ ।ਦਸਤਾਨੇ ਪਹਿਨੇ ਹੱਥਾਂ ਨਾਲ ਪਲਾਸਟਿਕ ਦੀਆਂ ਬੋਤਲਾਂ, ਟੁੱਟੀਆਂ ਮੂਰਤੀਆਂ, ਮਰੇ ਜਾਨਵਰ ਨਦੀ ਤੋਂ ਬਾਹਰ ਕੱਢਦਾ । ਉਸ ਦਾ ਕਈ ਵਾਰ ਸੱਪਾਂ, ਬਿੱਛੂਆਂ, ਜ਼ਹਿਰੀ ਕੀੜਿਆਂ ਨਾਲ ਵੀ ਸਾਮ੍ਹਣਾ ਹੋਇਆ, ਪਰ ਉਹ ਬਚ ਗਿਆ । ਉਸ ਦੇ ਪੈਰਾਂ, ਲੱਤਾਂ, ਬਾਹਾਂ 'ਤੇ ਲਾਗ ਕਰਕੇ ਜ਼ਖ਼ਮ ਹੋ ਗਏ। ਉਸ ਦੇ ਜਾਲ, ਡਸਟਬਿਨ, ਬੂਟ, ਦਸਤਾਨੇ ਸ਼ਰਾਰਤੀ ਲੋਕ ਚੋਰੀ ਵੀ ਕਰ ਲੈਂਦੇ ਸਨ।ਬਿਮਾਰੀ ਲੱਗ ਜਾਣ ਦਾ ਜੋਖਮ ਚੁੱਕੀ ਉਹ ਲਗਾਤਾਰ ਦੋ ਟਰੱਕ ਕੂੜਾ ਅਜਨਾਰ ਨਦੀ ਵਿੱਚੋਂ ਬਾਹਰ ਕੱਢਣ ਵਿੱਚ ਕਾਮਯਾਬ ਹੋ ਗਿਆ।ਦੋ ਮਹੀਨਿਆਂ ਵਿੱਚ ਉਸ ਨੇ ਅਜਨਾਰ ਨਦੀ ਦੀ ਤਸਵੀਰ ਬਦਲ ਕੇ ਰੱਖ ਦਿੱਤੀ।

ਪੱਲਿਓਂ ਤੀਹ ਹਜ਼ਾਰ ਰੁਪਈਏ ਖਰਚ ਕਰਕੇ ਉਸ ਨੇ ਇਸ ਸਫਾਈ ਅਭਿਆਨ ਨੂੰ ਨੇਪਰੇ ਚੜ੍ਹਾਇਆ।ਜਿੰਨਾ ਕੰਮ ਹੋ ਜਾਂਦਾ, ਉਸ ਦੀਆਂ ਫੋਟੋਆਂ ਅਤੇ ਰਿਪੋਰਟ ਸੋਸ਼ਲ ਮੀਡੀਆ 'ਤੇ ਅਪਲੋਡ ਕਰਦਾ ਰਿਹਾ ।ਆਖਰਕਾਰ ਉਸ ਨੇ ਅਜਨਾਰ ਨਦੀ ਨੂੰ ਪਲਾਸਟਿਕ ਅਤੇ ਹੋਰ ਕੂੜੇ ਤੋਂ ਮੁਕਤ ਕਰਕੇ ਇਕ ਮਿਸਾਲ ਕਾਇਮ ਕਰ ਦਿਖਾਈ ਹੈ।ਸੋਸ਼ਲ ਮੀਡੀਆ 'ਤੇ ਉਸ ਵੱਲੋਂ ਕੀਤੇ ਸਫਾਈ ਅਭਿਆਨ ਦੇ ਸੰਦਰਭ 'ਚ ਨਦੀ ਦੀਆਂ ਸਫ਼ਾਈ ਤੋਂ ਪਹਿਲਾਂ ਅਤੇ ਸਫਾਈ ਕਰਨ ਤੋਂ ਬਾਅਦ ਦੇ ਸੈਂਕੜੇ ਵੀਡੀਓ ਅੱਜਕੱਲ੍ਹ ਜ਼ੋਰ-ਸ਼ੋਰ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

ਲੋਕਾਂ ਦਾ ਵਤੀਰਾ: ਅਜਨਾਰ ਨਦੀ ਦੀ ਸਫਾਈ ਕਰਨ ਪਿੱਛੋਂ ਬਿੱਟੂ ਤਬਾਹੀ ਨੇ ਇੱਕ ਵੱਡਾ ਕੂੜੇ ਵਾਲਾ ਡਰੰਮ ਨਦੀ ਦੇ ਬਾਹਰ ਰੱਖ ਦਿੱਤਾ ਸੀ, ਤਾਂ ਜੋ ਲੋਕ ਇਸ ਵਿੱਚ ਪੂਜਾ ਸਮੱਗਰੀ ਦੀ ਬਚੀ ਰਹਿੰਦ- ਖੂੰਹਦ ਪਾ ਸਕਣ, ਪਰ ਉਸ ਨਾਲ ਖਾਰ ਖਾਣ ਵਾਲੇ ਲੋਕਾਂ ਨੇ ਉਸ ਦੇ ਰੱਖੇ ਡਰੰਮ ਨੂੰ ਤੋੜ ਕੇ ਉਸੇ ਨਦੀ ਵਿੱਚ ਸੁੱਟ ਦਿੱਤਾ ।

ਇੱਕ ਚੈਨਲ ਦੇ ਪੱਤਰਕਾਰ ਨੇ ਤਾਂ ਉਸ ਦੀ ਇੱਥੋਂ ਤੱਕ ਵੀ ਮੁਖਾਲਫਤ ਕਰ ਦਿੱਤੀ ਕਿ ਬਿੱਟੂ 'ਕੱਲੇ ਨੇ ਨਦੀ ਸਾਫ ਨਹੀਂ ਕੀਤੀ, ਸਗੋਂ ਉਸ ਦੇ ਨਾਲ ਨਗਰ ਪਾਲਿਕਾ ਦੇ ਕਰਮਚਾਰੀ ਅਤੇ ਅਜਨਾਰ ਬਚਾਓ ਸੰਮਤੀ ਨੇ ਮਿਲ ਕੇ ਕੰਮ ਕੀਤਾ ਹੈ, ਜਿਸ ਵਿੱਚ ਬਿੱਟੂ ਵੀ ਸ਼ਾਮਿਲ ਸੀ।ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਉਹ ਰਾਤੋਰਾਤ ਸਟਾਰ ਬਣ ਗਿਆ ਹੈ।

ਇਹ ਹੈ ਸਾਡੇ ਲੋਕਾਂ ਦੀ ਮਾਨਸਿਕਤਾ।ਇਨ੍ਹਾਂ ਦੁਸ਼ਵਾਰੀਆਂ ਵਿੱਚੋਂ ਦੀ ਲੰਘ ਕੇ ਬਿੱਟੂ ਨੇ ਉਸ ਨੂੰ ਬੁਰਾ-ਭਲਾ ਬੋਲਣ ਵਾਲਿਆਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰੀ ਹੈ।ਸਾਨੂੰ ਸਭ ਨੂੰ ਇੱਕ ਸ਼ੀਸ਼ਾ ਦਿਖਾ ਦਿੱਤਾ ਹੈ।ਇਹ ਕਹਾਣੀ ਇੱਕ ਸਵਾਲ ਜ਼ਰੂਰ ਖੜ੍ਹਾ ਕਰਦੀ ਹੈ ਕਿ ਜੇ ਇੱਕ ਚੜ੍ਹਦੀ ਉਮਰ ਦਾ ਗੱਭਰੂ ਬਿੱਟੂ ਤਬਾਹੀ ਨਦੀ ਨੂੰ ਸਾਫ ਕਰਨ ਦੀ ਹਿੰਮਤ ਕਰਕੇ ਆਪਣੇ ਇਰਾਦੇ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਅਸੀਂ ਰਲ ਕੇ ਕੋਈ ਵੱਡਾ ਬਦਲਾਅ ਕਿਉਂ ਨਹੀਂ ਲਿਆ ਸਕਦੇ ?

ਇਹ ਕਹਾਣੀ 'ਕੱਲੀ ਨਦੀ ਦੀ ਨਹੀਂ, ਇਹ ਕਹਾਣੀ ਸਾਡੀ ਸਮਾਜਿਕ ਸੂਝ-ਬੂਝ (ਸਿਵਿਕ ਸੈਂਸ) ਨੂੰ ਸ਼ੀਸ਼ਾ ਵੀ ਦਿਖਾਉਂਦੀ ਹੈ।

ਸ਼ੋਸ਼ਲ ਮੀਡੀਆ 'ਤੇ ਬਿੱਟੂ ਤਬਾਹੀ ਦੀਆਂ ਖ਼ਬਰਾਂ ਪੂਰੀ ਦੁਨੀਆਂ ਵਿੱਚ ਘੁੰਮ ਗਈਆਂ ਹਨ।ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਉਸ ਦੀ ਹਿੰਮਤ ਦੀ ਸਰਾਹਨਾ ਕੀਤੀ ਹੈ।ਓਸ਼ਨ ਕਲੀਨ ਅੱਪ ਐੱਨ ਜੀ ਓ ਦੇ ਡੱਚ ਸੰਸਥਾਪਕ ਬੋਆਨ ਸਲਾਟ ਨੇ ਸੋਸ਼ਲ ਮੀਡੀਆ ਰਾਹੀਂ ਉਸ ਨੂੰ ਸੰਦੇਸ਼ ਭੇਜਿਆ ਹੈ, ਆਓ, ਸਾਡੇ ਨਾਲ ਨੀਦਰਲੈਂਡ ਵਿੱਚ ਸਾਗਰਾਂ ਵਿੱਚੋਂ ਪਲਾਸਟਿਕ ਕੂੜਾ ਕੱਢਣ ਲਈ ਮਿਲ ਕੇ ਕੰਮ ਕਰੋ। ਇੰਗਲੈਂਡ ਦੇ ਸਾਬਕਾ ਕ੍ਰਿਕਟਰ ਪੀਟਰਸਨ ਅਤੇ ਆਨੰਦ ਮਹਿੰਦਰਾ ਨੇ ਵੀ ਬਿੱਟੂ ਤਬਾਹੀ ਦੇ ਕੰਮ ਦੀ ਪੁਰਜ਼ੋਰ ਸ਼ਲਾਘਾ ਕੀਤੀ ਹੈ।

ਬਿੱਟੂ ਦੀ ਪਹਿਲਕਦਮੀ ਨਾਲ ਦੇਸ਼ ਭਰ ਦੇ ਨੌਜਵਾਨ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਮੈਦਾਨ ਵਿੱਚ ਨਿੱਤਰਨਗੇ। ਇਹ ਇੱਕ ਵਧੀਆ ਸੰਕੇਤ ਹੈ।ਬਿੱਟੂ ਨੂੰ ਇਸ ਨਵੀਂ ਸ਼ੁਰੂਆਤ ਦਾ ਮੋਹਰੀ ਬਣ ਕੇ ਆਪਣੇ ਮੁਲਕ ਦੇ ਪ੍ਰਕਿਤਕ ਸਾਧਨਾਂ ਨੂੰ ਪੁਨਰ-ਸੁਰਜੀਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

# ਸੰਪਰਕ : 97806-67686

# ਚਮਤਕਾਰਾਂ ਦੀ ਲੜਾਈ ਅਤੇ ਆਸਥਾ ਦਾ ਵਪਾਰ



ਜਗਜੀਤ ਸਿੰਘ

ਸਾਡੇ ਸਮਾਜ ਦੀ ਤ੍ਰਾਸਦੀ ਇਹ ਹੈ ਕਿ ਇਸ ਵਿੱਚ ਗਿਆਨ, ਵਿਗਿਆਨ ਅਤੇ ਤਰਕ ਵਰਗੇ ਬੁਨਿਆਦੀ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਕੇ ਅੰਧ-ਵਿਸ਼ਵਾਸ ਦਾ ਵਪਾਰ ਵੱਡੇ ਪੱਧਰ 'ਤੇ ਫੈਲ ਚੁੱਕਾ ਹੈ। ਜਦੋਂ ਅਧਿਆਤਮਿਕਤਾ ਦਾ ਅਸਲ ਮਨੋਰਥ ਅਲੋਪ ਹੋ ਜਾਵੇ ਅਤੇ ਧਾਰਮਿਕ /ਅਧਿਆਤਮਕ ਮੰਚਾਂ ਉੱਤੇ ਚਮਤਕਾਰਾਂ ਦਾ ਪ੍ਰਦਰਸ਼ਨ ਹੋਣ ਲੱਗੇ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਚਾਰ ਦੇ ਨਾਂਅ 'ਤੇ ਚੱਲ ਰਹੇ ਅਜਿਹੇ ਅਡੰਬਰ ਅਸਲ ਵਿੱਚ ਜਨਤਾ ਦੀਆਂ ਭਾਵਨਾਵਾਂ ਅਤੇ ਅਗਿਆਨਤਾ ਦਾ ਲਾਹਾ ਲੈਣ ਵਾਲੀ ਇੱਕ ਵਪਾਰਕ ਮੰਡੀ ਦਾ ਰੂਪ ਧਾਰਨ ਕਰ ਚੁੱਕੇ ਹਨ।

ਮੱਧ ਭਾਰਤ ਵਿੱਚ ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਅਤੇ ਪੰਡੋਖਰ ਸਰਕਾਰ (ਗੁਰੂਸ਼ਰਨ ਸ਼ਰਮਾ) ਵਿਚਾਲੇ ਛਿੜੀ ਇਸ ਸ਼ਬਦੀ ਜੰਗ ਨੂੰ ਦੇਖ ਕੇ ਇਹ ਸਵਾਲ ਜ਼ਰੂਰ ਉਠਦਾ ਹੈ ਕਿ ਕੀ ਇਹ ਆਸਥਾ ਦੀ ਰੱਖਿਆ ਦੀ ਲੜਾਈ ਹੈ ਜਾਂ ਆਪਣੇ-ਆਪਣੇ ਪ੍ਰਭਾਵ, ਦਰਸ਼ਕ-ਅਧਾਰ ਅਤੇ ਲੋਕਪ੍ਰਿਯਤਾ ਨੂੰ ਵਧਾਉਣ ਦੀ ?

**ਪਰਚੀਆਂ, ਚੁਣੌਤੀਆਂ ਅਤੇ ਹਊਮੈ ਦਾ ਪ੍ਰਦਰਸ਼ਨ**

ਇੱਕ ਪਾਸੇ ਬਾਗੇਸ਼ਵਰ ਬਾਬਾ ਮੰਚਾਂ ਤੋਂ ਅਣਜਾਣ ਲੋਕਾਂ ਦੇ ਦਿਲ ਦਾ ਹਾਲ ਅਤੇ ਦੁੱਖ ਪਰਚੀ 'ਤੇ ਲਿਖਣ ਦਾ ਦਾਅਵਾ ਠੋਕਦੇ ਹਨ; ਦੂਜੇ ਪਾਸੇ ਪੰਡੋਖਰ ਬਾਬਾ ਇਸ ਨੂੰ ਖੁੱਲ੍ਹੇਆਮ 'ਮਾਈਂਡ ਰੀਡਿੰਗ' ਅਤੇ ਚਾਲਬਾਜ਼ੀ ਗਰਦਾਨਦਿਆਂ ਅਸਲ 'ਤ੍ਰਿਕਾਲਦਰਸ਼ੀ' ਹੋਣ ਦਾ ਤਾਜ ਆਪਣੇ ਸਿਰ ਸਜਾਉਣ ਲਈ ਚੁਣੌਤੀਆਂ ਦੇ ਰਿਹਾ ਹੈ।

ਇਸ ਹਊਮੈ ਅਤੇ ਲੋਕਪ੍ਰਿਯਤਾ ਦੀ ਲੜਾਈ ਵਿੱਚ ਦੋਵੇਂ ਧਿਰਾਂ ਕੈਮਰਿਆਂ ਸਾਹਮਣੇ ਇੱਕ-ਦੂਜੇ ਦੇ ਚਮਤਕਾਰਾਂ ਨੂੰ ਨੀਵਾਂ ਦਿਖਾਉਣ ਲਈ ਜ਼ੋਰ-ਅਜ਼ਮਾਈ ਕਰਦੀਆਂ ਹਨ। ਸਵਾਲ ਇਹ ਉੱਠਦਾ ਹੈ: ਜੇਕਰ ਇਹ ਸ਼ਕਤੀਆਂ ਲੋਕ ਭਲਾਈ ਲਈ ਹਨ, ਤਾਂ ਫਿਰ ਟੀ ਵੀ ਸਟੂਡੀਓ ਅਤੇ ਸੋਸ਼ਲ ਮੀਡੀਆ 'ਤੇ ਚੈਲੇਂਜ-ਚੈਲੇਂਜ ਖੇਡਣ ਦੀ ਲੋੜ ਕਿਉਂ ਪਈ ? ਕੀ ਰੱਬ ਦੀ ਰਹਿਮਤ ਮੁਕਾਬਲੇਬਾਜ਼ੀ ਦੀ ਮੁਹਤਾਜ ਹੈ ?

**ਅਤੀਤ ਦੇ ਮਾਮਲੇ ਅਤੇ ਸਮਾਜ ਲਈ ਸਬਕ**

ਸਾਡੇ ਸਮਾਜਿਕ ਇਤਿਹਾਸ ਵਿੱਚ ਅਜਿਹੇ ਕਈ ਵਿਵਾਦਿਤ ਚਮਤਕਾਰੀ ਦਾਅਵੇਦਾਰਾਂ ਦੀਆਂ ਮਿਸਾਲਾਂ ਮਿਲਦੀਆਂ ਹਨ, ਜਿਨ੍ਹਾਂ ਨੇ ਆਸਥਾ ਦੇ ਨਾਂਅ 'ਤੇ ਭੋਲੇ-ਭਾਲੇ ਲੋਕਾਂ ਦੇ ਵਿਸ਼ਵਾਸ ਦਾ ਸ਼ੋਸ਼ਣ ਕੀਤਾ। ਜਬਰ-ਜ਼ਨਾਹ ਦੇ ਮਾਮਲਿਆਂ ਵਿੱਚ ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤੇ ਅਤੇ ਉਮਰ ਕੈਦ ਦੀਆਂ ਸਜ਼ਾਵਾਂ ਭੁਗਤ ਰਹੇ ਆਸਾਰਾਮ ਅਤੇ ਗੁਰਮੀਤ ਰਾਮ ਰਹੀਮ ਵਰਗੇ ਸਵੈ-ਘੋਸ਼ਿਤ ਰਹਿਬਰ ਇਸ ਖ਼ਤਰੇ ਦੀਆਂ ਗੰਭੀਰ ਮਿਸਾਲਾਂ ਹਨ।

ਬਲਾਤਕਾਰ ਅਤੇ ਬੱਚਿਆਂ ਦੇ ਸ਼ੋਸ਼ਣ ਵਰਗੇ ਗੰਭੀਰ ਕੇਸ ਦਰਜ ਹੋਣ ਤੋਂ ਬਾਅਦ 2019 'ਚ ਭਾਰਤ ਤੋਂ ਫ਼ਰਾਰ ਹੋਇਆ ਭਗੌੜਾ ਨਿਤਿਆਨੰਦ, ਹੁਣ ਸਮੁੰਦਰ ਦੇ ਕਿਸੇ ਗੁਪਤ ਟਾਪੂ 'ਤੇ 'ਕੈਲਾਸਾ' ਨਾਂਅ ਦਾ ਕਾਲਪਨਿਕ ਦੇਸ਼ ਚਲਾਉਣ ਦਾ ਤਮਾਸ਼ਾ ਕਰ ਰਿਹਾ ਹੈ। ਖ਼ੁਦ ਨੂੰ ਸਰਵਉੱਚ 'ਰੂਹਾਨੀ ਆਗੂ' ਅਤੇ ਆਪਣੀ ਚੇਲੀ ਨੂੰ 'ਪ੍ਰਧਾਨ ਮੰਤਰੀ' ਦੱਸਣ ਵਾਲੇ ਇਸ ਅਖੌਤੀ ਬਾਬੇ ਦੇ ਦਾਅਵਿਆਂ ਦੀ ਕੋਈ ਕਾਨੂੰਨੀ ਜਾਂ ਅੰਤਰਰਾਸ਼ਟਰੀ ਹੋਂਦ ਨਹੀਂ ਹੈ ।

ਨਿਰਮਲ ਬਾਬਾ ਦੇ ਉਪਾਅ ਮੁੱਖ ਤੌਰ 'ਤੇ ਸਮੋਸੇ-ਚਟਨੀ, ਕਾਲੇ ਪਰਸ ਅਤੇ ਖਾਸ ਰੰਗ ਦੇ ਕੱਪੜਿਆਂ ਵਰਗੀਆਂ ਚੀਜ਼ਾਂ ਨਾਲ ਜੁੜੇ ਚਮਤਕਾਰੀ ਦਾਅਵਿਆਂ ਲਈ ਜਾਣੇ ਜਾਂਦੇ ਸਨ, ਜਦੋਂਕਿ ਰਾਧੇ ਮਾਂ ਵਰਗੀਆਂ ਸ਼ਖ਼ਸੀਅਤਾਂ ਵੀ ਆਪਣੇ ਦਾਅਵਿਆਂ ਅਤੇ ਪ੍ਰਸਤੁਤੀ ਦੇ ਢੰਗ ਕਾਰਨ ਵਿਵਾਦਾਂ ਵਿੱਚ ਰਹੀਆਂ ਹਨ।ਹਾਲਾਂਕਿ ਇਨ੍ਹਾਂ ਸਾਰੀਆਂ ਮਿਸਾਲਾਂ ਨੂੰ ਇੱਕੋ ਕਾਨੂੰਨੀ ਪੈਮਾਨੇ 'ਤੇ ਨਹੀਂ ਤੋਲਿਆ ਜਾ ਸਕਦਾ, ਪਰ ਇਹ ਸਵਾਲ ਜ਼ਰੂਰ ਖੜ੍ਹਾ ਹੁੰਦਾ ਹੈ—ਜਦੋਂ ਆਸਥਾ ਵਿੱਚੋਂ ਵਿਵੇਕ ਅਤੇ ਜਵਾਬਦੇਹੀ ਗਾਇਬ ਹੋ ਜਾਣ, ਤਾਂ ਇਸ ਦੀ ਕੀਮਤ ਕੌਣ ਚੁਕਾਉਂਦਾ ਹੈ ?

2 ਜੁਲਾਈ 2024 ਨੂੰ ਹਾਥਰਸ ਉਤਰ ਪ੍ਰਦੇਸ਼ ਵਿੱਚ ਇੱਕ ਸਤਿਸੰਗ ਤੋਂ ਬਾਅਦ ਹੋਈ ਭਿਆਨਕ ਭਗਦੜ ਵਿੱਚ 121 ਲੋਕਾਂ ਦੀ ਜਾਨ ਚਲੀ ਗਈ । ਜਾਂਚ ਵਿੱਚ ਵੱਡੀ ਭੀੜ, ਪ੍ਰਬੰਧਕੀ ਖਾਮੀਆਂ ਅਤੇ ਭੀੜ-ਨਿਯੰਤਰਣ ਦੀ ਨਾਕਾਮੀ ਵਰਗੇ ਕਾਰਕ ਸਾਹਮਣੇ ਆਏ। 121 ਜ਼ਿੰਦਗੀਆਂ ਦਾ ਚਲੇ ਜਾਣਾ ਸਿਰਫ਼ ਇੱਕ ਅੰਕੜਾ ਨਹੀਂ—ਇਹ ਯਾਦ ਦਿਵਾਉਂਦਾ ਹੈ ਕਿ ਸ਼ਰਧਾ ਦੇ ਵੱਡੇ ਇਕੱਠਾਂ ਵਿੱਚ ਆਸਥਾ ਦੇ ਨਾਲ ਸੁਰੱਖਿਆ, ਪਾਰਦਰਸ਼ਤਾ ਅਤੇ ਜਵਾਬਦੇਹੀ ਵੀ ਲਾਜ਼ਮੀ ਹਨ।

**ਚਿੰਤਕਾਂ ਦਾ ਵਿਵੇਕਸ਼ੀਲ ਦ੍ਰਿਸ਼ਟੀਕੋਣ**

ਇਤਿਹਾਸ ਦੇ ਮਹਾਨ ਚਿੰਤਕਾਂ ਨੇ ਅਖੌਤੀ ਚਮਤਕਾਰਾਂ ਅਤੇ ਅੰਧ-ਵਿਸ਼ਵਾਸ ਨੂੰ ਮਾਨਸਿਕ ਗੁਲਾਮੀ ਦਾ ਪ੍ਰਤੀਕ ਮੰਨਿਆ ਹੈ । ਵੋਲਟੇਅਰ ਦੀ ਵਿਚਾਰਧਾਰਾ ਦਾ ਮੂਲ ਭਾਵ ਹੈ ਕਿ ਜਦੋਂ ਲੋਕਾਂ ਨੂੰ ਗੈਰ-ਤਰਕਸ਼ੀਲ ਅਤੇ ਬੇਤੁਕੀਆਂ ਗੱਲਾਂ 'ਤੇ ਅੰਨ੍ਹਾ ਵਿਸ਼ਵਾਸ ਕਰਨ ਲਈ ਤਿਆਰ ਕਰ ਲਿਆ ਜਾਂਦਾ ਹੈ, ਤਾਂ ਅਜਿਹੀ ਮਾਨਸਿਕਤਾ ਉਨ੍ਹਾਂ ਕੋਲੋਂ ਸਮਾਜਿਕ ਅਪਰਾਧ ਅਤੇ ਜ਼ੁਲਮ ਕਰਵਾਉਣ ਦਾ ਰਾਹ ਵੀ ਪੱਧਰਾ ਕਰ ਦਿੰਦੀ ਹੈ।

ਸੁਕਰਾਤ ਦੇ ਫ਼ਲਸਫ਼ੇ ਅਨੁਸਾਰ ਬਿਨਾਂ ਪਰਖੇ ਅਤੇ ਬਿਨਾਂ ਸਵਾਲ ਕੀਤੇ ਜੀਵਿਆ ਗਿਆ ਜੀਵਨ ਮਨੁੱਖੀ ਚੇਤਨਾ ਦਾ ਅਪਮਾਨ ਹੈ; ਕਿਸੇ ਵੀ ਦਾਅਵੇ ਨੂੰ ਅੰਨ੍ਹੇਵਾਹ ਮੰਨਣ ਦੀ ਬਜਾਏ ਉਸ 'ਤੇ ਸਵਾਲ ਖੜ੍ਹੇ ਕਰਨਾ ਹੀ ਅਸਲ ਜਾਗਰੂਕਤਾ ਹੈ। ਸਪਿਨੋਜ਼ਾ ਦੇ ਚਿੰਤਨ ਮੁਤਾਬਕ ਅੰਧ-ਵਿਸ਼ਵਾਸ ਦੀਆਂ ਜੜ੍ਹਾਂ ਮਨੁੱਖੀ ਡਰ, ਲਾਲਚ ਅਤੇ ਬੇਵਸੀ ਵਿੱਚ ਹੁੰਦੀਆਂ ਹਨ। ਲਾਲਚ ਅਤੇ ਜਿੰਨਾ ਚਿਰ ਲੋਕ ਡਰ ਵਿੱਚ ਜਿਊਣਗੇ, ਓਨਾ ਚਿਰ ਚਮਤਕਾਰ ਵੇਚਣ ਵਾਲੇ ਪਾਖੰਡੀਆਂ ਦੇ ਮਾਨਸਿਕ ਗੁਲਾਮ ਬਣੇ ਰਹਿਣਗੇ।

ਬਰਟਰੈਂਡ ਰਸਲ ਦਾ ਮੰਨਣਾ ਸੀ ਕਿ ਕਿਸੇ ਗੱਲ ਨੂੰ ਸਿਰਫ਼ ਇਸ ਲਈ ਸੱਚ ਨਹੀਂ ਮੰਨ ਲੈਣਾ ਚਾਹੀਦਾ, ਕਿਉਂਕਿ ਲੱਖਾਂ ਲੋਕ ਉਸ 'ਤੇ ਵਿਸ਼ਵਾਸ ਕਰਦੇ ਹਨ, ਕਿਉਂਕਿ ਬਿਨਾਂ ਤਰਕ ਦੇ ਅੰਨ੍ਹਾ ਵਿਸ਼ਵਾਸ ਮਨੁੱਖੀ ਆਜ਼ਾਦੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ।

**ਅੰਧ-ਵਿਸ਼ਵਾਸ: ਗ਼ਰੀਬੀ ਅਤੇ ਮਜਬੂਰੀ ਦਾ ਸ਼ੋਸ਼ਣ**

ਸਭ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਕਿ ਇਨ੍ਹਾਂ ਅਖੌਤੀ ਦਰਬਾਰਾਂ ਵਿੱਚ ਕੌਣ ਜਾਂਦਾ ਹੈ ? ਕੋਈ ਮਾਂ ਆਪਣੇ ਕੈਂਸਰ ਪੀੜਤ ਪੁੱਤ ਦੀ ਜ਼ਿੰਦਗੀ ਮੰਗਣ ਆਉਂਦੀ ਹੈ, ਕੋਈ ਕਰਜ਼ੇ ਵਿੱਚ ਡੁੱਬਿਆ ਕਿਸਾਨ ਆਪਣੀ ਜ਼ਮੀਨ ਬਚਾਉਣ ਦੀ ਆਸ ਲੈ ਕੇ ਆਉਂਦਾ ਹੈ ਅਤੇ ਕੋਈ ਬੇਰੁਜ਼ਗਾਰ ਨੌਜਵਾਨ ਆਸ ਦੀ ਆਖ਼ਰੀ ਕਿਰਨ ਲੱਭ ਰਿਹਾ ਹੁੰਦਾ ਹੈ, ਕਈ ਮਾਂ-ਬਾਪ ਆਪਣੀ ਧੀ ਨਾਲ ਸਹੁਰੇ ਘਰ ਹੋ ਰਹੇ ਅੱਤਿਆਚਾਰਾਂ ਦੀ ਫਰਿਆਦ ਲੈ ਕੇ ਆਉਂਦੇ ਹਨ ।

ਲੋਕਾਂ ਦੀ ਬੇਵਸੀ, ਬਿਮਾਰੀ ਅਤੇ ਗ਼ਰੀਬੀ ਦਾ ਫ਼ਾਇਦਾ ਚੁੱਕ ਕੇ ਉਨ੍ਹਾਂ ਨੂੰ ਵਿਗਿਆਨਕ ਇਲਾਜ ਤੋਂ ਦੂਰ ਕਰਨਾ ਅਤੇ ਪਰਚੀਆਂ ਦੇ ਜਾਲ ਵਿੱਚ ਉਲਝਾਉਣਾ ਇੱਕ ਗੰਭੀਰ ਸਮਾਜਿਕ ਅਪਰਾਧ ਹੈ। ਜਦੋਂ ਕੋਈ ਬਾਬਾ ਦਾਅਵਾ ਕਰਦਾ ਹੈ ਕਿ ਪਰਚੀ ਕੱਢਣ ਜਾਂ ਤਾਵੀਜ਼ ਬੰਨ੍ਹਣ ਨਾਲ ਨਾਲ ਕੈਂਸਰ ਠੀਕ ਹੋ ਜਾਵੇਗਾ, ਤਾਂ ਉਹ ਸਿਰਫ਼ ਝੂਠ ਨਹੀਂ ਬੋਲ ਰਿਹਾ ਹੁੰਦਾ, ਸਗੋਂ ਉਸ ਮਰੀਜ਼ ਦੀ ਜਾਨ ਨਾਲ ਖਿਲਵਾੜ ਕਰ ਰਿਹਾ ਹੁੰਦਾ ਹੈ।

**ਸਮੇਂ ਦੀ ਲੋੜ: ਤਰਕ ਅਤੇ ਜਾਗਰੂਕਤਾ**

ਜੇ ਅਸੀਂ ਆਪਣੇ ਆਲੇ-ਦੁਆਲੇ ਧਿਆਨ ਨਾਲ ਦੇਖੀਏ ਤਾਂ ਇਹ ਸਮੱਸਿਆ ਸਿਰਫ ਇੱਕ ਧਰਮ, ਖਿੱਤੇ ਜਾਂ ਕਿਸੇ ਖਾਸ ਸਮਾਜਿਕ ਸ਼੍ਰੇਣੀ ਦੀ ਨਹੀਂ , ਸਗੋਂ ਹਰ ਪਿੰਡ, ਸ਼ਹਿਰ, ਸੂਬੇ ਅਤੇ ਪੂਰੇ ਦੇਸ਼ ਦੀ ਹੈ। ਪਿੰਡਾਂ ਵਿੱਚ , ਸ਼ਹਿਰਾਂ ਵਿੱਚ, ਮਹਾਨਗਰਾਂ ਵਿੱਚ , ਰਾਜਨੀਤਕ ਗਲਿਆਰਿਆਂ ਵਿਚ, ਹਰ ਸਥਾਨ 'ਤੇ, ਅਜਿਹੇ ਢੋਂਗੀ ਬਾਬਿਆਂ ਦੇ ਡੇਰਿਆਂ ਦੀ ਭਰਮਾਰ ਹੈ, ਜਿਥੇ ਬੰਦੇ ਦੀ ਹੈਸੀਅਤ ਦੇਖ ਕੇ ਉਸਨੂੰ ਪਹਿਲਾਂ ਵਰਗਲਾਇਆ ਜਾਂਦਾ ਹੈ , ਫੇਰ ਉਸ ਦੇ ਦੁੱਖ ਅਤੇ ਵਿੱਤੀ ਹੈਸੀਅਤ ਦੇ ਅਨੁਸਾਰ ਉਸ ਦੀਆਂ ਭਾਵਨਾਵਾਂ ਨਾਲ ਖੇਡਿਆ ਜਾਂਦਾ ਹੈ ਜਾਂ ਸਾਫ ਲਫ਼ਜ਼ਾਂ ਵਿੱਚ ਕਹੀਏ ਉਸ ਨੂੰ ਲੁੱਟਿਆ ਜਾਂਦਾ ਹੈ।

ਜਿੰਨਾ ਚਿਰ ਅਸੀਂ ਆਪਣੇ ਦੁੱਖਾਂ ਦਾ ਹੱਲ ਮਿਹਨਤ, ਸਿੱਖਿਆ ਅਤੇ ਡਾਕਟਰੀ ਵਿਗਿਆਨ ਦੀ ਥਾਂ ਬਾਬਿਆਂ ਦੀਆਂ ਪਰਚੀਆਂ ਵਿੱਚ ਲੱਭਦੇ ਰਹਾਂਗੇ, ਓਨਾ ਚਿਰ ਅਜਿਹੇ ਬਾਗੇਸ਼ਵਰ ਅਤੇ ਪੰਡੋਖਰ ਸਾਡੀ ਆਸਥਾ ਦੀ ਬੋਲੀ ਲਗਾਉਂਦੇ ਰਹਿਣਗੇ। ਇਹ ਵੇਲਾ ਅੰਨ੍ਹੀ ਸ਼ਰਧਾ ਦੀ ਪੱਟੀ ਅੱਖਾਂ ਤੋਂ ਲਾਹੁਣ ਦਾ ਹੈ। ਅਧਿਆਤਮ ਦਾ ਅਸਲ ਮਕਸਦ ਇਨਸਾਨੀ ਚੇਤਨਾ ਨੂੰ ਨਿਰਭੈ ਅਤੇ ਵਿਵੇਕਸ਼ੀਲ ਬਣਾਉਣਾ ਹੁੰਦਾ ਹੈ, ਕਿਸੇ ਪਾਖੰਡੀ ਦੇ ਹੰਕਾਰ ਨੂੰ ਪੱਠੇ ਪਾ ਕੇ ਲੋਕਾਂ ਨੂੰ ਗੁਲਾਮ ਬਣਾਉਣਾ ਨਹੀਂ।

# ਸੰਪਰਕ : 94230-81058

# ਤਿੰਨ ਮਾਸੂਮ ਭੈਣ-ਭਰਾਵਾਂ ਦੀ ਮੌਤ ਦਾ ਮਾਮਲਾ : ਮਾਂ ਨੇ ਕਥਿਤ ਪ੍ਰੇਮੀ ਨਾਲ ਮਿਲ ਕੇ ਰਚੀ ਸਾਜ਼ਿਸ਼ : ਪੁਲਸ

**ਮਾਂ ਗ੍ਰਿਫਤਾਰ, ਕਥਿਤ ਪ੍ਰੇਮੀ ਦੀ ਭਾਲ ਜਾਰੀ**



**ਭਵਾਨੀਗੜ੍ਹ (ਰਾਜ ਖੁਰਮੀ)**-ਭਵਾਨੀਗੜ੍ਹ ਦੇ ਬਖੋਪੀਰ ਰੋਡ 'ਤੇ ਜ਼ਹਿਰੀਲੀ ਮਠਿਆਈ ਖਾਣ ਕਾਰਨ ਤਿੰਨ ਮਾਸੂਮ ਸਕੇ ਭੈਣ-ਭਰਾਵਾਂ ਦੀ ਇਲਾਜ ਦੌਰਾਨ ਹੋਈ ਮੌਤ ਦੇ ਮਾਮਲੇ 'ਚ ਪੁਲਸ ਨੇ ਹੈਰਾਨੀਜਨਕ ਖੁਲਾਸਾ ਕਰਨ ਦਾ ਦਾਅਵਾ ਕੀਤਾ ਹੈ। ਪੁਲਸ ਅਨੁਸਾਰ ਬੱਚਿਆਂ ਦੀ ਮਾਂ ਨੇ ਆਪਣੇ ਕਥਿਤ ਪ੍ਰੇਮੀ ਨਾਲ ਮਿਲ ਕੇ ਮਠਿਆਈ ਵਿਚ ਕਥਿਤ ਤੌਰ 'ਤੇ ਜ਼ਹਿਰੀਲੀ ਚੀਜ਼ ਮਿਲਾ ਕੇ ਬੱਚਿਆਂ ਨੂੰ ਖੁਆਈ, ਜਿਸ ਕਾਰਨ ਤਿੰਨਾਂ ਦੀ ਮੌਤ ਹੋ ਗਈ।ਪੁਲਸ ਨੇ ਬੱਚਿਆਂ ਦੀ ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਉਸ ਦੇ ਕਥਿਤ ਸਾਥੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਸੰਗਰੂਰ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਬਖੋਪੀਰ ਰੋਡ ਭਵਾਨੀਗੜ੍ਹ ਵਿਖੇ ਜਸਪ੍ਰੀਤ ਕੌਰ (ਕਰੀਬ 7 ਸਾਲ), ਅਰਮਨਦੀਪ ਸਿੰਘ (5 ਸਾਲ) ਤੇ ਰਿਹਾਨਦੀਪ ਸਿੰਘ (ਢਾਈ ਸਾਲ) ਦੀ ਜ਼ਹਿਰੀਲੀ ਮਠਿਆਈ ਖਾਣ ਕਾਰਨ ਇਲਾਜ ਦੌਰਾਨ ਮੌਤ ਹੋ ਗਈ ਸੀ।ਘਟਨਾ ਦੇ ਸ਼ੁਰੂਆਤੀ ਦੌਰ ਵਿਚ ਮਾਮਲਾ ਫੂਡ ਪੁਆਇਜ਼ਨਿੰਗ ਨਾਲ ਸਬੰਧਤ ਸਮਝਦਿਆਂ ਬੱਚਿਆਂ ਦੇ ਪਿਤਾ ਕੁਲਵਿੰਦਰ ਸਿੰਘ ਵਾਸੀ ਭਵਾਨੀਗੜ੍ਹ ਦੇ ਬਿਆਨਾਂ 'ਤੇ ਧਾਰਾ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਕੀਤੀ ਗਈ ਸੀ।ਐੱਸ.ਐੱਸ.ਪੀ. ਨੇ ਦੱਸਿਆ ਕਿ ਬਾਅਦ ਵਿੱਚ ਥਾਣਾ ਭਵਾਨੀਗੜ੍ਹ ਦੀ ਪੁਲਸ ਵੱਲੋਂ ਬੱਚਿਆਂ ਦੇ ਪਿਤਾ ਦੇ ਸਹਿਯੋਗ ਨਾਲ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ।ਜਾਂਚ ਦੌਰਾਨ ਪੁਲਸ ਨੂੰ ਕਥਿਤ ਤੌਰ 'ਤੇ ਪਤਾ ਲੱਗਾ ਕਿ ਕੁਲਵਿੰਦਰ ਸਿੰਘ ਦੀ ਪਤਨੀ ਲਵਪ੍ਰੀਤ ਕੌਰ ਦੇ ਹਰਜੀਤ ਸਿੰਘ ਵਾਸੀ ਜਲਾਲਾਬਾਦ ਨਾਲ ਕਥਿਤ ਤੌਰ 'ਤੇ ਸੰਬੰਧ ਸਨ।ਪੁਲਸ ਦਾ ਦਾਅਵਾ ਹੈ ਕਿ ਲਵਪ੍ਰੀਤ ਕੌਰ ਤੇ ਹਰਜੀਤ ਸਿੰਘ ਨੇ ਕਥਿਤ ਤੌਰ 'ਤੇ ਮਿਲ ਕੇ ਬੱਚਿਆਂ ਨੂੰ ਰਸਤੇ ਵਿੱਚੋਂ ਹਟਾਉਣ ਦੀ ਸਾਜ਼ਿਸ਼ ਰਚੀ ਤੇ ਇਸ ਤਹਿਤ ਮਠਿਆਈ ਵਿੱਚ ਜ਼ਹਿਰੀਲੀ ਚੀਜ਼ ਮਿਲਾ ਦਿੱਤੀ।ਇਸ ਸਬੰਧੀ ਪੁਲਸ ਨੇ ਲਵਪ੍ਰੀਤ ਕੌਰ ਵਾਸੀ ਭਵਾਨੀਗੜ੍ਹ ਤੇ ਹਰਜੀਤ ਸਿੰਘ ਵਾਸੀ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਐੱਸ.ਐੱਸ.ਪੀ. ਅਨੁਸਾਰ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਪੁਲਸ ਟੀਮਾਂ ਵੱਲੋਂ ਹਿਊਮਨ ਤੇ ਟੈਕਨੀਕਲ ਇੰਟੈਲੀਜੈਂਸ ਦੀ ਮਦਦ ਲਈ ਗਈ।ਇਸ ਕਾਰਵਾਈ ਦੌਰਾਨ ਪੁਲਸ ਨੇ ਲਵਪ੍ਰੀਤ ਕੌਰ ਨੂੰ ਮੰਗਲਵਾਰ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਹਰਜੀਤ ਸਿੰਘ ਦੀ ਗ੍ਰਿਫਤਾਰੀ ਲਈ ਪੁਲਸ ਵੱਲੋਂ ਭਾਲ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੀ ਗਈ ਲਵਪ੍ਰੀਤ ਕੌਰ ਨੂੰ ਪੁਲਸ ਰਿਮਾਂਡ 'ਤੇ ਲੈ ਕੇ ਮਾਮਲੇ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।ਪੁਲਸ ਨੂੰ ਪੁੱਛਗਿੱਛ ਦੌਰਾਨ ਮਾਮਲੇ ਨਾਲ ਜੁੜੇ ਹੋਰ ਅਹਿਮ ਤੱਥ ਸਾਹਮਣੇ ਆਉਣ ਦੀ ਉਮੀਦ ਹੈ।

# ਰਾਸ਼ਨ ਡਿਪੂਆਂ 'ਤੇ ਮਾੜੀ ਗੁਣਵੱਤਾ ਵਾਲੀ ਕਣਕ ਦੀ ਵੰਡ ਨੇ ਫੜਿਆ ਤੂਲ

**ਲੋਕਾਂ 'ਚ ਭਾਰੀ ਰੋਸ, ਗੁਦਾਮਾਂ 'ਚ ਭੰਡਾਰ ਪਈ ਕਣਕ ਦੀ ਉੱਚ ਪੱਧਰੀ ਜਾਂਚ ਮੰਗੀ**



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਧੂਰੀ ਇਲਾਕੇ ਅੰਦਰ ਸਰਕਾਰੀ ਰਾਸ਼ਨ ਡਿੱਪੂਆਂ ਰਾਹੀਂ ਖਪਤਕਾਰਾਂ ਨੂੰ ਵੰਡੀ ਜਾ ਰਹੀ ਅਤਿਅੰਤ ਗੈਰ-ਮਿਆਰੀ ਤੇ ਖਰਾਬ ਕਣਕ ਇਸ ਵੇਲੇ ਸਮੁੱਚੇ ਖੇਤਰ ਵਿੱਚ ਗੰਭੀਰ ਚਰਚਾ ਤੇ ਚਿੰਤਾ ਦਾ ਮੁੱਖ ਵਿਸ਼ਾ ਬਣੀ ਹੋਈ ਹੈ।ਸਰਕਾਰ ਵੱਲੋਂ ਗਰੀਬ ਤੇ ਲੋੜਵੰਦ ਪਰਵਾਰਾਂ ਦੀ ਸਹੂਲਤ ਲਈ ਭੇਜੀ ਜਾ ਰਹੀ ਇਸ ਅਨਾਜ ਦੀ ਮਾੜੀ ਹਾਲਤ ਨੇ ਖਪਤਕਾਰਾਂ ਦੇ ਮਨਾਂ ਵਿੱਚ ਭਾਰੀ ਨਿਰਾਸ਼ਾ ਤੇ ਰੋਸ ਪੈਦਾ ਕਰ ਦਿੱਤਾ ਹੈ।ਸਥਾਨਕ ਖਪਤਕਾਰਾਂ ਵੱਲੋਂ ਮਿਲੀ ਠੋਸ ਸ਼ਿਕਾਇਤ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਰਾਸ਼ਨ ਡਿੱਪੂ ਦਾ ਦੌਰਾ ਕੀਤਾ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਏ।ਮੌਕੇ 'ਤੇ ਵੇਖਿਆ ਗਿਆ ਕਿ ਕਣਕ ਦੀਆਂ ਅਨੇਕਾਂ ਬੋਰੀਆਂ ਪੂਰੀ ਤਰ੍ਹਾਂ ਗਿੱਲੀਆਂ ਸਨ।ਇਨ੍ਹਾਂ ਬੋਰੀਆਂ ਅੰਦਰਲਾ ਅਨਾਜ ਸਿੱਲ੍ਹ ਕਾਰਨ ਕਾਲਾ ਪੈ ਚੁੱਕਾ ਸੀ ਅਤੇ ਕਣਕ ਦੇ ਬਿਲਕੁਲ ਅਯੋਗ ਹੋ ਕੇ ਪੂਰੀ ਤਰ੍ਹਾਂ ਖਰਾਬ ਹੋ ਚੁੱਕਾ ਸੀ।ਅਜਿਹਾ ਗੈਰ-ਮਿਆਰੀ ਅਨਾਜ ਆਮ ਲੋਕਾਂ ਦੀ ਸਿਹਤ ਲਈ ਵੀ ਵੱਡਾ ਖ਼ਤਰਾ ਸਾਬਿਤ ਹੋ ਸਕਦਾ ਹੈ।ਇਸ ਗੰਭੀਰ ਮਾਮਲੇ ਦਾ ਤੁਰੰਤ ਨੋਟਿਸ ਲੈਂਦਿਆਂ ਇਲਾਕੇ ਦੀਆਂ ਇਨਕਲਾਬੀ ਤੇ ਸਮਾਜ ਸੇਵੀ ਧਿਰਾਂ ਨੇ ਸਰਕਾਰ ਵਿਰੁੱਧ ਤਿੱਖਾ ਰੋਹ ਜਤਾਇਆ ਹੈ।ਲੋਕ ਆਗੂਆਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਡਿੱਪੂਆਂ 'ਤੇ ਵੰਡੀ ਜਾ ਰਹੀ ਕਣਕ ਤੇ ਸਰਕਾਰੀ ਗੋਦਾਮਾਂ ਅੰਦਰ ਭੰਡਾਰ ਕਰਕੇ ਰੱਖੇ ਗਏ ਸਮੁੱਚੇ ਅਨਾਜ ਦੀ ਕਿਸੇ ਉੱਚ-ਪੱਧਰੀ ਵਿਸ਼ੇਸ਼ ਜਾਂਚ ਟੀਮ ਰਾਹੀਂ ਨਿਰਪੱਖ ਜਾਂਚ ਕਰਵਾਈ ਜਾਵੇ।ਦੂਜੇ ਪਾਸੇ, ਜਦੋਂ ਇਸ ਸਬੰਧੀ ਖੁਰਾਕ ਤੇ ਸਪਲਾਈ ਵਿਭਾਗ ਦੇ ਸਬੰਧਤ ਇੰਸਪੈਕਟਰ ਨਾਲ ਟੈਲੀਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸਫ਼ਾਈ ਦਿੰਦਿਆਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜਿਸ ਵੀ ਡਿੱਪੂ 'ਤੇ ਖਰਾਬ ਕਣਕ ਪੁੱਜੀ ਹੈ, ਉਸ ਨੂੰ ਤੁਰੰਤ ਬਦਲਿਆ ਜਾਵੇਗਾ ਤੇ ਕਿਸੇ ਵੀ ਖਪਤਕਾਰ ਨੂੰ ਮਾੜੀ ਜਾਂ ਖਰਾਬ ਕਣਕ ਦੀ ਵੰਡ ਨਹੀਂ ਹੋਣ ਦਿੱਤੀ ਜਾਵੇਗੀ।

# ਆਂਗਣਵਾੜੀ ਵਰਕਰਾਂ-ਹੈਲਪਰਾਂ ਵੱਲੋਂ ਵਿਧਾਇਕ ਦੇ ਘਰ ਅੱਗੇ ਰੋਸ ਧਰਨਾ

**13 ਨੂੰ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਪੱਤਰ ਜਾਰੀ**



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਆਲ ਇੰਡੀਆ ਆਂਗਣਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ ਪੰਜਾਬ (ਏਟਕ) ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਜਲਾਲਾਬਾਦ ਦੇ ਵਿਧਾਇਕ ਗੋਲਡੀ ਕੰਬੋਜ ਦੀ ਕੋਠੀ ਦਾ ਘਰਾਓ ਕੀਤਾ ਗਿਆ ਤੇ ਧਰਨਾ ਦੇ ਕੇ ਜੰਮ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਧਰਨੇ ਦੀ ਅਗਵਾਈ ਬਲਾਕ ਪ੍ਰਧਾਨ ਬਲਵਿੰਦਰ ਕੌਰ ਮੁਹੰਮਦ ਵਾਲਾ ਨੇ ਕੀਤੀ ਤੇ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਤੇ ਸੂਬਾ ਜਨਰਲ ਸਕੱਤਰ ਸੁਨੀਲ ਕੌਰ ਬੇਦੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਤੇ ਸੂਬਾ ਜਨਰਲ ਸਕੱਤਰ ਸੁਨੀਲ ਕੌਰ ਬੇਦੀ ਨੇ ਇਥੇ ਵਿਧਾਇਕ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਾਡੇ ਨਾਲ ਸਾਡਾ ਮਾਣ ਭੱਤਾ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਸਾਢੇ 4 ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਸਾਡਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ ਗਿਆ। ਇਸ ਦੇ ਇਲਾਵਾ ਹੋਰ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਵੀ ਨਹੀਂ ਕੀਤਾ ਗਿਆ। ਇਸ ਸੰਬੰਧ ਵਿੱਚ ਆਂਗਣਵਾੜੀ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਧਰਨੇ ਦੌਰਾਨ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਵਿਧਾਇਕ ਦੀ ਰਿਹਾਇਸ਼ ਵੱਲ ਮਾਰਚ ਪ੍ਰਦਰਸ਼ਨ ਕੀਤਾ ਗਿਆ, ਜਿਸ 'ਤੇ ਵਿਧਾਇਕ ਗੋਲਡੀ ਕੰਬੋਜ ਨੇ ਮੌਕੇ 'ਤੇ ਬਾਹਰ ਆ ਕੇ ਆਂਗਣਵਾੜੀ ਵਰਕਰਾਂ ਕੋਲੋਂ ਮੰਗ-ਪੱਤਰ ਲੈਣ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਕੋਲ ਇਹ ਮੰਗ ਪੱਤਰ ਅਗਲੀ ਕਾਰਵਾਈ ਲਈ ਭੇਜਣ ਦਾ ਭਰੋਸਾ ਦਿੱਤਾ। ਇਸ ਮੌਕੇ ਯੂਨੀਅਨ ਦੇ ਆਗੂਆਂ ਦੀ ਪੰਜਾਬ ਸਰਕਾਰ ਨਾਲ ਮੀਟਿੰਗ ਕਰਵਾਉਣ ਦਾ ਸਮਾਂ ਦਿਵਾਉਣ ਦੀ ਵੀ ਮੰਗ ਕੀਤੀ ਗਈ, ਜਿਸ 'ਤੇ ਵਿਧਾਇਕ ਗੋਲਡੀ ਕੰਬੋਜ ਵੱਲੋਂ ਮੌਕੇ 'ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਪੱਤਰ ਜਾਰੀ ਕਰਵਾਇਆ, ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਨੁਮਾਇੰਦੇ ਵੀ ਹਾਜ਼ਰ ਹੋਣਗੇ ਅਤੇ ਇਹ ਮੀਟਿੰਗ 13 ਅਕਤੂਬਰ 2026 ਨੂੰ ਪੰਜਾਬ ਭਵਨ ਵਿੱਚ 11 ਵਜੇ ਤੈਅ ਹੋਈ। ਇਸ ਪੈਨਲ ਮੀਟਿੰਗ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਨ ਭੱਤੇ ਵਿੱਚ ਵਾਧਾ ਕਰਨ ਤੇ ਹੋਰ ਮੰਗਾਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਜੇਕਰ ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਯੂਨੀਅਨ ਵੱਲੋਂ ਮਜਬੂਰਨ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

## ਕਾਤਰਾਂ

### ਦੁੱਖ ਦਾ ਪ੍ਰਗਟਾਵਾ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਬਲਿਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਪਾਤੜਾਂ (ਬਾਨੀ ਕਾਮਰੇਡ ਹਰਪਾਲ ਸਿੰਘ ਘੱਗਾ) ਦੀ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ ਵੱਲੋਂ 'ਨਵਾਂ ਜ਼ਮਾਨਾ' ਦੇ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸੰਸਥਾ ਦੇ ਚੇਅਰਮੈਨ ਕੀਮਤ ਸਿੰਗਲਾ ਜਨਰਲ ਸਕੱਤਰ ਕੇਵਲ ਸ਼ਰਮਾ ਅਤੇ ਸਕੂਲ ਪ੍ਰਿੰਸੀਪਲ ਗੁਰਿੰਦਰ ਸੰਧੂ ਨੇ ਫਤਿਹਪੁਰੀ ਦੀ ਨਾਮੁਰਾਦ ਬਿਮਾਰੀ ਕਾਰਨ ਹੋਈ ਬੇਵਕਤ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਦਾਰਾ 'ਨਵਾਂ ਜ਼ਮਾਨਾ' ਤੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

### ਜ਼ਿਲ੍ਹਾ ਪੱਧਰੀ ਪੈਨਸ਼ਨ ਅਦਾਲਤ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸਹਾਇਕ ਕਮਿਸ਼ਨਰ (ਜਨਰਲ)—ਕਮ—ਐੱਸ.ਡੀ.ਐੱਮ. ਸ੍ਰੀ ਗੁਰਕਿਰਨ ਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਤੇ ਯੂ.ਟੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਪੈਨਸ਼ਨ ਅਦਾਲਤ 24 ਸਤੰਬਰ 2026 ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਲਗਾਈ ਜਾ ਰਹੀ ਹੈ।ਉਨ੍ਹਾਂ ਸਰਕਾਰੀ ਵਿਭਾਗਾਂ ਦੇ ਸੈਂਕਸ਼ਨਿੰਗ ਅਥਾਰਟੀ/ਡੀ.ਡੀ.ਓ ਨੂੰ ਹਦਾਇਤ ਕੀਤੀ ਕਿ ਜੇਕਰ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਕਿਸੇ ਪੈਨਸ਼ਨਰ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਇਸ ਪੈਨਸ਼ਨ ਅਦਾਲਤ ਵਿੱਚ ਲੈ ਕੇ ਜ਼ਰੂਰ ਹਾਜ਼ਰ ਹੋਣ।ਉਨ੍ਹਾਂ ਜ਼ਿਲ੍ਹਾ ਖਜ਼ਾਨਾ ਦਫਤਰ ਨੂੰ ਕਿਹਾ ਕਿ ਪੈਨਸ਼ਨ ਅਦਾਲਤ ਸਬੰਧੀ ਦਿ ਗਜ਼ੇਟਿਡ ਪੈਨਸ਼ਨਰ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ ਦੇ ਅਹੁਦੇਦਾਰਾਂ ਨੂੰ ਜ਼ਰੂਰ ਸੂਚਿਤ ਕੀਤਾ ਜਾਵੇ।

### ਪ੍ਰੈੱਸ ਕਲੱਬ ਵੱਲੋਂ ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਦੁੱਖ ਪ੍ਰਗਟ

**ਦਿੜ੍ਹਬਾ (ਜਸਵੀਰ ਲਾਡੀ)**-ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜੇ 'ਤੇ ਸ਼ਹੀਦ ਭਗਤ ਸਿੰਘ ਪ੍ਰੈੱਸ ਕਲੱਬ ਛਾਜਲੀ ਦੇ ਸਰਪ੍ਰਸਤ ਜਸਵੀਰ ਲਾਡੀ, ਪ੍ਰਧਾਨ ਅਜੈਬ ਸਿੰਘ ਨੀਲੋਵਾਲ, ਮਾਸਟਰ ਦੇਸ ਰਾਜ ਛਾਜਲੀ (ਲੋਕ ਸੰਗੀਤ ਮੰਡਲੀ ਛਾਜਲੀ), ਜਗਦੀਸ਼ ਪਾਪੜਾ ਮਾਲਵਾ ਹੇਰ ਲਹਿਰਾਗਾਗਾ, ਐਡਵੋਕੇਟ ਕਾਮਰੇਡ ਸੰਪੂਰਨ ਸਿੰਘ ਛਾਜਲੀ, ਕਾਮਰੇਡ ਕਰਨੈਲ ਸਿੰਘ, ਤਾਰਾ ਸਿੰਘ ਛਾਜਲੀ, ਡਾਕਟਰ ਸੁਖਜਿੰਦਰ ਲਾਲੀ, ਕਾਮਰੇਡ ਲਛਮਣ ਅਲੀਸ਼ੇਰ, ਜਗਜੀਤ ਭੁਟਾਲ ਜ਼ਿਲ੍ਹਾ ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਰਘਬੀਰ ਭੁਟਾਲ, ਵਰਿੰਦਰ ਭੁਟਾਲ, ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ ਨੇ ਕਿਹਾ ਕਿ ਫਤਿਹਪੁਰੀ ਦੇ ਵਿਛੋੜੇ ਨਾਲ ਜਿੱਥੇ ਪੱਤਰਕਾਰਤਾ ਵਿੱਚ ਇੱਕ ਨਾ ਪੂਰਾ ਹੋਣਾ ਵਾਲਾ ਘਾਟਾ ਪਿਆ, ਉੱਥੇ ਸਮਾਜ ਲਈ ਵੀ ਇੱਕ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਅਸੀਂ ਇਸ ਮੌਕੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ।

# ਦਲਬੀਰ ਯੂ ਕੇ ਨੇ ਵਿੱਢੀ ਡੋਰ-ਟੂ-ਡੋਰ ਮੁਹਿੰਮ, 'ਆਪ' ਆਗੂਆਂ ਨਾਲ ਕੀਤੀ ਅਹਿਮ ਬੈਠਕ



**ਸਨੌਰ/ਘਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ 'ਡੋਰ-ਟੂ-ਡੋਰ' ਮੁਹਿੰਮ ਤਹਿਤ ਹਲਕਾ ਘਨੌਰ ਵਿੱਚ ਸੰਗਠਨਾਤਮਿਕ ਗਤੀਵਿਧੀਆਂ ਨੂੰ ਅੱਗੇ ਵਧਾਉਣ ਲਈ 'ਆਪ' ਦੇ ਆਗੂ ਦਲਬੀਰ ਯੂ ਕੇ ਦੀ ਅਗਵਾਈ ਵਿੱਚ ਘਨੌਰ ਵਿਖੇ ਹਲਕੇ ਦੇ 'ਆਪ' ਆਗੂਆਂ ਦੀ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਹਲਕਾ ਘਨੌਰ ਦੇ 'ਆਪ' ਮੋਹਤਬਰ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਇਸ ਮੌਕੇ ਦਲਬੀਰ ਗਿੱਲ ਯੂ ਕੇ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮਨ ਸਰਕਾਰ ਵੱਲੋਂ ਪਿਛਲੇ 4.5 ਸਾਲਾਂ ਦੌਰਾਨ ਰਿਕਾਰਡ ਤੋੜ ਵਿਕਾਸ ਕਾਰਜ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਚੱਲ ਰਹੇ ਤੇ ਮੁਕੰਮਲ ਹੋ ਚੁੱਕੇ ਵਿਕਾਸ ਕਾਰਜ ਇਨ੍ਹਾਂ ਉਪਰਾਲਿਆਂ ਦੀ ਗਵਾਹੀ ਆਪਣੇ ਆਪ ਭਰ ਰਹੇ ਹਨ।

ਉਨ੍ਹਾਂ 'ਆਪ' ਦੇ ਸਮੂਹ ਪਾਰਟੀ ਵਰਕਰਾਂ ਨੂੰ ਗਰਮਜੋਸ਼ੀ ਨਾਲ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਮਾਨ ਸਰਕਾਰ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੇ ਵਿਕਾਸ ਕਾਰਜਾਂ ਨੂੰ 'ਡੋਰ-ਟੂ-ਡੋਰ' ਮੁਹਿੰਮ ਤਹਿਤ ਹਲਕਾ ਸਮਾਣਾ ਦੇ ਹਰ ਘਰ ਤੱਕ ਪਹੁੰਚਾਉਣ ਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਲੋਕ ਭਲਾਈ ਯੋਜਨਾਵਾਂ ਤੇ ਲੋਕ ਹਿੱਤ ਵਿੱਚ ਲਏ ਜਾ ਰਹੇ ਫੈਸਲਿਆਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਲੋਕਾਂ ਨਾਲ ਸਿੱਧਾ ਸੰਪਰਕ ਵੀ ਮਜ਼ਬੂਤ ਕਰਨਾ ਚਾਹੀਦਾ ਹੈ, ਜਿਸ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਮਿਲੇਗੀ।ਉਨ੍ਹਾਂ ਵੱਲੋਂ ਹਲਕਾ ਘਨੌਰ ਵਿੱਚ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ ਗਿਆ ਤੇ ਕਿਹਾ ਗਿਆ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਜ਼ਮੀਨੀ ਪੱਧਰ 'ਤੇ ਇਕਜੁੱਟ ਹੋ ਕੇ ਕੰਮ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਵਿੰਗ ਦੇ ਇੰਚਾਰਜ, 'ਆਪ' ਆਗੂ ਤੇ ਵੱਡੀ ਗਿਣਤੀ 'ਆਪ' ਵਰਕਰ ਮੌਜੂਦ ਸਨ।

# ਮਰਖਾਈ 'ਚ ਨਸ਼ੇ ਦਾ ਕਹਿਰ, ਮਹੀਨੇ 'ਚ ਕਈ ਮੌਤਾਂ



**ਜ਼ੀਰਾ (ਨਰਿੰਦਰ ਅਨੇਜਾ)**-ਕੇਵਲ ਇੱਕ ਮਹੀਨੇ ਦੌਰਾਨ ਸਾਡੇ ਪਿੰਡ ਮਰਖਾਈ (ਜ਼ੀਰਾ) ਵਿਖੇ ਨਸ਼ੇ ਨੇ ਇਸ ਕਦਰ ਕਹਿਰ ਢਾਹਿਆ ਕਿ ਕੇਵਲ ਇੱਕ ਮਹੀਨੇ ਵਿੱਚ ਅਨੇਕਾਂ ਮੌਤਾਂ ਹੋ ਚੁੱਕੀਆਂ ਹਨ।

ਇਹ ਵਿਚਾਰ ਸਮਾਜ ਸੇਵਕਾ ਤੇ 'ਕੌਰ ਨਸ਼ਾ ਰੋਕੋ ਵਿਰਸਾ ਸੰਭਾਲ ਸੁਸਾਇਟੀ ਪੰਜਾਬ' ਦੀ ਚੇਅਰਮੈਨ ਰਮਨਦੀਪ ਕੌਰ ਮਰਖਾਈ ਨੇ ਇਸ ਪ੍ਰਤੀਨਿਧੀ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਨਸ਼ੇ ਦੀ ਆਦਤ ਕਾਰਨ ਮੈਂ ਖੁਦ ਆਪਣਾ ਪਤੀ ਗਵਾ ਚੁੱਕੀ ਹਾਂ, ਜਿਸ ਤੋਂ ਬਾਅਦ ਮੈਂ ਸਮਾਜ ਵਿੱਚ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਖਿਲਾਫ ਲਗਾਤਾਰ ਆਪਣੀ ਆਵਾਜ਼ ਬੁਲੰਦ ਕਰ ਰਹੀ ਹਾਂ, ਪਰ ਇਸ ਨੂੰ ਸਮਾਜ ਦੀ ਵਿਡੰਬਣਾ ਕਿਹਾ ਜਾਵੇ ਜਾਂ ਸਰਕਾਰਾਂ ਦੀਆਂ ਆਪਣੀਆਂ ਨਲਾਇਕੀਆਂ ਤੇ ਪਰਦਾਪੋਸ਼ੀਆਂ ਕਰਨੀਆਂ ਕਿ ਨਸ਼ੇ ਦੇ ਸੇਵਨ ਕਾਰਨ ਜਿਨ੍ਹਾਂ ਪਰਿਵਾਰਾਂ ਵਿੱਚ ਪਤਨੀਆਂ ਦੇ ਸੁਹਾਗ, ਮਾਵਾਂ ਦੇ ਪੁੱਤਰ, ਭੈਣਾਂ ਦੇ ਭਰਾ ਤੇ ਜਿਨ੍ਹਾਂ ਮਾਸੂਮਾਂ ਦੇ ਸਿਰ ਤੋਂ ਉਨ੍ਹਾਂ ਦੇ ਪਿਤਾ ਦਾ ਸਾਇਆ ਉੱਠ ਜਾਂਦਾ ਹੈ, ਉਹ ਸਮਾਜ ਵਿੱਚ ਜਾਂ ਸਰਕਾਰਾਂ ਤੱਕ ਆਪਣੇ ਦੁੱਖ ਦੀ ਦੁਹਾਈ ਦੇ ਕੇ ਨਸ਼ੇ ਦੇ ਨਾਸੂਰ 'ਤੇ ਕਾਬੂ ਪਾਉਣ ਲਈ ਆਵਾਜ਼ ਉਠਾਉਣ ਤੋਂ ਵੀ ਬੇਵੱਸ ਹਨ।ਰਮਨਦੀਪ ਕੌਰ ਮਰਖਾਈ ਨੇ ਕਿਹਾ ਕਿ ਕਿਸੇ ਵੀ ਸਮਾਜਿਕ ਬੁਰਾਈ ਨੂੰ ਸਮਾਜ ਦੇ ਸਹਿਯੋਗ ਤੋਂ ਬਿਨਾਂ ਖਤਮ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿੱਚੋਂ ਅੱਤਵਾਦ ਨੂੰ ਖਤਮ ਕਰਨ ਲਈ ਪੰਜਾਬ ਪੁਲਸ ਲੋਕਾਂ ਤੋਂ ਸਹਿਯੋਗ ਲਿਆ ਸੀ, ਉਸੇ ਤਰ੍ਹਾਂ ਨਸ਼ਿਆਂ ਦੀ ਬੁਰਾਈ ਨੂੰ ਖਤਮ ਕਰਨ ਲਈ ਵੀ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਬੁਰਾਈ ਨੂੰ ਖਤਮ ਕਰਨ ਲਈ ਉਸ ਖਿਲਾਫ ਚਲਾਈ ਗਈ ਮੁਹਿੰਮ ਨੂੰ ਲੋਕ ਲਹਿਰ ਬਣਾਉਣਾ ਜ਼ਰੂਰੀ ਹੈ, ਨਾ ਕਿ ਸਰਕਾਰਾਂ ਦੇ ਨੁਮਾਇੰਦਿਆਂ ਵੱਲੋਂ ਆਪਣੇ ਚਹੇਤਿਆਂ ਤੇ ਸਮਰਥਕਾਂ ਦਾ ਇਕੱਠ ਕਰਕੇ ਫੋਕੀ ਵਾਹ-ਵਾਹ ਲੁੱਟਣ ਲਈ ਆਪਣੀ ਸਰਕਾਰ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਫਰਜ਼ੀ ਸੈਮੀਨਾਰ ਕਰਵਾ ਕੇ ਸਰਕਾਰ ਨੂੰ ਗੁੰਮਰਾਹ ਕਰਨਾ।

# ਕੰਚਨ ਕੁਮਾਰੀ ਹੱਤਿਆ ਕਾਂਡ ਦੇ ਮੁੱਖ ਮੁਲਜ਼ਮ ਮਹਿਰੋਂ ਅਦਾਲਤ 'ਚ ਪੇਸ਼



**ਮੋਗਾ (ਇਕਬਾਲ ਸਿੰਘ ਖਹਿਰਾ)**-ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ 'ਕਮਲ ਭਾਬੀ' ਹੱਤਿਆਕਾਂਡ ਦੇ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋ ਨੂੰ ਅੱਜ ਥਾਣਾ ਮਹਿਣਾ ਵਿੱਚ ਦਰਜ ਇੱਕ ਮਾਮਲੇ ਦੇ ਸਬੰਧ ਵਿੱਚ ਮੋਗਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ।ਪੁਲਸ ਵੱਲੋਂ ਉਸ ਨੂੰ ਗਨ ਕਲਚਰ ਨੂੰ ਉਤਸ਼ਾਹਤ ਕਰਨ ਦੇ ਦੋਸ਼ਾਂ ਸਬੰਧੀ ਦਰਜ ਮਾਮਲੇ ਤਹਿਤ ਅਦਾਲਤ ਦੇ ਅਨੁਸਾਰ ਅੰਮ੍ਰਿਤਪਾਲ ਸਿੰਘ ਮਹਿਰੋ ਵਿਰੁੱਧ ਥਾਣਾ ਮਹਿਣਾ ਵਿਖੇ ਗਨ ਕਲਚਰ ਨੂੰ ਪ੍ਰਮੋਟ ਕਰਨ ਨਾਲ ਸਬੰਧਤ ਮਾਮਲਾ ਦਰਜ ਕੀਤਾ ਗਿਆ ਹੈ।ਇਸੇ ਮਾਮਲੇ ਦੀ ਕਾਰਵਾਈ ਤਹਿਤ ਉਸ ਨੂੰ ਮੰਗਲਵਾਰ ਨੂੰ ਮੋਗਾ ਅਦਾਲਤ ਵਿੱਚ ਲਿਆਂਦਾ ਗਿਆ।ਪੁਲਸ ਦੀ ਟੀਮ ਵੱਲੋਂ ਸੁਰੱਖਿਆ ਪ੍ਰਬੰਧਾਂ ਹੇਠ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਅੰਮ੍ਰਿਤਪਾਲ ਸਿੰਘ ਮਹਿਰੋ ਦਾ ਨਾਮ ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ 'ਕਮਲ ਭਾਬੀ' ਦੇ ਹੱਤਿਆਕਾਂਡ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਵਜੋਂ ਸਾਹਮਣੇ ਆਇਆ ਹੈ।ਇਸ ਮਾਮਲੇ ਤੋਂ ਬਾਅਦ ਪੁਲਸ ਵੱਲੋਂ ਵੱਖ-ਵੱਖ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ।ਇਸ ਦੇ ਨਾਲ ਹੀ ਉਸ ਦੇ ਖ਼ਿਲਾਫ਼ ਥਾਣਾ ਮਹਿਣਾ ਵਿੱਚ ਗਨ ਕਲਚਰ ਨੂੰ ਉਤਸ਼ਾਹਤ ਕਰਨ ਨਾਲ ਸਬੰਧਤ ਮਾਮਲਾ ਵੀ ਦਰਜ ਕੀਤਾ ਗਿਆ ਹੈ।ਅਦਾਲਤ ਵਿੱਚ ਪੇਸ਼ੀ ਦੌਰਾਨ ਪੁਲਸ ਵੱਲੋਂ ਮਾਮਲੇ ਨਾਲ ਸਬੰਧਤ ਕਾਰਵਾਈ ਅੱਗੇ ਵਧਾਈ ਗਈ।ਪੁਲਸ ਵੱਲੋਂ ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਤੇ ਸਬੂਤਾਂ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਅਦਾਲਤੀ ਕਾਰਵਾਈ ਦੌਰਾਨ ਮਾਮਲੇ ਨਾਲ ਸਬੰਧਤ ਪੱਖਾਂ ਵੱਲੋਂ ਆਪਣੀਆਂ ਦਲੀਲਾਂ ਵੀ ਪੇਸ਼ ਕੀਤੀਆਂ ਜਾਣਗੀਆਂ।ਪੁਲਸ ਅਧਿਕਾਰੀਆਂ ਅਨੁਸਾਰ ਗਨ ਕਲਚਰ ਨੂੰ ਉਤਸ਼ਾਹਿਤ ਕਰਨ ਵਾਲੀ ਕਿਸੇ ਵੀ ਗਤੀਵਿਧੀ ਸਬੰਧੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਇਸ ਮਾਮਲੇ ਵਿੱਚ ਵੀ ਪੁਲਸ ਵੱਲੋਂ ਦਰਜ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਦੌਰਾਨ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।ਕੰਚਨ ਕੁਮਾਰੀ ਉਰਫ਼ 'ਕਮਲ ਭਾਬੀ' ਹੱਤਿਆਕਾਂਡ ਪਹਿਲਾਂ ਹੀ ਚਰਚਾ ਵਿੱਚ ਰਿਹਾ ਹੈ।ਅਦਾਲਤ ਵੱਲੋਂ ਮਾਮਲੇ ਨਾਲ ਸਬੰਧਤ ਦਸਤਾਵੇਜ਼ਾਂ ਤੇ ਪੁਲਸ ਵੱਲੋਂ ਪੇਸ਼ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ।

# ਸਾਹਿਤਕ, ਸੰਗੀਤਕ ਤੇ ਸਨਮਾਨ ਸਮਾਰੋਹ ਯਾਦਗਾਰੀ ਹੋ ਨਿੱਬੜਿਆ



**ਧੂਰੀ (ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ (ਰਜਿ:) ਧੂਰੀ ਦਾ ਮਹੀਨਾਵਾਰ ਸਾਹਿਤਕ ਸਮਾਗਮ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਕੀਤਾ ਗਿਆ।ਸੁਆਗਤੀ ਸ਼ਬਦਾਂ ਤੋਂ ਉਪਰੰਤ ਬੀਤੇ ਦਿਨਾਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਵੱਖੋ ਵੱਖ ਸਾਹਿਤਕਾਰਾਂ, ਕਲਾਕਾਰਾਂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਾਂਝੇ ਤੌਰ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਤੋਂ ਬਾਅਦ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ 13 ਸਤੰਬਰ ਨੂੰ ਹੋਏ ਜਨਰਲ ਇਜਲਾਸ ਤੇ 25 ਅਕਤੂਬਰ ਨੂੰ ਹੋਣ ਜਾ ਰਹੀ ਤਿੰਨ ਸਾਲਾ ਚੋਣ ਬਾਰੇ ਵਿਚਾਰ ਚਰਚਾ ਵੀ ਕੀਤੀ ਗਈ। ਦੂਜੇ ਦੌਰ ਵਿੱਚ ਸਭਾ ਦੇ ਬਾਨੀ ਮੈਂਬਰਾਂ ਵਿੱਚੋਂ ਇੱਕ, ਮੌਜੂਦਾ ਮੁੱਦੇ ਸਲਾਹਕਾਰ ਤੇ ਪੰਜਾਬੀ ਲੋਕ ਗੀਇਕੀ ਦੇ ਬਾਬਾ ਬੋਹੜ ਗੁਰਦਿਆਲ ਨਿਰਮਾਣ ਧੂਰੀ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਪਹਿਲੇ ਮਰਹੂਮ ਕ੍ਰਿਸ਼ਨ ਗੋਪਾਲ ਭੰਡਾਰੀ ਯਾਦਗਾਰੀ ਐਵਾਰਡ ਨਾਲ਼ ਸਨਮਾਨਤ ਕੀਤਾ ਗਿਆ।ਇਹ ਸਨਮਾਨ ਸਭਾ ਤੇ ਸਥਾਨਕ ਵਿਉਪਾਰ ਮੰਡਲ ਤੇ ਕਰਿਆਨਾ ਮਰਚੈਂਟ ਐਸੋਸੀਏਸ਼ਨ ਦੇ ਸਕੱਤਰ ਅਸ਼ੋਕ ਭੰਡਾਰੀ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਆਪਣੇ ਪਰਿਵਾਰ ਤੇ ਦੋਵੇਂ ਜਥੇਬੰਦੀਆਂ ਦੇ ਸਹਿਯੋਗ ਨਾਲ਼ ਕੀਤਾ ਗਿਆ।ਸਨਮਾਨਤ ਸ਼ਖ਼ਸੀਅਤ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਦੇ ਜੱਦੀ ਪਿੰਡ ਜਖਲਾਂ ਦੇ ਜੰਮਪਲ ਲੈਕਚਰਾਰ ਰਾਮ ਚੰਦ ਸ਼ਰਮਾ ਨੇ ਵਿਸਥਾਰ ਸਹਿਤ ਆਪਣੇ ਵਿਚਾਰ ਸਾਂਝੇ ਕੀਤੇ, ਜਿਸ ਵਿੱਚ ਉਸ ਦੇ ਪ੍ਰਸਿੱਧ ਗਾਇਕ ਸਪੁੱਤਰ ਲਵਲੀ ਨਿਰਮਾਣ ਦਾ ਜ਼ਿਕਰ ਹੋਣਾ ਵੀ ਸੁਭਾਵਿਕ ਸੀ।ਇਸ ਦੇ ਨਾਲ਼ ਹੀ ਹਰ ਵਾਰੀ ਦੀ ਤਰ੍ਹਾਂ ਸਤੰਬਰ ਮਹੀਨੇ ਵਿੱਚ ਜਨਮੇਂ ਮੈਂਬਰਾਂ ਮਨਜੀਤ ਕੌਰ ਸੰਧੂ, ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ, ਹਰਬੰਸ ਸਿੰਘ ਬੇਨੜਾ ਤੇ ਰਾਮ ਚੰਦ ਸ਼ਰਮਾ ਦਾ ਮੂੰਹ ਮਿੱਠਾ ਕਰਵਾ ਕੇ ਸਭਾ ਤੇ ਬਲਜੀਤ ਸਿੰਘ ਬਾਂਸਲ ਵੱਲੋਂ ਵੀ ਕਿਰਤੀ ਭਾਈ ਲਾਲੋ ਜੀ ਦੇ ਯਾਦ ਚਿੰਨ੍ਹ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ।

ਤੀਜੇ ਦੌਰ ਵਿੱਚ ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਦੇ ਸੁਚੱਜੇ ਮੰਚ ਸੰਚਾਲਨ ਅਧੀਨ ਕੀਤੇ ਗਏ ਵਿਸ਼ਾਲ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆਂ।ਅੰਤ ਵਿੱਚ ਗੁਰਦਿਆਲ ਨਿਰਮਾਣ ਧੂਰੀ ਵੱਲੋਂ ਹਾਜ਼ਰੀਨ ਤੋਂ ਇਲਾਵਾ ਸਮੁੱਚੇ ਭੰਡਾਰੀ ਪਰਵਾਰ ਦਾ ਧੰਨਵਾਦ ਕਰਦਿਆਂ ਆਪਣੇ ਨਵੇਂ ਪੁਰਾਣੇ ਗੀਤਾਂ ਦੇ ਜੌਹਰ ਵੀ ਵਿਖਾਏ।

# ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਸਮਾਗਮ ਦੀਆਂ ਤਿਆਰੀਆਂ ਮੁਕੰਮਲ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ ਵਿੱਦਿਆ ਭਾਰਤੀ ਅਖਿਲ ਭਾਰਤੀ ਸਿੱਖਿਆ ਸੰਸਥਾਨ ਨਵੀਂ ਦਿੱਲੀ ਵੱਲੋਂ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਦੇ ਉਪਲਕਸ਼ ਵਿੱਚ ਕਰਵਾਏ ਜਾ ਰਹੇ ਵਿਸ਼ੇਸ਼ ਪ੍ਰੋਗਰਾਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਹ ਪ੍ਰੋਗਰਾਮ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਦੀ ਰਹਿਨੁਮਾਈ ਹੇਠ ਕਰਵਾਇਆ ਜਾ ਰਿਹਾ ਹੈ।ਪ੍ਰੋਗਰਾਮ 'ਚ ਮੁੱਖ ਮਹਿਮਾਨ ਮਨੋਜ ਕੁਮਾਰ, ਡੀ.ਐੱਸ.ਪੀ., ਰਾਮਪੁਰਾ ਫੂਲ ਤੇ ਵਿਸ਼ੇਸ਼ ਮਹਿਮਾਨ ਸ੍ਰ. ਗੁਰਪ੍ਰੀਤ ਸਿੰਘ ਮਾਹਲ, ਐੱਸ.ਐੱਮ.ਓ., ਸਿਵਲ ਹਸਪਤਾਲ, ਰਾਮਪੁਰਾ ਫੂਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।ਪ੍ਰੋਗਰਾਮ ਨੂੰ ਲੈ ਕੇ ਸਕੂਲ ਵਿੱਚ ਪਿਛਲੇ ਕਈ ਦਿਨਾਂ ਤੋਂ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਉਤਸ਼ਾਹਪੂਰਵਕ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ।ਵਿਦਿਆਰਥੀਆਂ ਵੱਲੋਂ ਵੰਦੇ ਮਾਤਰਮ ਦੇ ਸਮੂਹਕ ਗਾਨ ਦਾ ਲਗਾਤਾਰ ਅਭਿਆਸ ਕੀਤਾ ਗਿਆ ਹੈ।ਸੰਗੀਤਕਾਰਾਂ ਤੇ ਸੰਗੀਤ ਅਧਿਆਪਕਾਂ ਦੀ ਰਹਿਨੁਮਾਈ ਹੇਠ ਸਮੂਹਕ ਗਾਨ ਨੂੰ ਇੱਕ ਸੁਰ ਤੇ ਇੱਕ ਲੈਅ ਵਿੱਚ ਪੇਸ਼ ਕਰਨ ਲਈ ਵਿਸ਼ੇਸ਼ ਤੌਰ 'ਤੇ ਅਭਿਆਸ ਕਰਵਾਇਆ ਗਿਆ ਹੈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਪ੍ਰੋਗਰਾਮ ਦੀਆਂ ਤਿਆਰੀਆਂ ਵਿੱਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਦੇਸ਼ ਭਰ ਵਿੱਚ ਇਹ ਪ੍ਰੋਗਰਾਮ 25 ਸਤੰਬਰ ਨੂੰ ਸਵੇਰੇ 11 ਵਜੇ ਇੱਕੋ ਸਮੇਂ ਕਰਵਾਇਆ ਜਾਵੇਗਾ।ਇਸ ਮੌਕੇ ਵੱਖ-ਵੱਖ ਸਥਾਨਾਂ 'ਤੇ ਇੱਕੋ ਸਮੇਂ ਇੱਕ ਗਾਨ, ਇੱਕ ਸੁਰ, ਇੱਕ ਲੈਅ ਦੇ ਭਾਵ ਨਾਲ ਵੰਦੇ ਮਾਤਰਮ ਦਾ ਸਮੂਹਿਕ ਗਾਨ ਕੀਤਾ ਜਾਵੇਗਾ।ਸਕੂਲ ਪ੍ਰਬੰਧਨ ਤੇ ਸਮੁੱਚੇ ਸਕੂਲ ਪਰਵਾਰ ਵੱਲੋਂ ਪ੍ਰੋਗਰਾਮ ਨੂੰ ਭਵਿਆ ਤੇ ਗਰਿਮਾਪੂਰਣ ਬਣਾਉਣ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਹ ਆਯੋਜਨ ਵਿਦਿਆਰਥੀਆਂ ਵਿੱਚ ਰਾਸ਼ਟਰ ਪ੍ਰੇਮ, ਰਾਸ਼ਟਰੀ ਏਕਤਾ, ਭਾਰਤੀ ਸੰਸਕ੍ਰਿਤੀ ਪ੍ਰਤੀ ਮਾਣ ਤੇ ਦੇਸ਼ ਭਗਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾ ਮਹੱਤਵਪੂਰਨ ਮਾਧਿਅਮ ਬਣੇਗਾ।

# ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ

**ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਭਰੀ ਹਾਜ਼ਰੀ, ਵੱਡੀ ਗਿਣਤੀ ਸ਼ਰਧਾਲੂਆਂ ਨੇ ਲਿਆ ਅੰਮ੍ਰਿਤ ਸੰਚਾਰ**



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ/ਅਸ਼ੋਕ ਬਾਂਸਲ)**-ਸੁਨਾਮ ਦੀ ਅਨਾਜ ਮੰਡੀ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਚੱਲ ਰਿਹਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਸ਼ਰਧਾ, ਉਤਸ਼ਾਹ ਤੇ ਧਾਰਮਿਕ ਭਾਵਨਾ ਨਾਲ ਸੰਪੰਨ ਹੋ ਗਿਆ। ਸਮਾਗਮ ਵਿੱਚ ਸੁਨਾਮ ਸ਼ਹਿਰ ਸਮੇਤ ਆਸ-ਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।ਪ੍ਰਬੰਧਕਾਂ ਅਨੁਸਾਰ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸਮਾਗਮ ਵਿੱਚ ਪਹੁੰਚ ਕੇ ਗੁਰਬਾਣੀ ਦੇ ਵਚਨਾਂ ਨੂੰ ਸਰਵਣ ਕੀਤਾ।ਤਿੰਨੇ ਦਿਨ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨਾਲ ਜੋੜਦਿਆਂ ਗੁਰਸਿੱਖੀ ਜੀਵਨ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਭਾਈ ਰਣਜੀਤ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਨੇ ਅਜੇ ਤੱਕ ਅੰਮ੍ਰਿਤ ਸੰਚਾਰ ਨਹੀਂ ਕੀਤਾ, ਉਹ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਨਾਲ ਜੁੜਨ।ਉਨ੍ਹਾਂ ਨੇ ਸਿੱਖ ਇਤਿਹਾਸ ਦੇ ਮਹਾਨ ਯੋਧਿਆਂ ਤੇ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਵੀ ਸੰਗਤਾਂ ਨੂੰ ਜਾਣੂ ਕਰਵਾਇਆ।ਇਨ੍ਹਾਂ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਅੰਮ੍ਰਿਤ ਸੰਚਾਰ ਕੀਤਾ।ਇਸ ਵਿੱਚ ਮਾਤਾਵਾਂ, ਬੱਚਿਆਂ ਤੇ ਨੌਜਵਾਨਾਂ ਸਮੇਤ ਵੱਖ-ਵੱਖ ਉਮਰ ਵਰਗਾਂ ਦੇ ਵਿਅਕਤੀਆਂ ਨੇ ਹਿੱਸਾ ਲਿਆ।ਕਈ ਹੋਰ ਸ਼ਰਧਾਲੂਆਂ ਨੇ ਵੀ ਆਉਣ ਵਾਲੇ ਸਮੇਂ ਵਿੱਚ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਅਪਣਾਉਣ ਦਾ ਸੰਕਲਪ ਪ੍ਰਗਟਾਇਆ।ਸਮਾਗਮ ਦੌਰਾਨ ਸੁਨਾਮ ਅਨਾਜ ਮੰਡੀ ਦਾ ਵੱਡਾ ਹਿੱਸਾ ਸੰਗਤਾਂ ਨਾਲ ਭਰਿਆ ਰਿਹਾ ਤੇ ਕਈ ਥਾਵਾਂ 'ਤੇ ਬੈਠਣ ਲਈ ਵੀ ਜਗ੍ਹਾ ਦੀ ਘਾਟ ਨਜ਼ਰ ਆਈ।ਸੇਵਾਦਾਰਾਂ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ।ਸਮਾਗਮ ਵਿੱਚ ਮੈਡੀਕਲ ਸਹਾਇਤਾ, ਖ਼ੂਨਦਾਨ ਕੈਂਪ ਤੇ ਅੱਗ ਬੁਝਾਊ ਸੇਵਾਵਾਂ ਦਾ ਵੀ ਪ੍ਰਬੰਧ ਕੀਤਾ ਗਿਆ।ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਭਾਈ ਸਿਆਮ ਸਿੰਘ, ਬਲਜਿੰਦਰ ਸਿੰਘ, ਕੁਲਵੀਰ ਸਿੰਘ, ਜਰਨੈਲ ਸਿੰਘ, ਹਿੰਮਤ ਸਿੰਘ, ਸੁਖਦੀਪ ਸਿੰਘ, ਲਖਵਿੰਦਰ ਸਿੰਘ, ਰੋਸ਼ਨ ਸਿੰਘ, ਦਵਿੰਦਰ ਸਿੰਘ, ਜਸਪ੍ਰੀਤ ਸਿੰਘ, ਮਨਦੀਪ ਸਿੰਘ, ਧਰਵਿੰਦਰ ਸਿੰਘ, ਗੁਰਸੇਵਕ ਸਿੰਘ, ਸੰਦੀਪ ਸਿੰਘ, ਜਸਵੀਰ ਸਿੰਘ, ਨਾਨਕ ਸਿੰਘ, ਪ੍ਰੇਮ ਸਿੰਘ, ਹਰਵਿੰਦਰ ਸਿੰਘ, ਗੁਰਮੁਖ ਸਿੰਘ, ਮਲਕੀਤ ਸਿੰਘ ਲਾਡੀ, ਕਰਨਵੀਰ ਸਿੰਘ, ਮਨਿੰਦਰ ਸਿੰਘ, ਗੋਪਾਲ ਸਿੰਘ, ਹਰਦਿਆਲ ਸਿੰਘ, ਭੁਪਿੰਦਰ ਸਿੰਘ, ਰਾਮ ਸਿੰਘ, ਜਸਪ੍ਰੀਤ ਸਿੰਘ, ਸ਼ੁਭ ਕਰਮਨ ਸਿੰਘ, ਮਹਿਕਪ੍ਰੀਤ ਸਿੰਘ, ਗਗਨਦੀਪ ਸਿੰਘ ਤੇ ਮਨਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੇਵਾਦਾਰ ਸ਼ਾਮਲ ਰਹੇ।

# ਸੁਪਰੀਮ ਕੋਰਟ ਦੇ ਹੁਕਮ ਨਾਲ ਲੋਕਤੰਤਰਿਕ ਹੱਕਾਂ ਦੀ ਹੋਈ ਰੱਖਿਆ : ਸੰਜੀਵ ਬਿੱਟੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਨਗਰ ਨਿਗਮ ਦੀਆਂ ਚੋਣਾਂ ਨਾਲ ਜੁੜੇ ਮਾਮਲੇ ਵਿੱਚ ਅੱਜ ਮਾਣਯੋਗ ਸੁਪਰੀਮ ਕੋਰਟ ਵਿੱਚ ਹੋਈ ਸੁਣਵਾਈ ਨੂੰ ਪਟਿਆਲਾ ਦੇ ਲੋਕਾਂ ਦੇ ਲੋਕਤੰਤਰਿਕ ਹੱਕਾਂ ਦੀ ਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਕਰਾਰ ਦਿੰਦਿਆਂ ਸਾਬਕਾ ਮੇਅਰ ਪਟਿਆਲਾ ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਲੋਕਤੰਤਰ ਵਿੱਚ ਆਖਰੀ ਫੈਸਲਾ ਕਿਸੇ ਸਰਕਾਰ, ਸਿਆਸੀ ਪਾਰਟੀ ਜਾਂ ਪ੍ਰਸ਼ਾਸਨਿਕ ਤਾਕਤ ਦਾ ਨਹੀਂ, ਸਗੋਂ ਵੋਟਰ ਦਾ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਟਿਆਲਾ ਨਗਰ ਨਿਗਮ ਚੋਣਾਂ ਨਾਲ ਸਬੰਧਤ ਮਾਮਲੇ ਵਿੱਚ ਮਾਣਯੋਗ ਸੁਪਰੀਮ ਕੋਰਟ ਵੱਲੋਂ ਮਾਰਚ 2025 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਸਾਬਕਾ ਜੱਜ ਜਸਟਿਸ (ਰਿਟਾ.) ਨਿਰਮਲਜੀਤ ਕੌਰ ਦੀ ਅਗਵਾਈ ਹੇਠ ਫੈਕਟ-ਫਾਈਂਡਿੰਗ ਕਮੇਟੀ ਦਾ ਗਠਨ ਕੀਤਾ ਗਿਆ ਸੀ।ਕਮੇਟੀ ਨੂੰ ਚੋਣ ਪ੍ਰਕਿਰਿਆ ਦੌਰਾਨ ਸਾਹਮਣੇ ਆਏ ਵਿਵਾਦਾਂ ਤੇ ਸ਼ਿਕਾਇਤਾਂ ਦੀ ਤੱਥਾਂ ਦੇ ਆਧਾਰ 'ਤੇ ਜਾਂਚ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।ਕਮੇਟੀ ਵੱਲੋਂ ਉਮੀਦਵਾਰਾਂ ਤੇ ਪਟੀਸ਼ਨਰਾਂ ਦੇ ਬਿਆਨਾਂ ਤੋਂ ਇਲਾਵਾ ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਪੇਸ਼ ਕੀਤੀ ਗਈ ਸਮੱਗਰੀ, ਸਰਕਾਰੀ ਵੀਡੀਓਗ੍ਰਾਫੀ, ਸੀਸੀਟੀਵੀ ਫੁਟੇਜ ਤੇ ਹੋਰ ਉਪਲਬਧ ਸਬੂਤਾਂ ਨੂੰ ਵੀ ਵਿਚਾਰਿਆ ਗਿਆ।ਕਮੇਟੀ ਨੇ ਆਪਣੀ ਰਿਪੋਰਟ 18 ਨਵੰਬਰ 2025 ਨੂੰ ਮਾਣਯੋਗ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੀ ਸੀ, ਜੋ ਬਾਅਦ ਵਿੱਚ ਜਨਤਕ ਹੋਈ।ਉਨ੍ਹਾਂ ਕਿਹਾ ਕਿ ਨਾਮਜ਼ਦਗੀ ਪ੍ਰਕਿਰਿਆ ਦੌਰਾਨ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਰੋਕਣ, ਨਾਮਜ਼ਦਗੀ ਪੱਤਰਾਂ ਨਾਲ ਛੇੜਛਾੜ, ਕਾਨੂੰਨ-ਵਿਵਸਥਾ ਤੇ ਪ੍ਰਸ਼ਾਸਨਕ ਭੂਮਿਕਾ ਸਬੰਧੀ ਗੰਭੀਰ ਦੋਸ਼ ਸਾਹਮਣੇ ਆਏ ਸਨ।ਇਨ੍ਹਾਂ ਸਾਰੇ ਮਾਮਲਿਆਂ ਦੀ ਸੱਚਾਈ ਤੇ ਕਾਨੂੰਨੀ ਜਵਾਬਦੇਹੀ ਦਾ ਨਿਰਧਾਰਨ ਸੰਬੰਧਤ ਕਾਨੂੰਨੀ ਪ੍ਰਕਿਰਿਆ ਰਾਹੀਂ ਹੀ ਹੋਣਾ ਚਾਹੀਦਾ ਹੈ।ਸੁਣਵਾਈ ਦੌਰਾਨ ਮਾਣਯੋਗ ਸੁਪਰੀਮ ਕੋਰਟ ਨੇ ਪੰਜਾਬ ਰਾਜ ਚੋਣ ਕਮਿਸ਼ਨ ਨੂੰ ਅਗਲੇ ਸੋਮਵਾਰ ਤੱਕ ਪਟਿਆਲਾ ਨਗਰ ਨਿਗਮ ਦੀਆਂ ਬਕਾਇਆ ਚੋਣਾਂ ਸਬੰਧੀ ਪੂਰਾ ਚੋਣ ਪ੍ਰੋਗਰਾਮ ਤੇ ਚੋਣ ਪ੍ਰਕਿਰਿਆ ਦੀਆਂ ਤਰੀਕਾਂ ਅਦਾਲਤ ਸਾਹਮਣੇ ਪੇਸ਼ ਕਰਨ ਲਈ ਸਮਾਂ ਦਿੱਤਾ ਹੈ।ਇਸ ਦੇ ਨਾਲ ਹੀ ਹੁਕਮਾਂ ਦੀ ਪਾਲਣਾ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਦੇ ਮੁੱਖ ਸਕੱਤਰ ਨੂੰ ਨਿੱਜੀ ਤੌਰ 'ਤੇ ਅਦਾਲਤ ਵਿੱਚ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਨੇ ਕਿਹਾ ਕਿ ਇਹ ਮਾਮਲਾ ਕਿਸੇ ਇੱਕ ਵਿਅਕਤੀ ਜਾਂ ਇੱਕ ਸਿਆਸੀ ਪਾਰਟੀ ਦਾ ਨਹੀਂ, ਸਗੋਂ ਪਟਿਆਲਾ ਦੇ ਹਜ਼ਾਰਾਂ ਵੋਟਰਾਂ ਦੇ ਲੋਕਤੰਤਰਿਕ ਹੱਕ ਨਾਲ ਸਬੰਧਤ ਹੈ।ਚੋਣ ਦਾ ਮੂਲ ਸਿਧਾਂਤ ਇਹ ਹੈ ਕਿ ਹਰ ਯੋਗ ਉਮੀਦਵਾਰ ਨੂੰ ਕਾਨੂੰਨ ਅਨੁਸਾਰ ਚੋਣ ਲੜਨ ਦਾ ਮੌਕਾ ਮਿਲੇ ਤੇ ਹਰ ਯੋਗ ਵੋਟਰ ਨੂੰ ਆਪਣੀ ਮਰਜ਼ੀ ਦੇ ਨੁਮਾਇੰਦੇ ਦੀ ਚੋਣ ਕਰਨ ਦਾ ਅਧਿਕਾਰ ਮਿਲੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਰਾਜਨੀਤੀ ਵਿੱਚ ਬਦਲਾਅ ਤੇ ਪਾਰਦਰਸ਼ੀ ਪ੍ਰਸ਼ਾਸਨ ਦੇ ਵਾਅਦੇ ਕੀਤੇ ਸਨ।ਇਸ ਲਈ ਚੋਣ ਪ੍ਰਕਿਰਿਆ ਨਾਲ ਜੁੜੇ ਸਵਾਲਾਂ ਦਾ ਜਵਾਬ ਦੇਣਾ ਤੇ ਲੋਕਾਂ ਦੇ ਸਾਹਮਣੇ ਤੱਥ ਰੱਖਣਾ ਸਰਕਾਰ ਦੀ ਸੰਵਿਧਾਨਕ ਤੇ ਲੋਕਤੰਤਰਿਕ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਅਸਲ ਤਾਕਤ ਵੋਟਰ ਦੇ ਵੋਟ ਵਿੱਚ ਹੁੰਦੀ ਹੈ ਤੇ ਕਿਸੇ ਵੀ ਹਾਲਤ ਵਿੱਚ ਇਹ ਤਾਕਤ ਵੋਟਰ ਤੋਂ ਖੋਹੀ ਨਹੀਂ ਜਾਣੀ ਚਾਹੀਦੀ।ਪਟਿਆਲਾ ਦੇ ਲੋਕਾਂ ਨੂੰ ਆਪਣਾ ਨੁਮਾਇੰਦਾ ਚੁਣਨ ਦਾ ਪੂਰਾ ਤੇ ਨਿਰਪੱਖ ਮੌਕਾ ਮਿਲਣਾ ਚਾਹੀਦਾ ਹੈ ਅਤੇ ਆਖਰੀ ਫੈਸਲਾ ਵੀ ਪਟਿਆਲਾ ਦੇ ਵੋਟਰਾਂ ਦਾ ਹੀ ਹੋਣਾ ਚਾਹੀਦਾ ਹੈ।

# ਏਕਤਾ-ਉਗਰਾਹਾਂ ਵੱਲੋਂ 5 ਨੂੰ ਡੀ ਸੀ ਦਫ਼ਤਰਾਂ ਦਾ ਘਿਰਾਓ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਦੇ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾ ਦੀ ਅਗਵਾਈ ਹੇਠ ਅਨਾਜ ਮੰਡੀ ਦਿੜ੍ਹਬਾ ਵਿਖੇ ਹੋਈ।ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆ, ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਮਹਿਲਾ ਨੇ ਸੰਬੋਧਨ ਕੀਤਾ। ਮੀਟਿੰਗ 'ਚ ਪਿਛਲੇ ਦਿਨੀਂ ਡੀ ਸੀ ਦਫ਼ਤਰਾਂ ਅੱਗੇ ਲੱਗੇ ਮੋਰਚੇ ਦਾ ਲੇਖਾ-ਜੋਖਾ ਕੀਤਾ ਗਿਆ ਤੇ ਜੋ ਸੂਬਾ ਕਮੇਟੀ ਵੱਲੋ ਆਉਣ ਵਾਲੀ 5 ਅਕਤੂਬਰ ਨੂੰ ਡੀ ਸੀ ਦਫ਼ਤਰਾਂ ਦੇ ਘਿਰਾਓ ਦਾ ਐਲਾਨ ਕੀਤਾ ਹੋਇਆ ਹੈ।ਉਸ ਘਿਰਾਓ ਦੇ ਪਹਿਲੇ ਹੀ ਦਿਨ ਔਰਤ-ਭੈਣਾਂ ਦਾ ਵੱਡੀ ਗਿਣਤੀ 'ਚ ਇਕੱਠ ਕੀਤਾ ਜਾਵੇਗਾ।ਇਸ ਲਈ ਵੱਖ-ਵੱਖ ਬਲਾਕਾਂ ਦੇ ਆਗੂਆਂ ਤੇ ਪਿੰਡ ਕਮੇਟੀਆਂ ਨੂੰ ਪਿੰਡਾਂ 'ਚ ਪ੍ਰਚਾਰ ਲਈ ਮੀਟਿੰਗਾਂ ਕਰਨ ਲਈ ਲਾਮਬੰਦ ਕੀਤਾ ਗਿਆ।ਸੂਬਾ ਪ੍ਰਧਾਨ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਸਾਮਰਾਜੀ ਤਾਕਤਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਦੇਣ ਲਈ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀਆਂ ਹਨ, ਜਿਵੇਂ ਮੋਦੀ ਸਰਕਾਰ ਵੱਲੋਂ ਅਮਰੀਕਾ ਵਰਗੇ ਦੇਸ਼ਾਂ ਨਾਲ ਕੀਤਾ ਜਾ ਰਿਹਾ ਮੁਕਤ ਵਪਾਰ ਸਮਝੌਤਾ ਰੱਦ ਕਰਵਾਉਣ ਲਈ, ਬਿਜਲੀ ਬਿੱਲ 2025 ਤੇ ਬੀਜ ਬਿੱਲ 2025 ਰੱਦ, ਕਰਵਾਉਣ ਲਈ, ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ ਲਈ, ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਖਤਮ ਕਰਵਾਉਣ ਤੇ ਜ਼ਮੀਨਾਂ ਦੇ ਮਾਲਕੀ ਹੱਕਾਂ ਲਈ ਕਿਸਾਨ ਆਗੂਆਂ 'ਤੇ ਅੰਦੋਲਨਾਂ ਦੌਰਾਨ ਪਾਏ ਪਰਚੇ ਰੱਦ ਕਰਵਾਉਣ ਲਈ ਪਿਛਲੇ ਸਾਲਾਂ 'ਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਸਬੰਧੀ ਦਰਜ ਕੀਤੇ ਕੇਸ ਰੱਦ ਕਰਵਾਉਣ ਸਬੰਧੀ ਤੇ ਹੋਰ ਕਈ ਮੰਗਾਂ ਨੂੰ ਲੈ ਕੇ ਡੀ ਸੀ ਦਫਤਰਾਂ ਦੇ ਘਿਰਾਓ ਕੀਤੇ ਜਾਣਗੇ ਅਤੇ ਇਸ ਪ੍ਰੋਗਰਾਮ ਦੀ ਤਿਆਰੀ ਲਈ ਘਰ ਘਰ ਚੁੱਲ੍ਹਿਆਂ ਤੱਕ ਗੱਲ ਲੈ ਕੇ ਜਾਣ ਲਈ ਵੱਖ ਵੱਖ ਪਿੰਡਾਂ ਵਿੱਚ ਹਰ ਰੋਜ਼ ਰੈਲੀਆਂ ਤੇ ਮਸ਼ਾਲ ਮਾਰਚ ਕੀਤੇ ਜਾਣਗੇ। ਇਸ ਮੌਕੇ ਸਾਰੀਆਂ ਪਿੰਡ ਇਕਾਈਆਂ ਦੇ ਆਗੂਆਂ ਨੇ ਬਲਾਕ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਡੀ ਸੀ ਦਫਤਰਾਂ ਦੇ ਘਿਰਾਓ ਵਿੱਚ ਸੰਘਰਸ਼ੀ ਲੋਕਾਂ ਦੀ ਵੱਡੀ ਗਿਣਤੀ ਲੈ ਕੇ ਸ਼ਾਮਲ ਹੋਣਗੇ। ਇਸ ਮੌਕੇ ਬਲਾਕ ਆਗੂ ਜਗਦੀਪ ਸਿੰਘ ਮਹਿਲਾ, ਜੋਗਿੰਦਰ ਸਿੰਘ ਖੇੜੀ ਨਾਗਾ, ਮਿਸਰਾਂ ਸਿੰਘ ਨਿਹਾਲਗੜ੍ਹ, ਹਰਬੰਸ ਸਿੰਘ ਦਿੜ੍ਹਬਾ, ਜਸਵੰਤ ਸਿੰਘ ਸਮੂਰਾ ਸਮੇਤ ਵੱਖ-ਵੱਖ ਪਿੰਡ ਇਕਾਈਆਂ ਦੇ ਆਗੂ ਤੇ ਵੱਡੀ ਗਿਣਤੀ 'ਚ ਮਾਵਾਂ-ਭੈਣਾਂ ਹਾਜ਼ਰ ਸਨ।

# ਦਿਵਿਆਂਗ ਏਕਤਾ ਮੋਰਚਾ ਦੇ ਚਾਰ ਕਾਰਕੁਨ ਮੁੜ ਟੈਂਕੀ 'ਤੇ ਚੜ੍ਹੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਮੰਗਲਵਾਰ ਤੜਕਸਰ ਧੂਰੀ ਪ੍ਰਸ਼ਾਸਨ ਨੂੰ ਉਸ ਵੇਲੇ ਹੱਥਾਂ-ਪੈਰਾਂ ਦੀ ਪੈ ਗਈ, ਜਦੋਂ ਲੰਘੀ 6 ਅਗਸਤ ਤੋਂ ਧੂਰੀ ਵਿਖੇ ਪੱਕਾ ਮੋਰਚਾ ਲਗਾਈ ਬੈਠੇ ਦਿਵਿਆਂਗ ਏਕਤਾ ਮੋਰਚਾ ਪੰਜਾਬ ਦੇ ਚਾਰ ਕਾਰਕੁਨ ਸਥਾਨਕ ਸ਼ਹਿਰ ਦੀ ਏ. ਪੀ. ਇੰਨਕਲੇਵ ਸਥਿਤ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਏ।ਇਸ ਪ੍ਰਤੀਨਿਧ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਮੋਰਚੇ ਦੇ ਆਗੂ ਲਾਭ ਸਿੰਘ ਧੂਰੀ ਨੇ ਕਿਹਾ ਕਿ ਮੰਤਰੀਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਿਆ ਹੈ ਤੇ ਉਹ ਹੁਣ ਆਰ-ਪਾਰ ਦੀ ਲੜਾਈ ਲੜਨਗੇ।ਉਨ੍ਹਾ ਕਿਹਾ ਕਿ ਸਰਕਾਰ ਇੱਕ ਪਾਸੇ ਤਾਂ ਆਪਣੇ ਸਾਰੇ ਵਾਅਦਿਆਂ ਨੂੰ ਪੂਰਾ ਕਰਨ ਦੀ ਗੱਲ ਕਰ ਰਹੀ ਹੈ, ਪਰ ਸਰਕਾਰ ਦੇ ਵਾਅਦਿਆਂ 'ਚ ਸ਼ੁਮਾਰ 1500 ਰੁਪੈ ਤੋਂ 2500 ਰੁਪੈ ਪੈਨਸ਼ਨ ਵਾਧਾ ਕਰਨ ਦਾ ਵਾਅਦਾ ਕਿੱਥੇ ਗਿਆ?

ਉਨ੍ਹਾਂ ਮੰਗ ਕੀਤੀ ਕਿ ਰਾਜ ਦੇ ਹਰੇਕ ਦਿਵਿਆਂਗ ਵਿਅਕਤੀ ਨੂੰ ਆਰਥਿਕ ਸਹਾਰਾ ਦੇਣ ਲਈ ਘੱਟੋ-ਘੱਟ 5000 ਰੁਪਏ ਮਹੀਨਾਵਾਰ ਗੁਜ਼ਾਰਾ ਭੱਤਾ ਦਿੱਤਾ ਜਾਵੇ।ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰੀ ਨੌਕਰੀਆਂ ਦੀ ਭਰਤੀ ਪ੍ਰਕਿਰਿਆ ਵਿੱਚ ਦਿਵਿਆਂਗਾਂ ਨੂੰ ਪਹਿਲ ਦੇਣ, ਪ੍ਰਾਈਵੇਟ ਕੰਪਨੀਆਂ ਤੇ ਉਦਯੋਗਿਕ ਫੈਕਟਰੀਆਂ ਵਿੱਚ 5 ਫੀਸਦੀ ਕੋਟਾ ਰਾਖਵਾਂ ਕਰਨ, ਪ੍ਰਾਈਵੇਟ ਸਕੂਲਾਂ ਵਿੱਚ ਉਨ੍ਹਾਂ ਦੇ ਬੱਚਿਆਂ ਲਈ ਮੁਫ਼ਤ ਲਾਜ਼ਮੀ ਸਿੱਖਿਆ, ਬਿਨਾਂ ਕਿਸੇ ਗਾਰੰਟਰ ਤੋਂ ਆਸਾਨ ਬੈਂਕ ਲੋਨ ਦੀ ਉਪਲਬਧਤਾ, ਈ-ਰਿਕਸ਼ਾ ਦੀ ਸਬਸਿਡੀ ਸੁਵਿਧਾ ਤੇ ਸਰਕਾਰੀ ਪ੍ਰੀਖਿਆਵਾਂ ਦੀਆਂ ਫ਼ੀਸਾਂ ਪੂਰੀ ਤਰ੍ਹਾਂ ਮੁਫ਼ਤ ਕਰਨ ਦੀਆਂ ਪ੍ਰਮੁੱਖ ਮੰਗਾਂ ਜ਼ੋਰਦਾਰ ਢੰਗ ਨਾਲ ਚੁੱਕੀਆਂ।ਮੋਰਚੇ ਦੇ ਆਗੂਆਂ ਨੇ ਅੱਗੇ ਵਕਾਲਤ ਕਰਦਿਆਂ ਕਿਹਾ ਕਿ 'ਅੰਗਹੀਣ ਭਲਾਈ ਐਕਟ' ਨੂੰ ਮਹਿਜ਼ ਕਾਗਜ਼ਾਂ ਤੱਕ ਸੀਮਤ ਰੱਖਣ ਦੀ ਬਜਾਏ ਜ਼ਮੀਨੀ ਪੱਧਰ 'ਤੇ ਸਖ਼ਤੀ ਨਾਲ ਲਾਗੂ ਕੀਤਾ ਜਾਵੇ।ਉਨ੍ਹਾਂ ਰੋਜ਼ਗਾਰ ਉਤਪੱਤੀ ਲਈ ਵਿਸ਼ੇਸ਼ ਸਰਕਾਰੀ ਸਕੀਮਾਂ ਬਣਾਉਣ, ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਵਿੱਚ ਹਿੱਸੇਦਾਰੀ, ਅੰਗਹੀਣ ਖਿਡਾਰੀਆਂ ਨੂੰ ਖੇਡ ਨੀਤੀ ਤਹਿਤ ਨੌਕਰੀਆਂ ਵਿੱਚ ਪਹਿਲ ਦੇਣ ਤੇ ਗ੍ਰਾਮ ਪੰਚਾਇਤ/ਕੌਂਸਲਰ ਤੋਂ ਲੈ ਕੇ ਪਾਰਲੀਮੈਂਟ ਚੋਣਾਂ ਤੱਕ ਦਿਵਿਆਂਗਾਂ ਲਈ ਵਿਸ਼ੇਸ਼ ਰਾਜਨੀਤਕ ਕੋਟਾ ਨਿਸ਼ਚਿਤ ਕਰਨ ਦੀ ਮੰਗ ਕੀਤੀ।ਜਥੇਬੰਦੀ ਨੇ ਸਾਫ਼ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਦਾ ਕੋਈ ਠੋਸ ਤੇ ਸਥਾਈ ਹੱਲ ਨਹੀਂ ਨਿਕਲਦਾ, ਉਦੋਂ ਤੱਕ ਇਹ ਤਿੱਖਾ ਸੰਘਰਸ਼ ਨਿਰੰਤਰ ਜਾਰੀ ਰਹੇਗਾ।

# ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ 3 ਨੌਜਵਾਨਾਂ ਦੀ ਮੌਤ

**ਮਲੋਟ (ਰਜਿੰਦਰ ਜੁਨੇਜਾ)**-ਮਲੋਟ ਨੇੜੇ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ।ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।ਜਾਣਕਾਰੀ ਅਨੁਸਾਰ ਇਹ ਹਾਦਸਾ ਸ਼ਾਮ ਕਰੀਬ 7 ਵਜੇ ਥਾਣਾ ਕਬਰਵਾਲਾ ਅਧੀਨ ਪੈਂਦੇ ਪਿੰਡ ਸ਼ਾਮਖੇੜਾ ਦੀ ਢਾਣੀ ਕੁੰਦਨ ਸਿੰਘ ਨੇੜੇ ਵਾਪਰਿਆ। ਤਿੰਨੇ ਨੌਜਵਾਨ ਇਕੋ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਲੋਟ ਵੱਲੋਂ ਆ ਰਹੇ ਸਨ ਕਿ ਅਚਾਨਕ ਕਿਸੇ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।ਟੱਕਰ ਇੰਨੀ ਜ਼ਬਰਦਸਤ ਸੀ ਕਿ ਤਿੰਨਾਂ ਨੌਜਵਾਨਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ।ਮ੍ਰਿਤਕਾਂ ਦੀ ਪਛਾਣ ਤੇਜਾ ਸਿੰਘ ਪੁੱਤਰ ਪੱਛੀ ਰਾਮ, ਵਕੀਲ ਸਿੰਘ ਪੁੱਤਰ ਭਗਵਾਨ ਲਾਲ ਤੇ ਪਵਨ ਕੁਮਾਰ ਪੁੱਤਰ ਅਜੀਤ ਰਾਮ ਵਜੋਂ ਹੋਈ ਹੈ।ਇਹ ਤਿੰਨੇ ਨੌਜਵਾਨ ਪਿੰਡ ਕਾਲਾ ਟਿੱਬਾ ਦੇ ਵਸਨੀਕ ਸਨ ਅਤੇ ਪਿੰਡਾਂ ਵਿੱਚ ਫੇਰੀ ਲਗਾ ਕੇ ਸਾਮਾਨ ਵੇਚਣ ਦਾ ਕੰਮ ਕਰਦੇ ਸਨ।ਘਟਨਾ ਦੀ ਸੂਚਨਾ ਮਿਲਦਿਆਂ ਹੀ ਮ੍ਰਿਤਕਾਂ ਦੇ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਹਸਪਤਾਲ ਪਹੁੰਚ ਗਏ, ਜਿੱਥੇ ਉਨ੍ਹਾਂ ਦਾ ਰੋ-ਰੋ ਕੇ ਬੁਰਾ ਹਾਲ ਸੀ।ਇਸ ਸਬੰਧੀ ਥਾਣਾ ਕਬਰਵਾਲਾ ਦੇ ਮੁੱਖ ਅਫ਼ਸਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਫ਼ਰਾਰ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਖੇਡ ਯੂਨੀਵਰਸਿਟੀ ਵੱਲੋਂ ਬਜ਼ੁਰਗਾਂ ਦੀ ਤੰਦਰੁਸਤੀ ਲਈ ਦਸ ਰੋਜ਼ਾ ਕੈਂਪ ਦਾ ਆਗਾਜ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਪਟਿਆਲਾ ਵੱਲੋਂ ਬਜ਼ੁਰਗਾਂ ਦੀ ਸਿਹਤਮੰਦ ਜੀਵਨ ਪੱਧਤੀ ਨੂੰ ਸਮਰਪਤ ਦਸ ਰੋਜ਼ਾ ਵਿਸ਼ੇਸ਼ ਕੈਂਪ ਦਾ ਆਗਾਜ਼ ਹੋਇਆ।ਇਸ ਕੈਂਪ ਦਾ ਰਸਮੀ ਉਦਘਾਟਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਕੀਤਾ।ਇਸ ਮੌਕੇ ਉਨ੍ਹਾਂ ਨਾਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਵੀ ਹਾਜ਼ਰ ਸਨ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਸਵਾਗਤ ਕਰਦਿਆਂ ਵਾਈਸ ਚਾਂਸਲਰ ਡਾ. ਗਿੱਲ ਨੇ ਕਿਹਾ ਕਿ ਬਜ਼ੁਰਗਾਂ ਦੀ ਤੰਦਰੁਸਤੀ ਵੱਲ ਧਿਆਨ ਦੇਣਾ ਸਾਡਾ ਮੁੱਢਲਾ ਫਰਜ਼ ਹੈ।ਬਜ਼ੁਰਗ ਸਾਡਾ ਅਸਲੀ ਸਰਮਾਇਆ ਹਨ, ਜਿਨ੍ਹਾਂ ਦੇ ਮਾਰਗ-ਦਰਸ਼ਨ ਸਦਕਾ ਅਸੀਂ ਆਪਣਾ ਜੀਵਨ ਸਹੀ ਢੰਗ ਨਾਲ ਜਿਉਣ ਦੇ ਕਾਬਲ ਬਣਦੇ ਹਾਂ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਦੇ ਸਮੇਂ ਵਿੱਚ ਸਾਡੇ ਬਜ਼ੁਰਗ ਇਕੱਲਤਾ ਤੇ ਨਿਰਾਦਰ ਦਾ ਸ਼ਿਕਾਰ ਹੋ ਰਹੇ ਹਨ।ਜ਼ਿਆਦਾਤਰ ਘਰਾਂ ਵਿੱਚ ਔਲਾਦ ਬੁਢਾਪੇ ਸਮੇਂ ਆਪਣੇ ਮਾਂ-ਬਾਪ ਤੋਂ ਕਿਨਾਰਾ ਕਰਨ ਲੱਗ ਪਈ ਹੈ।ਉਨ੍ਹਾਂ ਕਿਹਾ ਕਿ ਮੈਂ ਖੇਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਗਿੱਲ ਨੂੰ ਇਸ ਨੇਕ ਉਪਰਾਲੇ ਲਈ ਵਧਾਈ ਦਿੰਦਾ ਹਾਂ ਤੇ ਧੰਨਵਾਦ ਵੀ ਕਰਦਾ ਹਾਂ ਕਿ ਉਨ੍ਹਾਂ ਨੇ ਬਜ਼ੁਰਗਾਂ ਦੇ ਸਿਹਤਮੰਦ ਜੀਵਨ ਵੱਲ ਧਿਆਨ ਦਿੱਤਾ ਹੈ ਅਤੇ ਸਮਾਜ ਵਿੱਚ ਇਹ ਸੁਨੇਹਾ ਦਿੱਤਾ ਹੈ ਕਿ ਬਜ਼ੁਰਗਾਂ ਦਾ ਅਸਲੀ ਮਾਇਨੇ ਕੀ ਹਨ? ਵਾਈਸ ਚਾਂਸਲਰ ਡਾ. ਗਿੱਲ ਨੇ ਦੱਸਿਆ ਕਿ ਇਸ ਕੈਂਪ ਵਿੱਚ 110 ਦੀ ਗਿਣਤੀ ਵਿੱਚ ਬਜ਼ੁਰਗ ਭਾਗ ਲੈ ਰਹੇ ਹਨ।ਆਉਣ ਵਾਲੇ 10 ਦਿਨਾਂ ਦੌਰਾਨ ਵੱਖ-ਵੱਖ ਵਿਸ਼ਿਆਂ ਦੇ ਮਾਹਰ ਡਾਕਟਰਾਂ ਵੱਲੋਂ ਬਜ਼ੁਰਗਾਂ ਨੂੰ ਰੋਜ਼ਾਨਾ ਦੀਆਂ ਆਮ ਬਿਮਾਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਸੁਵਿਧਾ ਤੇ ਲੋੜ ਅਨੁਸਾਰ ਖਾਣ-ਪੀਣ ਦੀਆਂ ਆਦਤਾਂ ਨੂੰ ਨਿਰਧਾਰਤ ਕਰਨ ਸਬੰਧੀ ਜਾਗਰੂਕ ਕੀਤਾ ਜਾਵੇਗਾ।

# ਨੈਸ਼ਨਲ ਕਾਲਜ ਭੀਖੀ ਦਾ ਨਤੀਜਾ ਸ਼ਾਨਦਾਰ ਰਿਹਾ

**ਭੀਖੀ (ਗੁਰਿੰਦਰ ਸਿੰਘ ਔਲਖ)**-ਪਿਛਲੇ ਦਿਨੀਂ ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਕੋਰਸ ਬੀ ਏ ਬੀ ਐਡ ਭਾਗ ਚੌਥਾ ਸਮੈਸਟਰ ਅੱਠਵੇਂ ਦਾ ਨਤੀਜਾ ਸ਼ਾਨਦਾਰ ਰਿਹਾ।ਕਾਲਜ ਪ੍ਰਿੰਸੀਪਲ ਡਾ. ਐੱਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥਣ ਸੁਖਵੰਤ ਕੌਰ ਤੇ ਸੰਦੀਪ ਕੌਰ ਨੇ 358 ਅੰਕਾਂ ਨਾਲ ਪਹਿਲਾ, ਨੀਸ਼ੂ ਰਾਣੀ ਨੇ 357 ਅੰਕਾਂ ਨਾਲ ਦੂਜਾ, ਗੀਤੂ ਕੌਰ ਨੇ 356 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਉਨ੍ਹਾਂ ਦੱਸਿਆ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿੱਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ।ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਨ੍ਹਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ।ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ. ਬਿਕਰਮਜੀਤ ਕੌਰ, ਪ੍ਰੋ. ਸਤਿਨਾਮ ਸਿੰਘ, ਪ੍ਰੋ. ਕਰਮਜੀਤ ਕੌਰ, ਪ੍ਰੋ. ਅਮਨਦੀਪ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸੀ।

# ਦੁਕਾਨਦਾਰਾਂ ਨੂੰ ਸਾਮਾਨ ਦੁਕਾਨਾਂ ਅੰਦਰ ਰੱਖਣ ਲਈ ਹਫ਼ਤੇ ਦਾ ਅਲਟੀਮੇਟਮ

## ਏ ਡੀ ਸੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**

ਸ਼ਹਿਰ ਦੀ ਆਵਾਜਾਈ ਵਿਵਸਥਾ ਨੂੰ ਸੁਚਾਰੂ ਬਣਾਉਣ ਤੇ ਆਮ ਜਨਤਾ ਨੂੰ ਆਵਾਜਾਈ ਦੌਰਾਨ ਦਰਪੇਸ਼ ਮੁਸ਼ਕਲਾਂ ਤੋਂ ਨਿਜਾਤ ਦਿਵਾਉਣ ਦੇ ਮਕਸਦ ਨਾਲ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸ਼ਹਿਰ 'ਚ ਟ੍ਰੈਫਿਕ ਪ੍ਰਬੰਧਨ ਨੂੰ ਸੁਚਾਰੂ ਬਣਾਉਣ, ਸੜਕੀ ਦੁਰਘਟਨਾਵਾਂ ਨੂੰ ਰੋਕਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਤੇ ਬਾਜ਼ਾਰਾਂ 'ਚ ਜਨਤਕ ਪਾਰਕਿੰਗ ਦੀ ਵਿਵਸਥਾ ਵਰਗੇ ਗੰਭੀਰ ਮੁੱਦਿਆਂ 'ਤੇ ਵਿਸਥਾਰਤ ਚਰਚਾ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ ਨੇ ਸ਼ਹਿਰ ਦੀ ਟ੍ਰੈਫਿਕ ਵਿਵਸਥਾ ਨੂੰ ਲੀਹ 'ਤੇ ਲਿਆਉਣ ਲਈ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਬਾਜ਼ਾਰਾਂ 'ਚ ਦੁਕਾਨਾਂ ਮੂਹਰੇ ਗੈਰ-ਜ਼ਰੂਰੀ ਸਾਮਾਨ ਰੱਖ ਕੇ ਕੀਤੇ ਆਪਣੇ ਨਾਜਾਇਜ਼ ਕਬਜ਼ੇ ਸਵੈ-ਇੱਛਾ ਨਾਲ ਹਟਾ ਲੈਣ।ਉਨ੍ਹਾਂ ਨਾਲ ਹੀ ਮੀਟਿੰਗ 'ਚ ਮੌਜੂਦ ਟਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ ਨੂੰ ਵੀ ਇਸ ਕਾਰਜ 'ਚ ਪ੍ਰਸ਼ਾਸਨ ਦੇ ਸਹਿਯੋਗ ਦੀ ਅਪੀਲ ਕੀਤੀ।ਉਨ੍ਹਾਂ ਸਪੱਸ਼ਟ ਕੀਤਾ ਕਿ ਦੁਕਾਨਦਾਰਾਂ ਵੱਲੋਂ ਬਾਹਰ ਸਾਮਾਨ ਰੱਖ ਕੇ ਕੀਤੇ ਗਏ ਨਾਜਾਇਜ਼ ਕਬਜ਼ਿਆਂ ਕਾਰਨ ਜਿੱਥੇ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ, ਉੱਥੇ ਹੀ ਆਮ ਲੋਕਾਂ ਤੇ ਰਾਹਗੀਰਾਂ ਨੂੰ ਵੀ ਭਾਰੀ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਇੱਕ ਹਫ਼ਤੇ ਦੀ ਮੁਹਲਤ ਖਤਮ ਹੋਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਵੱਲੋਂ ਮਾਨਸਾ-ਸੁਨਾਮ ਰੋਡ 'ਤੇ ਸਥਿਤ ਪਿੰਡ ਢੈਪਈ ਵਿਖੇ ਪੁਰਾਣੇ ਟੋਲ ਪਲਾਜ਼ੇ ਵਾਲੀ ਥਾਂ 'ਤੇ ਸੜਕ ਨੂੰ ਤਰਜੀਹੀ ਅਧਾਰ 'ਤੇ ਦਰੁਸਤ ਕਰਾਉਣ ਦੀ ਮੰਗ ਵੀ ਕੀਤੀ ਗਈ।ਇਸ ਸਬੰਧੀ ਏਡੀਸੀ ਪੂਨਮ ਸਿੰਘ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸੜਕ 'ਤੇ ਢੁੱਕਵੇਂ ਹੱਲ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸੜਕ ਹਾਦਸੇ ਨਾ ਵਾਪਰ ਸਕਣ।ਇਸ ਤੋਂ ਇਲਾਵਾ ਉਨ੍ਹਾਂ ਨੇ ਬਾਜ਼ਾਰਾਂ 'ਚ ਸੁਚਾਰੂ ਪਾਰਕਿੰਗ ਪ੍ਰਬੰਧਨ ਲਈ ਸੜਕਾਂ 'ਤੇ ਪੀਲੀ ਪੱਟੀ ਲਗਾਉਣ ਲਈ ਸਬੰਧਤ ਅਧਿਕਾਰੀਆਂ ਤੋਂ ਅਹਿਮ ਸੁਝਾਅ ਵੀ ਲਏ।

# ਲੈਫਟੀਨੈਂਟ ਸ਼ਹੀਦ ਰਛਪਾਲ ਸਿੰਘ ਗਰੇਵਾਲ ਦਾ ਬਰਸੀ ਸਮਾਗਮ ਮਨਾਇਆ



**ਜਗਰਾਉਂ (ਸੰਜੀਵ ਅਰੋੜਾ)**-1965 ਦੇ ਭਾਰਤ-ਪਾਕਿਸਤਾਨ ਯੁੱਧ ਦੌਰਾਨ ਦੇਸ਼ ਦੀ ਰੱਖਿਆ ਕਰਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਲੈਫਟੀਨੈਂਟ ਸ਼ਹੀਦ ਰਛਪਾਲ ਸਿੰਘ ਗਰੇਵਾਲ (14 ਰਾਜਪੂਤ ਰੈਜੀਮੈਂਟ) ਦਾ ਬਰਸੀ ਸਮਾਗਮ ਪਿੰਡ ਅਲੀਗੜ੍ਹ ਵਿਖੇ ਬੜੇ ਸਤਿਕਾਰ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ਼ਹੀਦ ਦੀ ਯਾਦ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਕੀਰਤਨ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਧਾਰਮਿਕ ਅਤੇ ਸ਼ਰਧਾਂਜਲੀ ਸਮਾਗਮ ਵਿੱਚ ਪਰਿਵਾਰਕ ਮੈਂਬਰਾਂ ਤੇ ਇਲਾਕੇ ਦੇ ਪਤਵੰਤਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਨਿਰਭੈ ਸਿੰਘ ਸਿੱਧੂ, ਸੁਰਜੀਤ ਸਿੰਘ ਗਰੇਵਾਲ, ਗੁਰਜੀਤ ਸਿੰਘ ਗਰੇਵਾਲ, ਸਤਿੰਦਰਪਾਲ ਸਿੰਘ ਸਿੱਧੂ, ਗੁਰਦੀਪ ਸਿੰਘ ਗਰੇਵਾਲ, ਭੁਪਿੰਦਰ ਸਿੰਘ ਸਿੱਧੂ, ਹਰਮੇਸ਼ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ ਗਰੇਵਾਲ, ਗੁਰਵਿੰਦਰ ਸਿੰਘ, ਜਗਰੂਪ ਸਿੰਘ, ਅਮਰਜੀਤ ਸਿੰਘ ਸੋਹਲ, ਧਿਆਨ ਸਿੰਘ, ਬਲਵੰਤ ਸਿੰਘ ਠੇਕੇਦਾਰ, ਤੇਜਾ ਸਿੰਘ, ਇੰਦਰਜੀਤ ਸਿੰਘ ਤੇ ਅਮਰ ਸਿੰਘ ਆਦਿ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਲੈਫਟੀਨੈਂਟ ਰਛਪਾਲ ਸਿੰਘ ਗਰੇਵਾਲ ਦਾ ਜਨਮ 1 ਮਈ 1942 ਨੂੰ ਗੁਰਬਚਨ ਸਿੰਘ ਗਰੇਵਾਲ ਦੇ ਘਰ ਜ਼ਿਲ੍ਹਾ ਲਾਇਲਪੁਰ ਵਿਖੇ ਹੋਇਆ ਸੀ। ਉਨ੍ਹਾਂ ਨੇ 1958 ਵਿੱਚ ਸਰਕਾਰੀ ਹਾਈ ਸਕੂਲ ਜਗਰਾਉਂ ਤੋਂ ਮੈਟਰਿਕ ਪਾਸ ਕੀਤੀ ਅਤੇ 9 ਫਰਵਰੀ 1964 ਨੂੰ ਫੌਜ ਵਿੱਚ ਕਮਿਸ਼ਨਡ ਅਫਸਰ ਵਜੋਂ ਭਰਤੀ ਹੋਏ। 1965 ਦੇ ਯੁੱਧ ਦੌਰਾਨ ਸਿਆਲਕੋਟ ਨੇੜੇ ਬਹਾਦਰੀ ਨਾਲ ਲੜਦਿਆਂ ਉਹ 20 ਸਤੰਬਰ 1965 ਨੂੰ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੇ ਪਿੰਡ ਅਲੀਗੜ੍ਹ ਦਾ ਨਾਂ ਬਦਲ ਕੇ 'ਸ਼ਹੀਦ ਰਛਪਾਲ ਸਿੰਘ ਨਗਰ' ਰੱਖਿਆ ਗਿਆ ਸੀ ਤੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਉਨ੍ਹਾਂ ਦੀ ਪ੍ਰਤਿਮਾ ਸਥਾਪਤ ਕਰਨ ਦੀ ਆਗਿਆ ਦਿੱਤੀ ਗਈ ਸੀ।

# ਨਸ਼ਾ ਮੁਕਤ ਯੁਵਾ ਫੋਰ ਵਿਕਸਿਤ ਭਾਰਤ ਤਹਿਤ ਰਾਸ਼ਟਰੀ ਸੰਕਲਪ ਸਮਾਰੋਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੇਰਾ ਯੁਵਾ ਭਾਰਤ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਯੂਥ ਅਫਸਰ ਮੈਡਮ ਤਨਵੀ ਅਗਰਵਾਲ ਦੀ ਰਹਿਨੁਮਾਈ ਹੇਠ ਮਾਈ ਭਾਗੋ ਆਯੁਰਵੈਦਿਕ ਮੈਡੀਕਲ ਕਾਲਜ ਫਾਰ ਵੂਮੈਨ ਤੇ ਹਸਪਤਾਲ ਵਿਖੇ ਨਸ਼ਾ ਮੁਕਤ ਯੁਵਾ ਫੌਰ ਵਿਕਸਿਤ ਭਾਰਤ ਮੁਹਿੰਮ ਤਹਿਤ ਰਾਸ਼ਟਰੀ ਸੰਕਲਪ ਸਮਾਰੋਹ ਕਰਵਾਇਆ ਗਿਆ।ਜ਼ਿਲ੍ਹਾ ਯੂਥ ਅਫਸਰ ਮੈਡਮ ਤਨਵੀ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਵਿਦਿਆਰਥਣਾਂ ਲਈ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਨਸ਼ਿਆਂ ਤੋਂ ਦੂਰ ਰਹਿਣ, ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਤੇ ਨੌਜਵਾਨਾਂ ਨੂੰ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕਰਨ ਵਾਲੇ ਪੋਸਟਰ ਤੇ ਪ੍ਰਭਾਵਸ਼ਾਲੀ ਸਲੋਗਨ ਪੇਸ਼ ਕੀਤੇ।ਵਿਦਿਆਰਥਣਾਂ ਵੱਲੋਂ ਆਪਣੀ ਰਚਨਾਤਮਕਤਾ ਰਾਹੀਂ ਨਸ਼ਾ ਮੁਕਤ ਯੁਵਾ, ਵਿਕਸਿਤ ਭਾਰਤ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਪ੍ਰਿੰਸੀਪਲ ਡਾ. ਸਨੇਹਾ ਰੰਗਾ, ਸੁਪਰਡੈਂਟ ਈਸ਼ਵਰ ਗੋਇਲ, ਡਾ. ਬਰਿੰਦਰਜੀਤ ਸਿੰਘ ਤੇ ਡਾ. ਬ੍ਰਿਜ ਗੋਪਾਲ ਸ਼ੇਲਕੀ ਵੱਲੋਂ ਵਿਦਿਆਰਥਣਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦੀ ਤਾਕਤ ਹਨ ਤੇ ਨਸ਼ਾ ਮੁਕਤ ਨੌਜਵਾਨ ਹੀ ਸਿਹਤਮੰਦ ਤੇ ਵਿਕਸਿਤ ਸਮਾਜ ਦੀ ਮਜ਼ਬੂਤ ਨੀਂਹ ਰੱਖ ਸਕਦੇ ਹਨ।ਇਸ ਦੌਰਾਨ ਅਸਿਸਟੈਂਟ ਰਾਜਵਿੰਦਰ ਸਿੰਘ ਵੱਲੋਂ ਵੀ ਪ੍ਰੋਗਰਾਮ ਦੇ ਪ੍ਰਬੰਧਾਂ ਵਿੱਚ ਸਹਿਯੋਗ ਦਿੱਤਾ ਗਿਆ।ਕਾਲਜ ਦੇ ਸਟਾਫ਼ ਤੇ ਵਿਦਿਆਰਥਣਾਂ ਨੇ ਇਸ ਜਾਗਰੂਕਤਾ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲਿਆ।ਇਸ ਮੌਕੇ ਹਾਜ਼ਰੀਨ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਕਲਪ ਲਿਆ ਗਿਆ।

# ਭਲਕੇ ਅਮਰਗੜ੍ਹ ਦੇ ਅੰਬਰ 'ਤੇ ਰੌਸ਼ਨੀ ਰਾਹੀਂ ਸਾਕਾਰ ਹੋਵੇਗਾ ਗੁਰੂ ਰਵਿਦਾਸ ਜੀ ਦਾ ਸਰਬ-ਸਾਂਝੀਵਾਲਤਾ ਦਾ ਸੰਦੇਸ਼ : ਪ੍ਰੋ. ਗੱਜਣਮਾਜਰਾ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਾਲ ਭਰ ਦੇ ਸਮਾਗਮਾਂ ਦੀ ਲੜੀ ਤਹਿਤ 24 ਸਤੰਬਰ ਨੂੰ ਸ਼ਾਮ 6 ਵਜੇ ਪੀ.ਐੱਮ. ਸ੍ਰੀ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਵਿਖੇ ਵਿਸ਼ੇਸ਼ ਡਰੋਨ ਸ਼ੋਅ ਕਰਵਾਇਆ ਜਾਵੇਗਾ।ਇਸ ਦੌਰਾਨ 500 ਡਰੋਨ ਅਮਰਗੜ੍ਹ ਦੇ ਅਸਮਾਨ ਨੂੰ ਰੌਸ਼ਨ ਕਰਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਫਲਸਫ਼ੇ ਅਤੇ ਮਨੁੱਖਤਾ ਨੂੰ ਦਿੱਤੇ ਸੰਦੇਸ਼ਾਂ ਦੀ ਵਿਲੱਖਣ ਪੇਸ਼ਕਾਰੀ ਕਰਨਗੇ।ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਗੁਰੂ ਜੀ ਦਾ ਸਮਾਨਤਾ, ਮਨੁੱਖੀ ਮਾਣ, ਭਾਈਚਾਰਕ ਸਾਂਝ ਅਤੇ ਸਰਬ-ਸਾਂਝੀਵਾਲਤਾ ਦਾ ਫਲਸਫ਼ਾ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ।ਆਧੁਨਿਕ ਤਕਨੀਕ ਰਾਹੀਂ ਇਸ ਮਹਾਨ ਵਿਰਾਸਤ ਨੂੰ ਖ਼ਾਸ ਕਰਕੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਇਸ ਸਮਾਗਮ ਦਾ ਵਿਸ਼ੇਸ਼ ਪਹਿਲੂ ਹੋਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਂਦਿਆਂ ਸੂਬੇ ਭਰ ਵਿੱਚ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ।ਇਸੇ ਲੜੀ ਤਹਿਤ ਪੰਜਾਬ ਵਿੱਚ 92 ਡਰੋਨ ਸ਼ੋਅ ਕਰਵਾਏ ਜਾ ਰਹੇ ਹਨ, ਜਿਨ੍ਹਾਂ ਰਾਹੀਂ ਗੁਰੂ ਜੀ ਦੇ ਜੀਵਨ, ਬਾਣੀ ਤੇ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਪ੍ਰੋ. ਗੱਜਣਮਾਜਰਾ ਨੇ ਕਿਹਾ ਕਿ ਇਹ ਕੇਵਲ ਰੌਸ਼ਨੀਆਂ ਦੀ ਪੇਸ਼ਕਾਰੀ ਨਹੀਂ, ਸਗੋਂ ਗੁਰੂ ਜੀ ਦੇ ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਵੀਂ ਪੀੜ੍ਹੀ ਦੇ ਮਨਾਂ ਨਾਲ ਜੋੜਨ ਦਾ ਉਪਰਾਲਾ ਹੈ। ਉਨ੍ਹਾਂ ਹਲਕਾ ਅਮਰਗੜ੍ਹ ਸਮੇਤ ਜ਼ਿਲ੍ਹਾ ਵਾਸੀਆਂ ਨੂੰ ਪਰਵਾਰਾਂ ਸਮੇਤ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਇਸ ਵਿਸ਼ੇਸ਼ ਪੇਸ਼ਕਾਰੀ ਦਾ ਹਿੱਸਾ ਬਣਨ ਦਾ ਖੁੱਲ੍ਹਾ ਸੱਦਾ ਦਿੱਤਾ।



# ਯਮੁਨਾ ਨਦੀ ਦੇ ਪਾਣੀ 'ਚੋਂ ਪੰਜਾਬ ਦਾ ਹਿੱਸਾ ਨਾ ਦੇਣਾ ਵੱਡੀ ਬੇਇਨਸਾਫ਼ੀ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਯਮੁਨਾ ਨਦੀ ਦੇ ਪਾਣੀ ਵਿੱਚੋਂ ਪੰਜਾਬ ਆਪਣਾ ਬਣਦਾ ਹਿੱਸਾ ਮੰਗ ਰਿਹਾ ਹੈ, ਪਰ ਦੁੱਖ ਤੇ ਅਫਸੋਸ ਹੈ ਕਿ ਇਸ ਵਿੱਚੋਂ ਰਾਜਸਥਾਨ, ਹਰਿਆਣਾ, ਹਿਮਾਚਲ ਨੂੰ ਤਾਂ ਪਾਣੀ ਦਿੱਤਾ ਜਾ ਰਿਹਾ ਹੈ, ਪਰ ਪੰਜਾਬ ਦੇ ਪਾਣੀਆ ਉਤੇ ਅੱਜ ਵੀ ਗੈਰ-ਕਾਨੂੰਨੀ ਢੰਗ ਨਾਲ ਡਾਕਾ ਮਾਰਨ ਦੇ ਅਮਲ ਹੋ ਰਹੇ ਹਨ, ਜਦੋਂਕਿ ਸ੍ਰ. ਭਗਵੰਤ ਸਿੰਘ ਮਾਨ ਦੀ ਸਰਕਾਰ ਇਸ ਉਤੇ ਬਾਦਲੀਲ ਢੰਗ ਨਾਲ ਆਪਣੇ ਪਾਣੀਆਂ ਨੂੰ ਲੈਣ ਦੀ ਗੱਲ ਕਰ ਰਹੀ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੈਂਟਰ ਦੇ ਹੁਕਮਰਾਨਾਂ ਤੇ ਦੂਸਰੇ ਸੂਬਿਆਂ ਦੇ ਹੁਕਮਰਾਨਾਂ ਵੱਲੋਂ ਯਮੁਨਾ ਨਦੀ ਵਿੱਚੋਂ ਪੰਜਾਬ ਦੇ ਹਿੱਸੇ ਦੇ ਪਾਣੀ ਨੂੰ ਨਾ ਦਿੱਤੇ ਜਾਣ ਉਤੇ ਤਿੱਖਾ ਰੋਸ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਪੰਜਾਬ ਸਰਕਾਰ ਨੂੰ ਆਪਣੀ ਨੇਕ ਸਲਾਹ ਦਿੰਦੇ ਹੋਏ ਕਿਹਾ ਕਿ ਸ੍ਰ. ਸਵਰਨ ਸਿੰਘ ਰਿਟਾਇਰਡ ਆਈ.ਏ.ਐੱਸ, ਪਾਣੀਆਂ ਦੇ ਮੁੱਦੇ ਉਤੇ ਤੇ ਰੀਪੇਰੀਅਨ ਕਾਨੂੰਨ ਦੇ ਮੁੱਦੇ ਉਤੇ ਪੂਰੀ ਮੁਹਾਰਤ ਰੱਖਦੇ ਹਨ ਤੇ ਬੀਤੇ ਸਮੇਂ ਵਿਚ ਅਜਿਹੀਆਂ ਹੋਣ ਵਾਲੀਆਂ ਮੀਟਿੰਗਾਂ ਦਾ ਪ੍ਰਬੰਧ ਵੀ ਕਰਦੇ ਰਹੇ ਹਨ।ਇਸ ਲਈ ਜੇਕਰ ਪੰਜਾਬ ਸਰਕਾਰ ਸ੍ਰ. ਸਵਰਨ ਸਿੰਘ ਦੇ ਤਜਰਬੇ ਤੇ ਮੁਹਾਰਤ ਤੋਂ ਸਹੀ ਦਿਸ਼ਾ ਵੱਲ ਫਾਇਦਾ ਲੈਂਦੇ ਹੋਏ ਇਸ ਵਿਸ਼ੇ 'ਤੇ ਬਣਨ ਵਾਲੇ ਕਿਸੇ ਵੀ ਟ੍ਰਿਬਿਊਨਲ ਜਾਂ ਕਾਨੂੰਨੀ ਪੱਖ ਵਾਲੀ ਕਮੇਟੀ ਦੇ ਚੇਅਰਮੈਨ ਦੀ ਸੇਵਾ ਦੇ ਦਿੱਤੀ ਜਾਵੇ ਤਾਂ ਪੰਜਾਬ ਨਾਲ ਪਾਣੀਆਂ ਦੇ ਮੁੱਦੇ ਉਤੇ ਸੈਂਟਰ ਤੇ ਦੂਜੇ ਸੂਬਿਆਂ ਵੱਲੋਂ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਦਾ ਜਿੱਥੇ ਅੰਤ ਹੋ ਸਕਦਾ ਹੈ, ਉਥੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹੱਕ ਦੇ ਪਾਣੀਆਂ ਨੂੰ ਕਾਨੂੰਨੀ ਤੌਰ 'ਤੇ ਅਤੇ ਬੌਧਿਕਤਾ ਤੌਰ 'ਤੇ ਪ੍ਰਾਪਤ ਕਰਨ ਵਿੱਚ ਸ੍ਰ. ਸਵਰਨ ਸਿੰਘ ਯੋਗਦਾਨ ਪਾ ਸਕਦੇ ਹਨ।ਉਨ੍ਹਾਂ ਇਸ ਗੱਲ 'ਤੇ ਵੀ ਡੂੰਘਾ ਦੁੱਖ ਜ਼ਾਹਰ ਕੀਤਾ ਕਿ ਹਾਈਕੋਰਟਾਂ ਤੇ ਸੁਪਰੀਮ ਕੋਰਟ ਦੀਆਂ ਹੋਣ ਵਾਲੀਆਂ ਨਿਯੁਕਤੀਆਂ ਵਿੱਚ ਇਕ ਸੋਚੀ ਸਮਝੀ ਸਿੱਖ ਵਿਰੋਧੀ ਸਾਜ਼ਿਸ਼ ਤਹਿਤ ਕਾਬਲ ਤੇ ਮਾਹਰ ਵਕੀਲਾਂ ਨੂੰ ਜੱਜ ਨਿਯੁਕਤ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਮੁੱਖ ਜੱਜਾਂ ਦੇ ਅਹੁਦੇ ਤੇ ਸਿੱਖਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਂਦੀਆ ਹਨ।ਜੋ ਬੀਤੇ ਦਿਨੀਂ ਜੱਜਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਵਿਚ ਵੀ ਇਕ ਵੀ ਸਿੱਖ ਦਾ ਨਾ ਹੋਣਾ ਪ੍ਰਤੱਖ ਕਰਦਾ ਹੈ ਕਿ ਹੁਕਮਰਾਨ ਜਾਣਬੁੱਝ ਕੇ ਕਾਬਲ ਤੇ ਮਿਹਨਤੀ ਸਿੱਖਾਂ ਨੂੰ ਅਜਿਹੇ ਉੱਚ ਪਦਵੀਆਂ ਉਤੇ ਨਿਯੁਕਤ ਨਾ ਕਰਨ ਦੇ ਦੁੱਖਦਾਇਕ ਅਮਲ ਕਰ ਰਿਹਾ ਹੈ, ਜੋ ਸਿੱਖ ਕੌਮ ਲਈ ਅਸਹਿ ਹਨ।

# ਸਵਨਾ ਨੇ ਵਾਰਡ ਨੰ: 18 ਤੇ 19 ਦੀ ਸਾਂਝੀ ਸੜਕ ਦਾ ਕੰਮ ਸ਼ੁਰੂ ਕਰਵਾਇਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਸਿੱਧ ਸ਼੍ਰੀ ਹਨੂਮਾਨ ਮੰਦਿਰ ਦੇ ਪਿੱਛਲੇ ਪਾਸੇ ਵਾਲੀ ਵਾਰਡ ਨੰਬਰ 18 ਤੇ 19 ਦੀ ਸਾਂਝੀ ਸੜਕ ਦਾ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾਇਆ।ਇਸ ਮੌਕੇ ਬੋਲਦਿਆਂ ਵਿਧਾਇਕ ਸਵਨਾ ਨੇ ਕਿਹਾ ਕਿ ਵਾਰਡ ਵਾਸੀਆਂ/ਮੁਹੱਲਾ ਵਾਸੀਆਂ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਇਸ ਸੜਕ ਨੂੰ ਬਣਾਇਆ ਜਾਵੇ, ਕਿਉਂਕਿ ਇਸ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਸਤਾ ਹੋਣ ਕਾਰਨ ਇੱਥੋਂ ਲੰਘਣਾ ਵੀ ਬਹੁਤ ਔਖਾ ਹੁੰਦਾ ਸੀ। ਉਨ੍ਹਾਂ ਕਿਹਾ ਕਿ ਅੱਜ ਵਾਰਡ/ਮੁਹੱਲਾ ਵਾਸੀਆਂ ਦੀ ਇਹ ਮੰਗ ਪੂਰੀ ਹੋਈ ਤੇ ਇਸ ਸੜਕ ਦਾ ਬਣਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਤੇ ਆਉਣ ਵਾਲੇ ਡੇਢ ਤੋਂ ਦੋ ਮਹੀਨਿਆਂ ਵਿੱਚ ਇਹ ਸੜਕ ਬਣ ਕੇ ਤਿਆਰ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਫਾਜ਼ਿਲਕਾ ਸ਼ਹਿਰ ਦਾ ਨਿਰੰਤਰ ਵਿਕਾਸ ਜਾਰੀ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾ ਐੱਮ. ਆਰ. ਕਾਲਜ ਤੋਂ ਹਨੂੰਮਾਨ ਮੰਦਿਰ, ਘੰਟਾਘਰ ਤੇ ਵਾਨ ਬਾਜ਼ਾਰ, ਸਲੇਮਸ਼ਾਹ ਵਾਲੀ, ਸਾਸ਼ਤਰੀ ਚੌਂਕ, ਮੇਹਰੀਆਂ ਬਾਜ਼ਾਰ, ਗਾਂਧੀ ਚੌਂਕ ਤੋਂ ਲੈ ਪਟਵਾਰ ਦਫਤਰ ਤੱਕ, ਡੈੱਡ ਹਾਊਸ ਵਾਲੀ, ਗਊਸ਼ਾਲਾ ਲਿੰਕ ਰੋਡ, ਬੀਕਾਨੇਰੀ ਤੇ ਸ਼ਿਵਪੁਰੀ ਸਮੇਤ ਹੋਰ ਅਨੇਕਾਂ ਸੜਕਾਂ ਨਵੀਆਂ ਬਣਾਈਆਂ ਗਈਆਂ ਹਨ।ਇਸ ਮੌਕੇ ਵਿਧਾਇਕ ਸਵਨਾ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ, ਨਗਰ ਕੌਂਸਲ ਪ੍ਰਧਾਨ ਅਨੀਤਾ ਜੈਰਥ, ਵਾਰਡ ਨੰਬਰ 18 ਦੇ ਕੌਂਸਲਰ ਸੋਮਾ ਰਾਣੀ, ਵਾਰਡ ਨੰਬਰ 19 ਦੇ ਇੰਚਾਰਜ ਭਗਵਾਨ ਸਿੰਘ, ਸੁਨਿਲ ਮੈਨੀ, ਯੋਗੇਸ਼ ਸ਼ਰਮਾ, ਦੀਪਕ ਸ਼ਰਮਾ, ਵਾਰਡ ਨੰਬਰ 10 ਦੇ ਕੌਂਸਲਰ ਦੇ ਪਤੀ ਸੰਦੀਪ ਚਲਾਣਾ, ਸ਼ਾਨੂੰ ਸੇਠੀ ਆਦਿ ਹਾਜ਼ਰ ਸਨ।


AXIS BANK LTD.

ਐਕਸਿਸ ਬੈਂਕ ਲਿਮਟਿਡ, ਐਕਸਿਸ ਹਾਊਸ, ਟਾਵਰ ਟੀ-2, ਦੂਜੀ ਮੰਜ਼ਲ, ਆਈ-14, ਸੈਕਟਰ-128, ਨੋਇਡਾ ਐਕਸਪ੍ਰੈੱਸਵੇਅ, ਜੇ ਪੀ ਗਰੀਨਜ਼ ਵਿਸ਼ਟਾਊਨ, ਨੋਇਡਾ (ਯੂ.ਪੀ.) 201301

ਕਾਰਪੋਰੇਟ ਦਫ਼ਤਰ : 'ਐਕਸਿਸ ਹਾਊਸ', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫ਼ਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ ਐਲਿਸਬ੍ਰਿਜ, ਅਹਿਮਦਾਬਾਦ-380006

**ਕਬਜ਼ਾ ਨੋਟਿਸ [ਰੂਲ 8 (1)] (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 1. ਸ੍ਰੀ ਮੁਹੰਮਦ ਸ਼ਾਹਨਵਾਜ ਪੁੱਤਰ ਖਾਲਿਦ ਹੁਸੈਨ (ਕਰਜ਼ਦਾਰ) ਅਤੇ 2. ਸ੍ਰੀਮਤੀ ਸ਼ਾਮਾ ਪਤਨੀ ਮੁਹੰਮਦ ਸ਼ਾਹਨਵਾਜ਼ (ਸਹਿ-ਕਰਜ਼ਦਾਰ/ ਰਹਿਣਕਾਰ) ਨੂੰ ਨੋਟਿਸ 'ਚ ਦਰਸਾਈ ਰਕਮ ਰੁਪਏ 16,97,414.62/- (ਸੋਲਾਂ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਚੌਦਾਂ ਰੁਪਏ ਅਤੇ ਬਾਹਠ ਪੈਸੇ ਕੇਵਲ) ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਮਿਤੀ 18 ਦਸੰਬਰ 2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 21 ਸਤੰਬਰ 2026 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਲੈਣ-ਦੇਣ ਐਕਸਿਸ ਬੈਂਕ ਲਿਮਟਿਡ ਨੂੰ ਰਕਮ ਰੁਪਏ 16,97,414.62/- (ਸੋਲਾਂ ਲੱਖ ਸਤਾਨਵੇਂ ਹਜ਼ਾਰ ਚਾਰ ਸੌ ਚੌਦਾਂ ਰੁਪਏ ਅਤੇ ਬਾਹਠ ਪੈਸੇ ਕੇਵਲ) ਸਮੇਤ 18.12.2025 ਨੂੰ ਇਸ ਤੋਂ ਇਕਰਾਰਨਾਮੇ ਦੀ ਦਰ 'ਤੇ ਅਗਲਾ ਵਿਆਜ ਅਤੇ ਅਦਾਇਗੀ ਦੀ ਮਿਤੀ ਤੱਕ ਵਿਆਜ ਅਤੇ ਹੋਰ ਖਰਚ ਦੇਣਦਾਰੀ ਦਾ ਵਿਸ਼ਾ ਹੋਵੇਗੀ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਉਕਤ ਦਾ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਮਿਊਂਸਪਲ ਕਾਰਪੋਰੇਸ਼ਨ ਨੰ. ਬੀ-14-1396/1, ਰਕਬਾ 30 ਵਰਗ ਗਜ਼, ਵਾਕਿਆ ਤਰਫ ਸੈਦਾਂ ਵਿਖੇ ਸਥਿਤ, ਅਬਾਦੀ ਮੁਹੱਲਾ ਇਸਲਾਮ ਗੰਜ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ, ਜੋ ਕਿ ਸ੍ਰੀਮਤੀ ਸ਼ਾਮਾ ਪਤਨੀ ਮੁਹੰਮਦ ਸ਼ਾਹਨਵਾਜ ਖਾਨ ਦੇ ਨਾਂਅ ਰਜਿਸਟਰਡ, ਬੈਨਾਮਾ ਦਸਤਾਵੇਜ਼ ਨੰ. 2022-23/106/1/6808 ਮਿਤੀ 01 ਸਤੰਬਰ 2022 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਮੋਹਨ ਸਿੰਘ, ਪੱਛਮ : ਗਲੀ, ਉੱਤਰ : ਨੱਥਾ ਸਿੰਘ, ਦੱਖਣ : ਸੇਵਾ ਸਿੰਘ।

ਮਿਤੀ : 21 ਸਤੰਬਰ 2026 — ਸਹੀ/- ਅਧਿਕਾਰਤ ਅਫਸਰ


ਸਥਾਨ : ਲੁਧਿਆਣਾ — ਐਕਸਿਸ ਬੈਂਕ ਲਿਮਟਿਡ


# ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਕਿਸਾਨ ਮੇਲੇ ਦਾ ਦੌਰਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਕਿਸਾਨ ਮੇਲੇ ਦਾ ਵਿੱਦਿਅਕ ਦੌਰਾ ਕੀਤਾ।ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਦਰਸ਼ਨੀਆਂ ਤੇ ਸਟਾਲਾਂ ਦਾ ਦੌਰਾ ਕਰਦਿਆਂ ਨਵੀਆਂ ਫ਼ਸਲੀ ਕਿਸਮਾਂ, ਖੇਤੀਬਾੜੀ ਮਸ਼ੀਨਰੀ, ਬਾਗਬਾਨੀ ਤਕਨੀਕਾਂ, ਪੌਦ ਸੁਰੱਖਿਆ ਉਪਾਵਾਂ, ਕੁਦਰਤੀ ਤੇ ਟਿਕਾਊ ਖੇਤੀ ਤਕਨੀਕਾਂ ਤੇ ਸਹਾਇਕ ਖੇਤੀ ਧੰਦਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਉਨ੍ਹਾਂ ਖੇਤੀਬਾੜੀ ਮਾਹਰਾਂ ਤੇ ਅਗਾਂਹਵਧੂ ਕਿਸਾਨਾਂ ਨਾਲ ਵਿਚਾਰ-ਵਟਾਂਦਰਾ ਕਰਕੇ ਆਧੁਨਿਕ ਖੇਤੀ ਤਕਨੀਕਾਂ ਸਬੰਧੀ ਵਿਹਾਰਕ ਗਿਆਨ ਹਾਸਲ ਕੀਤਾ।ਵਿਦਿਆਰਥੀਆਂ ਦੇ ਨਾਲ ਵਿਭਾਗ ਦੇ ਫੈਕਲਟੀ ਮੈਂਬਰ ਡਾ. ਅਮਨ ਚੀਮਾ, ਡਾ. ਨਵਦੀਪ ਸਿੰਘ, ਡਾ. ਉਮੇਸ਼ ਸਤੀ, ਡਾ. ਵਿਭੂਤੀ ਸ਼ਰਮਾ, ਸ਼੍ਰੀਮਤੀ ਗੁਰਪਿੰਦਰ ਕੌਰ ਤੇ ਮਿਸ ਕਿਰਨਜੀਤ ਕੌਰ ਮੌਜੂਦ ਸਨ।ਇਹ ਵਿੱਦਿਅਕ ਦੌਰਾ ਵਿਦਿਆਰਥੀਆਂ ਲਈ ਕਲਾਸਰੂਮ ਸਿੱਖਿਆ ਨੂੰ ਵਿਹਾਰਕ ਖੇਤੀਬਾੜੀ ਗਿਆਨ ਨਾਲ ਜੋੜਨ ਤੇ ਖੇਤੀਬਾੜੀ ਖੇਤਰ ਵਿੱਚ ਹੋ ਰਹੀਆਂ ਨਵੀਆਂ ਤਕਨੀਕੀ ਤਰੱਕੀਆਂ ਤੇ ਉੱਭਰ ਰਹੀਆਂ ਤਕਨੀਕਾਂ ਤੋਂ ਜਾਣੂ ਹੋਣ ਦਾ ਮਹੱਤਵਪੂਰਨ ਮੌਕਾ ਸਾਬਿਤ ਹੋਇਆ।

# ਹਾਰਵਰਡ ਕਾਨਵੈਂਟ ਸਕੂਲ ਵੱਲੋਂ ਅੱਖਾਂ ਦੇ ਚੈੱਕਅੱਪ ਕੈਂਪ ਦਾ ਪੋਸਟਰ ਜਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਸਵਰਗਵਾਸੀ ਸ੍ਰ. ਜਗਸੀਰ ਸਿੰਘ ਬਰਾੜ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੌਥਾ ਮੁਫ਼ਤ ਅੱਖਾਂ ਦਾ ਚੈੱਕਅਪ ਕੈਂਪ 2 ਅਕਤੂਬਰ ਨੂੰ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਸਕੂਲ ਵੱਲੋਂ ਕੈਂਪ ਦਾ ਪੋਸਟਰ ਜਾਰੀ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਦੇ ਚੇਅਰਮੈਨ ਸ੍ਰ. ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਉਦੇਸ਼ ਲੋੜਵੰਦ ਲੋਕਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਾਅ ਤੇ ਇਲਾਜ ਦੀਆਂ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਉਣਾ ਹੈ।ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਮਾਹਿਰ ਡਾਕਟਰੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਜਾਵੇਗਾ।ਇਸ ਦੌਰਾਨ ਲੋੜਵੰਦ ਮਰੀਜ਼ਾਂ ਦੇ ਅੱਖਾਂ ਦੇ ਆਪ੍ਰੇਸ਼ਨ, ਦਵਾਈਆਂ ਤੇ ਜਾਂਚ ਦੀਆਂ ਸਹੂਲਤਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ।ਕੈਂਪ ਦੌਰਾਨ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੇ ਨਾਲ ਆਉਣ ਵਾਲੇ ਵਿਅਕਤੀਆਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ. ਨਵਦੀਪ ਸਿੰਘ ਬਰਾੜ ਤੇ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜਿਹੜੇ ਵੀ ਵਿਅਕਤੀ ਅੱਖਾਂ ਦੀ ਸਮੱਸਿਆ ਤੋਂ ਪੀੜਤ ਹਨ ਜਾਂ ਜਿਨ੍ਹਾਂ ਨੂੰ ਅੱਖਾਂ ਦੇ ਚੈੱਕਅਪ ਦੀ ਲੋੜ ਹੈ, ਉਹ 2 ਅਕਤੂਬਰ ਨੂੰ ਹਾਰਵਰਡ ਕਾਨਵੈਂਟ ਸਕੂਲ ਵਿਖੇ ਪਹੁੰਚ ਕੇ ਇਸ ਮੁਫ਼ਤ ਕੈਂਪ ਦਾ ਲਾਭ ਉਠਾਉਣ।

# ਚੇਅਰਮੈਨ ਮਾਨ ਦੀ ਅਗਵਾਈ 'ਚ ਵਰਕਰ ਤੇ ਬੂਥ ਇੰਚਾਰਜ ਮਿਲਣੀ ਕਰਵਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤੀਆ ਮਾਡਲ ਸਕੂਲ ਆਡੀਟੋਰੀਅਮ ਰਾਮਪੁਰਾ ਫੂਲ ਵਿਖੇ ਮਾਰਕਫੈੱਡ ਪੰਜਾਬ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਦੀ ਅਗਵਾਈ ਹੇਠ ਵਰਕਰ ਤੇ ਬੂਥ ਇੰਚਾਰਜ ਮਿਲਣੀ ਕਰਵਾਈ ਗਈ।ਇਸ ਮੌਕੇ ਹਲਕਾ ਰਾਮਪੁਰਾ ਫੂਲ ਦੇ ਕਰੀਬ 200 ਬੂਥ ਇੰਚਾਰਜਾਂ ਤੇ ਸਰਗਰਮ ਵਰਕਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੇ ਜ਼ਮੀਨੀ ਪੱਧਰ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਬੂਥ ਇੰਚਾਰਜਾਂ ਤੇ ਵਰਕਰਾਂ ਨਾਲ ਸਿੱਧਾ ਸੰਵਾਦ ਕਰਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਸਿਆਸੀ ਜਥੇਬੰਦੀ ਦੀ ਸਰਗਰਮੀ ਦਾ ਅਸਲ ਆਧਾਰ ਉਸ ਦਾ ਬੂਥ ਪੱਧਰ ਦਾ ਸੰਗਠਨ ਹੁੰਦਾ ਹੈ ਤੇ ਇਸ ਲਈ ਹਰ ਬੂਥ ਇੰਚਾਰਜ ਦੀ ਜ਼ਿੰਮੇਵਾਰੀ ਅਹਿਮ ਹੈ।ਚੇਅਰਮੈਨ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਹਲਕਾ ਰਾਮਪੁਰਾ ਫੂਲ ਵਿੱਚ ਵੀ ਹਰ ਬੂਥ ਦੀ ਸਥਿਤੀ, ਵਰਕਰਾਂ ਦੀ ਸਰਗਰਮੀ ਤੇ ਲੋਕਾਂ ਨਾਲ ਸੰਪਰਕ ਨੂੰ ਲਗਾਤਾਰ ਮਜ਼ਬੂਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਾਡਾ ਧਿਆਨ ਸਿਰਫ਼ ਚੋਣਾਂ ਦੇ ਸਮੇਂ ਨਹੀਂ, ਸਗੋਂ ਹੁਣ ਤੋਂ ਹੀ ਬੂਥ ਪੱਧਰ 'ਤੇ ਸੰਗਠਨ ਨੂੰ ਵਿਵਸਥਿਤ ਤੇ ਸਰਗਰਮ ਕਰਨ 'ਤੇ ਹੈ।ਉਨ੍ਹਾਂ ਵਰਕਰਾਂ ਨੂੰ ਆਪਣੇ-ਆਪਣੇ ਬੂਥਾਂ ਦੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਣ, ਲੋਕਾਂ ਨਾਲ ਸੰਪਰਕ ਬਣਾਈ ਰੱਖਣ ਤੇ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਕਿਹਾ।ਇਸ ਮੌਕੇ ਸੋਸ਼ਲ ਮੀਡੀਆ ਸਟੇਟ ਸੈਕਟਰੀ ਸੁਖਵਿੰਦਰ ਸਿੰਘ ਜਵੰਧਾ, ਯੂਥ ਐਂਡ ਜ਼ਿਲ੍ਹਾ ਵਾਈਸ ਪ੍ਰਧਾਨ ਬਠਿੰਡਾ ਰਣਧੀਰ ਸਿੰਘ ਬਰਾੜ, ਸੋਸ਼ਲ ਮੀਡੀਆ ਹਲਕਾ ਇੰਚਾਰਜ ਰਾਮਪੁਰਾ ਅਮਨਦੀਪ ਸਿੰਘ ਪਿੱਪਲੀ, ਸੋਸ਼ਲ ਮੀਡੀਆ ਹਲਕਾ ਸੈਕਟਰੀ ਰਾਮਪੁਰਾ ਰਿਸ਼ੀ ਮਿੱਤਲ, ਯੁੱਧ ਨਸ਼ਿਆਂ ਵਿਰੁੱਧ ਹਲਕਾ ਕੋਆਰਡੀਨੇਟਰ ਰਾਮਪੁਰਾ ਰਾਜਵਿੰਦਰ ਸਿੰਘ, ਯੂਥ ਹਲਕਾ ਕੋਆਰਡੀਨੇਟਰ ਰਾਮਪੁਰਾ ਸਰਬਜੀਤ ਸਿੰਘ ਭੁੱਲਰ, ਚੇਅਰਮੈਨ ਭਗਤਾ ਭਾਈਕਾ ਮਾਰਕੀਟ ਕਮੇਟੀ ਬੂਟਾ ਸਿੰਘ ਜਲਾਲ, ਬਲਾਕ ਪ੍ਰਧਾਨ ਮਨਮੋਹਨ ਗਰਗ ਰਾਮਪੁਰਾ ਸਮੇਤ ਵੱਖ-ਵੱਖ ਪਿੰਡਾਂ ਦੇ ਸਰਪੰਚ ਤੇ ਪਾਰਟੀ ਵਰਕਰ ਹਾਜ਼ਰ ਸਨ।

# ਡੀ ਸੀ ਦ.ਫਤਰ ਬਾਹਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਾ ਵਿਅਕਤੀ ਆਦਤਨ ਅਪਰਾਧੀ : ਐੱਸ ਐੱਸ ਪੀ ਗਰੇਵਾਲ

## 9 ਅਪਰਾਧਿਕ ਮਾਮਲਿਆਂ ਦਾ ਕਰ ਰਿਹੈ ਸਾਹਮਣਾ



**ਸੰਗਰੂਰ (ਪ੍ਰਵੀਨ ਸਿੰਘ)**

ਡਿਪਟੀ ਕਮਿਸ਼ਨਰ ਦਫ਼ਤਰ ਸੰਗਰੂਰ ਦੇ ਬਾਹਰ ਖ਼ੁਦਕੁਸ਼ੀ ਦੀ ਕੋਸ਼ਿਸ਼ ਸਬੰਧੀ ਤੱਥ ਸਪੱਸ਼ਟ ਕਰਦਿਆਂ ਸੀਨੀਅਰ ਪੁਲਸ ਕਪਤਾਨ (ਐੱਸ.ਐੱਸ.ਪੀ.), ਸੰਗਰੂਰ, ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਵਿਅਕਤੀ ਆਦਤਨ ਅਪਰਾਧੀ ਹੈ, ਜਿਸ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਤੇ ਮੌਜੂਦਾ ਸਮੇਂ ਸੂਬੇ ਦੇ ਵੱਖ-ਵੱਖ ਥਾਣਿਆਂ ਵਿੱਚ ਉਸ ਵਿਰੁੱਧ ਨੌਂ ਅਪਰਾਧਿਕ ਮਾਮਲੇ ਦਰਜ ਹਨ।ਉਕਤ ਵਿਅਕਤੀ, ਜਿਸ ਦੀ ਪਛਾਣ ਜੱਗਾ ਸਿੰਘ ਉਰਫ਼ ਜੋਗਾ ਉਰਫ਼ ਜਗਸੀਰ ਸਿੰਘ ਨਿਵਾਸੀ ਪਿੰਡ ਨਮੋਲ, ਥਾਣਾ ਚੀਮਾ, ਸੰਗਰੂਰ ਵਜੋਂ ਹੋਈ ਹੈ, ਨੇ ਐਤਵਾਰ ਸ਼ਾਮ ਲਗਭਗ 5:30 ਵਜੇ ਡੀ. ਸੀ. ਦਫ਼ਤਰ, ਸੰਗਰੂਰ ਦੇ ਬਾਹਰ ਕਥਿਤ ਤੌਰ 'ਤੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ।ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਫੌਰਨ ਸਿਵਲ ਹਸਪਤਾਲ ਸੰਗਰੂਰ ਲਿਜਾਇਆ ਗਿਆ, ਜਿੱਥੋਂ ਉਸ ਨੂੰ ਰਾਜਿੰਦਰ ਹਸਪਤਾਲ ਪਟਿਆਲਾ ਰੈਫ਼ਰ ਕਰ ਦਿੱਤਾ ਗਿਆ।ਉਸ ਦੀ ਹਾਲਤ ਫਿਲਹਾਲ ਸਥਿਰ ਹੈ ਤੇ ਉਹ ਡਾਕਟਰੀ ਨਿਗਰਾਨੀ ਹੇਠ ਹੈ।ਉਸ ਦੇ ਅਪਰਾਧਿਕ ਰਿਕਾਰਡ ਦੇ ਵੇਰਵੇ ਸਾਂਝੇ ਕਰਦਿਆਂ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਜੱਗਾ ਸਿੰਘ ਨੌਂ ਅਪਰਾਧਿਕ ਐੱਫ.ਆਈ.ਆਰ. ਵਿੱਚ ਸ਼ਾਮਲ ਆਦਤਨ ਅਪਰਾਧੀ ਹੈ।ਐੱਸ.ਐੱਸ.ਪੀ. ਸੰਗਰੂਰ ਨੇ ਦੱਸਿਆ ਕਿ ਚਾਰ ਮਾਮਲਿਆਂ ਵਿੱਚ ਉਸ ਨੂੰ ਪਹਿਲਾਂ ਹੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਤੇ ਸਜ਼ਾ ਸੁਣਾਈ ਜਾ ਚੁੱਕੀ ਹੈ, ਜਿਸ ਵਿੱਚ ਐੱਨ.ਡੀ.ਪੀ.ਐੱਸ. ਐਕਟ ਤਹਿਤ ਇੱਕ ਮਾਮਲਾ ਤੇ ਐਕਸਾਈਜ਼ ਐਕਟ ਤਹਿਤ ਤਿੰਨ ਮਾਮਲੇ ਸ਼ਾਮਲ ਹਨ।ਇਸ ਤੋਂ ਇਲਾਵਾ ਐਕਸਾਈਜ਼ ਐਕਟ ਤਹਿਤ ਚਾਰ ਹੋਰ ਮਾਮਲੇ ਅਦਾਲਤ ਵਿੱਚ ਵਿਚਾਰ ਅਧੀਨ ਹਨ।ਜੱਗਾ ਸਿੰਘ 'ਤੇ ਥਾਣਾ ਠੁੱਲੀਵਾਲ ਵਿਖੇ ਬਲਾਤਕਾਰ ਦਾ ਮਾਮਲਾ ਵੀ ਦਰਜ ਕੀਤਾ ਗਿਆ ਸੀ, ਜਿਸ ਵਿੱਚੋਂ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ।ਪੁਲਸ ਵੱਲੋਂ ਕਾਰਵਾਈ ਨਾ ਕਰਨ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਐੱਸ.ਐੱਸ.ਪੀ. ਨੇ ਕਿਹਾ ਕਿ ਪੁਲਸ ਨੇ ਹਰ ਘਟਨਾਕ੍ਰਮ ਦਾ ਕਾਨੂੰਨੀ ਨੋਟਿਸ ਲਿਆ ਹੈ।ਜੱਗਾ ਸਿੰਘ ਵੱਲੋਂ 12 ਸਤੰਬਰ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਇੱਕ ਵੀਡੀਓ, ਜਿਸ ਵਿੱਚ ਉਸ ਨੇ ਪਰਿਵਾਰਕ ਵਿਵਾਦ ਨੂੰ ਲੈ ਕੇ ਖ਼ੁਦ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਸੀ, ਤੋਂ ਬਾਅਦ ਥਾਣਾ ਚੀਮਾ ਵਿਖੇ ਡੀਡੀਆਰ ਦਰਜ ਕੀਤੀ ਗਈ ਹੈ।ਇਸ ਤੋਂ ਇਲਾਵਾ, ਉਸ ਦੀ ਪਤਨੀ ਮਨਪ੍ਰੀਤ ਕੌਰ ਦੀ ਸ਼ਿਕਾਇਤ ਤੇ ਮੈਡੀਕੋ-ਲੀਗਲ ਰਿਪੋਰਟ (ਐੱਮ ਐੱਲ ਆਰ) ਦੇ ਆਧਾਰ 'ਤੇ, ਜਿਸ ਵਿੱਚ ਕਥਿਤ ਕੁੱਟਮਾਰ ਤੇ ਤੋੜ-ਫੋੜ ਦਾ ਦੋਸ਼ ਲਗਾਇਆ ਗਿਆ ਸੀ, ਸੰਗਰੂਰ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਪੜਤਾਲ ਕੀਤੀ ਤੇ ਤੁਰੰਤ ਥਾਣਾ ਚੀਮਾ ਵਿਖੇ ਸੁਖਬੀਰ ਸਿੰਘ ਉਰਫ਼ ਸੁੱਖੀ, ਸਬਰ ਮਿਸਤਰੀ, ਅਮਨ ਸਿੰਘ, ਮੁਕਾਰਤੀ ਸਿੰਘ ਤੇ ਹੋਰਨਾਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ। ਐੱਸ.ਐੱਸ.ਪੀ. ਨੇ ਕਿਹਾ ਕਿ ਪੰਚਾਇਤ ਵੱਲੋਂ ਮਿਲੀ ਸ਼ਿਕਾਇਤ ਅਨੁਸਾਰ, ਜੱਗਾ ਸਿੰਘ ਨੂੰ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਲਈ ਸਿਆਸੀ ਤੌਰ 'ਤੇ ਉਕਸਾਇਆ ਗਿਆ ਸੀ ਤੇ ਪੁਲਸ ਇਸ ਪਹਿਲੂ ਦੀ ਵੀ ਜਾਂਚ ਕਰ ਰਹੀ ਹੈ।ਪਿੰਡ ਵਾਸੀਆਂ ਤੇ ਪੰਚਾਇਤ ਦੇ ਮੈਂਬਰਾਂ ਨੇ ਦੱਸਿਆ ਕਿ ਪੁਲਸ ਤੇ ਸਥਾਨਕ ਪੰਚਾਇਤ 'ਤੇ ਦਬਾਅ ਪਾਉਣ ਲਈ ਜੱਗਾ ਸਿੰਘ ਨੂੰ ਇੱਕ ਸਿਆਸੀ ਸਾਜ਼ਿਸ਼ ਦੇ ਹਿੱਸੇ ਵਜੋਂ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਲਈ ਉਕਸਾਇਆ ਗਿਆ ਸੀ।ਸਥਾਨਕ ਪੰਚਾਇਤ ਨੇ ਉਸ 'ਤੇ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਦੋਸ਼ ਵੀ ਲਗਾਇਆ ਹੈ।ਜਨਤਾ ਨੂੰ ਨਿਰਪੱਖ, ਪਾਰਦਰਸ਼ੀ ਤੇ ਤੁਰੰਤ ਜਾਂਚ ਦਾ ਭਰੋਸਾ ਦਿਵਾਉਂਦਿਆਂ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ ਨੇ ਕਿਹਾ ਕਿ ਸੰਗਰੂਰ ਪੁਲਸ ਕਾਨੂੰਨ ਦੇ ਸ਼ਾਸਨ ਨੂੰ ਬਣਾਏ ਰੱਖਣ ਤੇ ਤੱਥਾਂ ਦੇ ਆਧਾਰ 'ਤੇ ਸਖ਼ਤੀ ਨਾਲ ਇਨਸਾਫ਼ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਭਾਜਪਾ ਦੀ ਨਸ਼ਾ ਵਿਰੋਧੀ ਯਾਤਰਾ ਸ੍ਰੀ ਮੁਕਤਸਰ ਸਾਹਿਬ ਪਹੁੰਚੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਯਾਤਰਾ ਮੰਗਲਵਾਰ ਫਾਜ਼ਿਲਕਾ ਤੋਂ ਹੁੰਦੀ ਹੋਈ ਸ੍ਰੀ ਮੁਕਤਸਰ ਸਾਹਿਬ ਪਹੁੰਚੀ।ਯਾਤਰਾ ਦੌਰਾਨ ਬਠਿੰਡਾ ਰੋਡ ਸਥਿਤ ਇੱਕ ਪੈਲੇਸ ਵਿੱਚ ਭਾਜਪਾ ਵੱਲੋਂ ਵਿਸ਼ਾਲ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸਾਬਕਾ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਸਾਬਕਾ ਰਾਜ ਸਭਾ ਮੈਂਬਰ ਓਮ ਪ੍ਰਕਾਸ਼ ਧਨਖੜ, ਸਾਬਕਾ ਕੈਬਿਨੇਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ, ਸਾਬਕਾ ਵਿਧਾਇਕ ਐੱਚ ਐੱਸ ਫੂਲਕਾ ਸਮੇਤ ਹੋਰ ਭਾਜਪਾ ਆਗੂ ਮੌਜੂਦ ਰਹੇ।

ਸਮਾਗਮ ਦੌਰਾਨ ਭਾਜਪਾ ਆਗੂਆਂ ਨੇ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਸਵਾਲ ਚੁੱਕੇ।ਰਵਨੀਤ ਸਿੰਘ ਬਿੱਟੂ ਨੇ ਦਾਅਵਾ ਕੀਤਾ ਕਿ ਭਾਜਪਾ ਵੱਲੋਂ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਲਈ ਇੱਕ ਪੂਰਾ ਪਲਾਨ ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਨਾਲ ਲੈ ਕੇ ਕੰਮ ਕੀਤਾ ਜਾਵੇਗਾ।ਉਨ੍ਹਾਂ ਨਸ਼ਿਆਂ ਖ਼ਿਲਾਫ਼ ਕੰਮ ਕਰ ਰਹੀਆਂ ਸੰਸਥਾਵਾਂ ਤੇ ਹੋਰ ਸਮਾਜਿਕ ਵਰਗਾਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ।ਬਿੱਟੂ ਨੇ ਪੰਜਾਬੀ ਗਾਇਕੀ ਵਿੱਚ ਨਸ਼ਿਆਂ ਦੀ ਕਥਿਤ ਪ੍ਰਮੋਸ਼ਨ ਦਾ ਮੁੱਦਾ ਵੀ ਚੁੱਕਿਆ।ਉਨ੍ਹਾਂ ਕਿਹਾ ਕਿ ਜੇਕਰ ਕੋਈ ਕਲਾਕਾਰ ਆਪਣੇ ਗੀਤਾਂ ਜਾਂ ਹੋਰ ਸਮੱਗਰੀ ਰਾਹੀਂ ਨਸ਼ਿਆਂ ਨੂੰ ਪ੍ਰਮੋਟ ਕਰਦਾ ਹੈ ਤਾਂ ਉਸ ਵਿਰੁੱਧ ਵੀ ਕਾਰਵਾਈ ਹੋਣੀ ਚਾਹੀਦੀ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਭੰਗੇਵਾਲਾ, ਗੋਰਾ ਪਠੇਲਾ, ਪੁਸ਼ਪਿੰਦਰ ਸਿੰਘ ਭੰਡਾਰੀ, ਗੁਰਚਰਨ ਸਿੰਘ ਡੀਟੀਓ, ਅਨੁਰਾਗ ਸ਼ਰਮਾ, ਮਿੰਕਲ ਬਜਾਜ, ਭਾਰਤ ਭੂਸ਼ਨ, ਬਿੰਟਾ ਬਾਂਸਲ, ਸੰਦੀਪ ਗਿਰਧਰ, ਅਰਵਿੰਦ ਪਠੇਲਾ ਤੇ ਵੱਡੀ ਗਿਣਤੀ ਵਿੱਚ ਭਾਜਪਾ ਦੇ ਸਮਰਥਕ ਸ਼ਾਮਲ ਸਨ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.:- 158-2026-27-SrDEN-I-FZR — ਤਾਰੀਕ : 21.09.2026

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 12.10.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ।। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 19.09.2026 | 28.09.2026 | 12.10.2026 / 15:00 ਵਜੇ |

| ਲ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ |
|---|---|---|
| 1 | 158-2026-27-SrDEN-I-FZR | ਫਿਰੋਜਪੁਰ ਡਵੀਜਨ ਵਿਚ ਸੀਨੀਅਰ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਨਾਨ-ਇੰਟਰਲਾਕ ਲੇਵਲ-ਕ੍ਰਾਸਿੰਗ ਗੇਟਸ (TVU 10,000 ਤੋਂ 20,000 ਦੇ ਵਿਚ) ਤੇ ਗੇਟ ਸਿਗਨਲਿੰਗ ਦੇ ਲਈ ਰਿਲੇ ਹਟ (23 ਲੇਵਲ-ਕ੍ਰਾਸਿੰਗ ਉਤੇ) ਦਾ ਪ੍ਰਬੰਧ, ਟਾਈਪ ਪਲਾਨ ਨੰਬਰ NRHQ 0-97/2017/R1 ਦੇ ਅਨੁਸਾਰ। |

| ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 29519971.98 | 590400.00 | 60 ਦਿਨ | 08 ਮਹੀਨੇ |

ਸਮਾਨ ਨੇਚਰ ਦਾ ਕੰਮ: "ਪ੍ਰੀ-ਕਾਸਟ PSC-RCC ਪੈਨਲ ਨਾਲ ਬਣਿਆ ਕੋਈ ਵੀ ਸਟ੍ਰਕਚਰਲ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

3287/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**"ਜੰਮੂ ਮੰਡਲ ਵਿਚ ਆਟੋਮੈਟਿਕ ਟਿਕਟ ਵੇਂਡਿੰਗ ਮਸ਼ੀਨਾਂ (ATVM) ਦੇ ਮਾਧਿਅਮ ਨਾਲ ਅਣਰੀਜ਼ਰਵ ਟਿਕਟ ਜਾਰੀ ਕਰਨ ਲਈ ਫੈਸਿਲਿਟੇਟਸ੍ਰ ਦੀ ਨਿਯੁਕਤੀ ਦੇ ਲਈ ਵਿਗਿਆਪਨ ਸੂਚਨਾ"**

ਇਹ ਨਿਯੁਕਤੀ ਸਥਾਈ ਸੇਵਾ ਦੇ ਲਈ ਨਹੀਂ ਹੈ।

ਇਹ ਨਿਯੁਕਤੀ ਪੂਰੀ ਤਰ੍ਹਾਂ ਸੰਵਿਦਾ (ਕਾਂਟਰੈਕਟ) ਆਧਾਰਿਤ ਹੋਵੇਗੀ। ਇਸ ਨਿਯੁਕਤੀ ਦੇ ਆਧਾਰ ਉਤੇ ਰੇਲਵੇ ਸੇਵਾ ਵਿਚ ਸਮਾਯੋਜਨ, ਸੇਵਾ ਦਾ ਰੈਗੂਲਰਾਈਜੇਸ਼ਨ, ਬੋਨਸ, ਰੇਲਵੇ ਪਾਸ ਸੁਵਿਧਾ ਜਾਂ ਰੇਲਵੇ ਕਰਮਚਾਰੀਆਂ ਨੂੰ ਉਪਲਬਧ ਹੋਰ ਕਿਸੇ ਵੀ ਪ੍ਰਕਾਰ ਦੀ ਸਹੂਲਤ ਦਾ ਦਾਅਵਾ ਸਵੀਕਾਰ ਨਹੀਂ ਹੋਵੇਗਾ।

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰੀ ਰੇਲਵੇ, ਜੰਮੂ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਆਮ ਜਨਤਾ ਤੋਂ ਮੁਹਰਬੰਦ ਦਰਖਾਸਤ ਮੰਗ ਕਰਦੇ ਹਨ, ਤਾਂ ਕਿ ਜੰਮੂ ਮੰਡਲ ਦੇ ਵਖ-ਵਖ ਸਟੇਸ਼ਨਾਂ ਤੇ ਆਟੋਮੈਟਿਕ ਟਿਕਟ ਵੇਂਡਿੰਗ ਮਸ਼ੀਨ (ATVM) ਦੇ ਮਾਧਿਅਮ ਨਾਲ ਅਣਰੀਜ਼ਰਵ ਟਿਕਟ ਜਾਰੀ ਕਰਨ ਲਈ ਫੈਸਿਲਿਟੇਟਸ੍ਰ ਦੀ ਨਿਯੁਕਤੀ ਕੀਤੀ ਜਾ ਸਕੇ। ਇਹ ਕਾਂਟਰੈਕਟ ਵਾਸਤਵਿਕ ਕੰਮ ਸ਼ੁਰੂ ਦੀ ਮਿਤੀ ਤੋਂ ਪ੍ਰਭਾਵੀ ਹੋਵੇਗਾ ਅਤੇ ਇਕ ਸਾਲ ਦੇ ਸਮੇਂ ਦੇ ਲਈ ਰਹੇਗਾ, ਜਿਸ ਵਧ ਤੋਂ ਵਧ ਦੋ ਸਾਲ ਤਕ ਵਧਾਇਆ ਜਾ ਸਕਦਾ ਹੈ।

ਜੰਮੂ ਮੰਡਲ ਵਿਚ ATVM ਦੀਆਂ ਥਾਵਾਂ ਦੀ ਸੂਚੀ ਹੇਠਾਂ ਅਨੁਸਾਰ ਹੈ:-

| ਲੜੀ ਨੰ. | ਸਟੇਸ਼ਨ ਦਾ ਨਾਮ | ਸਟੇਸ਼ਨ ਕੋਡ | ਸਟੇਸ਼ਨ ਸ਼੍ਰੇਣੀ | ਨਿਯੁਕਤ ਕੀਤੇ ਜਾਣ ਵਾਲੇ ਫੈਸਿਲਿਟੇਟਸ੍ਰ ਦਾ ਨੰਬਰ |
|---|---|---|---|---|
| 1 | ਸ਼੍ਰੀਨਗਰ | SINA | NSG-5 | 02 |
| 2 | ਮੁਕੇਰਿਯਾਂ | MEX | NSG-5 | 02 |
| 3 | ਦਸੂਆ | DZA | NSG-5 | 02 |
| 4 | ਬਨੀਹਾਲ | BAHL | NSG-5 | 02 |
| 5 | ਅਨੰਤਨਾਗ | ANT | NSG-5 | 02 |
| 6 | ਬੜਗਾਮ | BDGM | NSG-6 | 02 |
| 7 | ਬਾਰਾਮੂਲਾ | BRML | NSG-6 | 01 |
| 8 | ਸੰਗਲਦਾਨ | SGDN | NSG-6 | 01 |

ਨੋਟ: ਦਰਖਾਸਤਕਾਰ ਨੂੰ ਹੇਠਾਂ ਅਨੁਸਾਰ ਰਿਫੰਡੇਬਲ ਸੁਰੱਖਿਆ ਜਮ੍ਹਾ ਰਾਸ਼ੀ ਜਮ੍ਹਾ ਕਰਨ ਦੇ ਲਈ ਤਿਆਰ ਰਹਿਣਾ ਹੋਵੇਗਾ:

* ਐਨਐਸਜੀ-1 ਅਤੇ ਐਨਐਸਜੀ-2 ਸ਼੍ਰੇਣੀ ਦੇ ਸਟੇਸ਼ਨਾਂ ਦੇ ਲਈ: ਰੁ 50,000/-
* ਹੋਰ ਸਾਰੇ ਸ਼੍ਰੇਣੀ ਦੇ ਸਟੇਸ਼ਨਾਂ ਦੇ ਲਈ: ਰੁ 25,000/-

ਸੁਰੱਖਿਆ ਜਮ੍ਹਾ ਰਾਸ਼ੀ ਦਰਖਾਸਤਕਾਰ ਦੁਆਰਾ ਆਪਣੇ ਖੁਦ ਦੇ ਬੈਂਕ ਖਾਤੇ ਤੋਂ ਜਾਰੀ ਡਿਪਾਜਿਟ ਜਮ੍ਹਾ ਰਸੀਦ (ਐਫਡੀਆਰ)/ ਫਿਕਸਡ ਡਿਪਾਜਿਟ ਜਾਂ ਡਿਮਾਂਡ ਡ੍ਰਾਫਟ ਦੇ ਰੂਪ ਵਿਚ ਸੀਨੀਅਰ ਮੰਡਲ ਵਿਤ ਪ੍ਰਬੰਧਕ, ਜੰਮੂ ਦੇ ਪਖ ਵਿਚ ਜਮ੍ਹਾ ਕੀਤੀ ਜਾਵੇਗੀ। ਕਾਂਟਰੈਕਟ ਦੀ ਮਿਆਦ ਪੂਰੀ ਹੋਣ ਜਾਂ ਉਸ ਦੇ ਸਮਾਪਤ ਕੀਤੇ ਜਾਣ ਦੀ ਸਥਿਤੀ ਵਿਚ, ਜੇਕਰ ਕੋਈ ਦੇਅ ਰਾਸ਼ੀ ਪੈਂਡਿੰਗ ਹੋਵੇਗੀ ਤਾਂ ਉਸ ਦਾ ਸਮਾਯੋਜਨ ਸੁਰੱਖਿਆ ਜਮ੍ਹਾ ਰਾਸ਼ੀ ਨਾਲ ਕੀਤਾ ਜਾਵੇਗਾ ਅਤੇ ਬਾਕੀ ਰਾਸ਼ੀ ਦਰਖਾਸਤਕਾਰ ਨੂੰ ਵਾਪਸ ਕਰ ਦਿਤੀ ਜਾਵੇਗੀ।

| ਲੜੀ ਨੰ. | ਕੰਮ ਦਾ ਵੇਰਵਾ | ਕਾਂਟਰੈਕਟ ਮਿਆਦ | ਨਿਵਿਦਾ ਫਾਰਮ ਦੀ ਲਾਗਤ | ਨਿਵਿਦਾ ਜਮ੍ਹਾ ਕਰਨ ਦੀ ਮਿਤੀ |
|---|---|---|---|---|
| 1 | ਕੰਮ ਦੀ ਨੇਚਰ: ਜੰਮੂ ਮੰਡਲ ਦੇ 11 ਸਟੇਸ਼ਨਾਂ ਤੇ ਆਟੋਮੈਟਿਕ ਟਿਕਟ ਵੇਂਡਿੰਗ ਮਸ਼ੀਨਾਂ (ATVM) ਦੇ ਮਾਧਿਅਮ ਨਾਲ ਅਣਰੀਜ਼ਰਵ ਟਿਕਟ ਜਾਰੀ ਕਰਨ ਲਈ ਫੈਸਿਲਿਟੇਟਸ੍ਰ ਨੂੰ ਅਲਾਟਮੈਂਟ ਦੇ ਆਧਾਰ ਉਤੇ ਨਿਯੁਕਤ ਕਰਨ ਦੇ ਲਈ ਨਿਵਿਦਾ। | ਇਕ ਸਾਲ ਦੇ ਲਈ ਵੈਲਿਡ, ਵਧ ਤੋਂ ਵਧ ਦੋ ਸਾਲ ਤਕ ਵਧਾਈ ਜਾ ਸਕਦੀ ਹੈ। | ਮੁਫਤ | 13.10.2026 ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 14:00 ਵਜੇ ਤਕ |

ਮਹੱਤਵਪੂਰਨ ਮਿਤੀਆਂ:-

| | |
|---|---|
| ਨਿਵਿਦਾ ਜਾਰੀ ਹੋਣ ਦੀ ਮਿਤੀ | 23.09.2026 |
| ਨਿਵਿਦਾ ਫਾਰਮ ਜਮ੍ਹਾ ਕਰਨ ਦੀ ਮਿਤੀ ਅਤੇ ਸਮਾਂ | 13.10.2026 (10:00 ਵਜੇ ਤੋਂ 14:00 ਵਜੇ ਤਕ) |
| ਨਿਵਿਦਾ ਬਾਕਸ ਬੰਦ ਹੋਣ ਦੀ ਮਿਤੀ ਅਤੇ ਸਮਾਂ | 13.10.2026 ਨੂੰ 15:00 ਵਜੇ |
| ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 13.10.2026 |
| ਦਫਤਰ ਦਾ ਪਤਾ ਅਤੇ ਨਿਵਿਦਾ ਦਸਤਾਵੇਜ ਉਪਲਬਧਤਾ | ਦਰਖਾਸਤ ਪੱਤਰ (ਨਿਯਮ ਅਤੇ ਸ਼ਰਤਾਂ ਸਮੇਤ) ਉਤਰੀ ਰੇਲਵੇ ਦੀ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ ਅਤੇ ਇਸ ਨੂੰ 23.09.2026 ਨੂੰ 13:00 ਵਜੇ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। |

ਨੰ. 01/ATVM/JAT/POLICY/2026 ਤਾਰੀਕ - 22.09.2026 — 3299/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਰਕਾਰੀ ਡਿਗਰੀ ਕਾਲਜ ਨਿਆੜੀ ਵਿਖੇ ਮਤਦਾਤਾ ਜਾਗਰੂਕਤਾ ਸੈਮੀਨਾਰ




ਪਠਾਨਕੋਟ (ਦਵਿੰਦਰ ਸਿੰਘ)- ਐਸ.ਡੀ.ਐਮ. ਧਾਰ ਕਲਾਂ ਸ਼ੰਕਰ ਸ਼ਰਮਾ ਅਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਗੁਰਪ੍ਰੀਤ ਸਿੰਘ ਦੇ ਮਾਰਗਦਰਸ਼ਨ ਹੇਠ ਸਵੀਪ ਪ੍ਰੋਗਰਾਮ ਦੇ ਅਧੀਨ ਸਰਕਾਰੀ ਡਿਗਰੀ ਕਾਲਜ ਨਿਆੜੀ ਵਿਖੇ ਵਿਦਿਆਰਥੀਆਂ ਲਈ ਮਤਦਾਤਾ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਦੌਰਾਨ ਸਵੀਪ ਟੀਮ ਸੁਜਾਨਪੁਰ ਵੱਲੋਂ ਹਲਕਾ ਨੋਡਲ ਇੰਚਾਰਜ ਸਵੀਪ ਦੀਪਕ ਕੁਮਾਰ, ਉਨ੍ਹਾਂ ਦੇ ਨਾਲ ਸੰਜੀਵ ਵਿਕਰਮ ਅਤੇ ਸੰਦੀਪ ਡੋਗਰਾ ਨੇ ਵਿਦਿਆਰਥੀਆਂ ਨੂੰ ਇਲੈਕਟੋਰਲ ਲਿਟਰੇਸੀ ਕਲੱਬ ਦੀ ਸਥਾਪਨਾ, ਇਸ ਦੀ ਭੂਮਿਕਾ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਨਵੇਂ ਮਤਦਾਤਾਵਾਂ ਵਜੋਂ ਰਜਿਸਟ੍ਰੇਸ਼ਨ ਕਰਵਾਉਣ ਦੀ ਪ੍ਰਕਿਰਿਆ, ਮਤਦਾਤਾ ਸੂਚੀ ਵਿੱਚ ਆਪਣਾ ਨਾਂ ਚੈੱਕ ਕਰਨ ਅਤੇ ਮਤਦਾਤਾ ਸੂਚੀ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਦੀ ਸੂਰਤ ਵਿੱਚ ਲੋੜੀਂਦੀ ਸੋਧ ਕਰਵਾਉਣ ਸਬੰਧੀ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ। ਇਸ ਮੌਕੇ ਆਗਾਮੀ ਮਹੀਨੇ ਪ੍ਰਕਾਸ਼ਿਤ ਹੋਣ ਵਾਲੀ ਮਤਦਾਤਾ ਸੂਚੀ ਸਬੰਧੀ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਮਤਦਾਤਾ ਸੂਚੀ ਵਿੱਚ ਨਾਮ ਦਰਜ ਕਰਵਾਉਣ, ਨਾਮ ਵਿੱਚ ਸੋਧ ਕਰਵਾਉਣ ਜਾਂ ਹੋਰ ਲੋੜੀਂਦੀਆਂ ਤਬਦੀਲੀਆਂ ਲਈ ਨਿਰਧਾਰਤ ਪ੍ਰਕਿਰਿਆ ਰਾਹੀਂ ਅਰਜ਼ੀ ਦਿੱਤੀ ਜਾ ਸਕਦੀ ਹੈ। ਵਿਦਿਆਰਥੀਆਂ ਨੂੰ ਆਪਣੇ ਮਤਾਧਿਕਾਰ ਦੀ ਮਹੱਤਤਾ, ਲੋਕਤੰਤਰਕ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਅਤੇ ਹਰੇਕ ਯੋਗ ਨਾਗਰਿਕ ਵੱਲੋਂ ਆਪਣੇ ਮਤਾਧਿਕਾਰ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਵਰਿੰਦਰਜੀਤ ਸਿੰਘ, ਪ੍ਰੋਫੈਸਰ ਪੁਸ਼ਪਿੰਦਰ ਕੌਰ, ਪ੍ਰੋਫੈਸਰ ਰੂਫ਼ੀ, ਪ੍ਰੋਫੈਸਰ ਰਜਨੀ, ਪ੍ਰੋਫੈਸਰ ਨਿਪੁਣ ਸ਼ਰਮਾ ਅਤੇ ਰੂਪੇਸ਼ ਕੁਮਾਰ ਆਦਿ ਸਮੇਤ ਕਾਲਜ ਦਾ ਹੋਰ ਸਟਾਫ਼ ਵੀ ਹਾਜ਼ਰ ਰਿਹਾ।

# ਵਿਧਾਇਕ ਨੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਲਈ ਦਿੱਤੇ ਲੱਖਾਂ ਰੁਪਏ ਦੇ ਚੈੱਕ



ਬਟਾਲਾ (ਡਾਕਟਰ ਮਲਵਿੰਦਰ ਸਿੰਘ, ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਅੰਦਰ ਕਰੋੜਾਂ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਪਿੰਡਾਂ ਦੇ ਚਹੁੰਪੱਖੀ ਵਿਕਾਸ ਕੰਮਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਹਲਕੇ ਦੇ ਵੱਖ-ਵੱਖ ਪਿੰਡ ਲੀਲ ਖੁਰਦ, ਸ਼ੇਰਪੁਰ, ਪੱਤੀ ਰਿਆੜ, ਵਡਾਲਾ ਗਰੰਥੀਆਂ, ਧਾਰੀਵਾਲ, ਵਜੀਰ ਚੱਕ ਅਤੇ ਬਬਿਹਲ ਚੱਕ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਕਰਨ ਲਈ ਲੱਖਾਂ ਰੁਪਏ ਦੀ ਗਰਾਂਟ ਦੇ ਚੈੱਕ ਵੀ ਵੰਡੇ। ਵਿਧਾਇਕ ਸ਼ੈਰੀ ਕਲਸੀ ਨੇ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡਾਂ ਦੀ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਉਣ ਅਤੇ ਪਿੰਡ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਪੂਰੀ ਮਿਹਨਤ ਨਾਲ ਕੰਮ ਕਰਨ। ਪਿੰਡਾਂ ਅੰਦਰ ਖੇਡ ਮੈਦਾਨ ਸੜਕਾਂ, ਪਾਰਕਾਂ, ਸਟਰੀਟ ਲਾਈਟਾਂ, ਗੰਦੇ ਪਾਣੀ ਦੀ ਨਿਕਾਸੀ ਸਮੇਤ ਵੱਖ ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।

# ਸ਼ੈਰੀ ਕਲਸੀ ਨੇ 'ਮਾਨ ਦੇ ਮੁਨਾਫ਼ੇ' ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਉਲੀਕੀ ਰਣਨੀਤੀ



ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ 'ਮਾਨ ਦੇ ਮੁਨਾਫ਼ੇ' ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਰਣਨੀਤੀ ਉਲੀਕੀ ਗਈ ਅਤੇ ਟ੍ਰੇਨਿੰਗ ਸੈਸ਼ਨ ਦੌਰਾਨ ਪਾਰਟੀ ਦੇ ਆਗੂਆਂ ਨੂੰ ਵੱਖ ਵੱਖ ਪਹਿਲੂਆਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਅਤੇ ਵਾਈਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਅਤੇ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ। ਸਥਾਨਕ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਵਿਖੇ ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮਾਨ ਸਰਕਾਰ ਦੇ ਕੀਤੇ ਕੰਮਾਂ ਨੂੰ ਵਿਸਥਾਰ ਵਿੱਚ ਟੀਮ ਵੱਲੋਂ ਘਰ ਘਰ ਜਾ ਕੇ ਲੋਕਾਂ ਨੂੰ ਪੈਂਫਲੇਟ ਦਿੱਤੇ ਜਾ ਰਹੇ ਹਨ ਅਤੇ ਮਾਨ ਸਰਕਾਰ ਵੱਲੋਂ ਪੂਰੀਆਂ ਕੀਤੀਆਂ ਗਈਆਂ ਗਰੰਟੀਆਂ ਬਾਰੇ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵਲੋਂ ਉਹ ਵੀ ਕੰਮ ਲੋਕਹਿਤ ਵਿੱਚ ਕੀਤੇ ਗਏ ਹਨ, ਜਿਨ੍ਹਾਂ ਦੀਆਂ ਗਰੰਟੀਆਂ ਨਹੀ ਦਿੱਤੀਆਂ ਗਈਆਂ ਸਨ। ਮਾਨ ਸਰਕਾਰ ਨੇ ਹਰ ਵਰਗ ਦੇ ਹਿੱਤ ਵਿੱਚ ਰਿਕਾਰਡ ਵਿਕਾਸ ਕਾਰਜ ਕੀਤੇ ਹਨ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਤੇ ਲੋਕ ਪੱਖੀ ਪਹਿਲਕਦਮੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਵਿਸ਼ੇਸ਼ ਲੋਕ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮੁਹਿੰਮ ਰਾਹੀਂ ਸਰਕਾਰ ਦੇ ਕੰਮਾਂ ਨੂੰ ਸਿੱਧੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਪੰਜਾਬ ਦੇ ਵਿਕਾਸ ਤੇ ਲੋਕ ਭਲਾਈ ਲਈ ਕੀਤੇ ਗਏ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਪਾਰਟੀ ਦੇ ਸਮੂਹ ਆਗੂਆਂ ਨੂੰ ਕਿਹਾ ਕਿ ਉਹ ਹਰ ਘਰ ਤੱਕ ਪਹੁੰਚ ਕਰਕੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਲੋਕ ਭਲਾਈ ਦੇ ਕੰਮਾਂ ਬਾਰੇ ਵੱਧ ਤੋਂ ਵੱਧ ਜਾਣੂ ਕਰਵਾਉਣ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Jasvinder Kaur W/O Jarnail Singh R/O V.P.O. Mulewal Khaira, Tehsil Shahkot, District Jalandhar, Punjab-144702, India have changed my name Jasvinder Kaur to Jasvinder Kaur Khehra. Note Please.

I, Ratan Kaur w/o Amrik Singh r/o Village Pindori Mian Singh Distt Gurdaspur (Punjab) 143527 declare that in my some documents my name written as Satinder Kaur and in some other documents my name written as Ratan Kaur. That Satinder Kaur and Ratan Kaur both names pertain to one and the same person i.e myself. Concerned note.

I Avtar Singh S/o Partap Singh R/o S&S Engg Works, Near Qadian Railway Crossing, Distt. Gurdaspur. I have declare that Avtar is my given name and Singh is my surname. Please concerned note.

I, Nikhil S/o Surinder Kumar R/o VPO. Kishangarh, Teh. & Distt. Jalandhar have changed my name from Nikhil to Nikhil Sangar. All Concerned please note.

I, Jaskaran Singh S/o Gurvinder Singh R/o Near Gill Dharam Kanda, Dairy Complex Road, Chabal Road, Distt. Amritsar, Punjab- 143001 have changed my name from Jaskaran Singh to Singh is my surname and Jaskaran is my given name.

I, Balvir Kaur W/o Baljinder Singh R/o Patti Malko Di, Near Police Chowki, Daburji Road, Sultanwind Pind Amritsar have changed my name from Balvir Kaur to Balbir Kaur.

I, Sukhwinder Singh S/o Sadha Singh R/o Patti Masur Ki, VPO Bundala, Distt Amritsar, Punjab - 143413 have declared that Singh is my surname and Sukhwinder is my given name. Concerned Note.

I, Mehtab Singh S/o Sukhchain Singh R/o VPO Bhangali Kalan, Amritsar have declare that Mehtab is my Given name and Singh is my Surname.

I, Avtar Singh S/o Inder Singh R/o 2 First Floor HIG Mall Mandi Flats G.T Road, Opp Panj Peer Dhingra Complex Amritsar have changed my name from Avtar Singh Ahluwalia to Avtar Singh.

I, Gurpal S/o Sarabjit Singh R/o H.no.2733, Gali Kore Kamboj, Chowk Chida, Katra Karam Singh, Amritsar-143001(pb) have changed my name from Gurpal to Gurpal Singh, please note.

I, Surjeet Singh S/o Lakhwinder Singh R/o 2033, Gali No.2, Gilwali Gate, Guru Gobind Singh Nagar, Amritsar have changed my name from Surjeet Singh to Surjit Singh.

I, Kawaljeet Singh Sahota son of Balbir Singh resident of D-17/1662, Gali No. 7, Kartar Nagar, Chheharta, Amritsar, Punjab, declared that I have changed my name from KAWALJEET SINGH SAHOTA to KAWALJEET SINGH.

I, Atiya W/O Mohammad Nazim R/O House No. 3653, Street No. 4, Tej Mohan Nagar, Basti Sheikh, Jalandhar - 144002, Punjab, India, Have Changed My Name From Atiya To Aatiya.

I, Hardeep Singh S/o Nahar Singh R/o Village Chak Attar Singh Wala, Distt. Bathinda - 151401, Punjab have changed my name from Hardeep Singh Sidhu to Hardeep Singh. All concerned please note.

I, Ranjit Singh S/o Paramjit Singh R/o Chak Kalan, Tehsil Nakodar, PO. Chak Kalan, Distt. Jalandhar - 144042, Punjab have changed my name from Ranjit Singh to Ranjit as given name and Singh as surname. All concerned please note.

I, Rajan S/o Late. Madan Lal R/o Flat No. 903, Block H, Jalandhar Heights 2, 66 ft Road, Jalandhar-144005, Punjab have changed my name from Rajan to Rajan Virdi. All concerned please note.

I, Sunita W/o Davinder Singh R/o Village Bhaini Bangar, Tehsil Qadian, Distt. Gurdaspur, Punjab, India, declare that changed my son name from Navdeep to Navdeep Randhawa.

I, Manjit Singh S/o Joginder Singh R/o VPO. Barn, Teh. Phagwara, Distt. Kapurthala, Punjab have changed my minor daughter name from Ravneet to Ravneet Mehmi. All Please Note.

I, Satto w/o Channa Ram r/o VPO. Sarhal Mundi, Tehsil Phillaur, Distt. Jalandhar, Punjab have changed my name from Satto to Satiya. All Please Note.

I, Sonu s/o Suresh Bhagat r/o Vill. Bulandpur, Po. Nurpur, Distt. Jalandhar have added my surname as Sonu Bhagat (Surname as Bhagat) All Please Note.

I, Varinder Singh s/o Sahib Singh r/o VPO. Zahura, Teh. Dasuya, Distt. Hoshiarpur, Punjab have changed my name from Varinder Singh to Varinderjit Singh. All Please Note.

I, Sanjeev Kumar s/o Amarjeet Singh r/o VPO. Kahma, Banga, Distt. SBS Nagar have changed my name from Sanjeev Kumar to Given name as Sanjeev & Surname as Kumar. All Please Note.

I, MANOJ KUMAR S/o Dharam Pal R/o 40 Thind Enclave PO Basti Guzan Jalandhar declare my Given name as MANOJ and Surname as KUMAR.

## Change of Name

I, Banny B s/o Harbans Lal r/o Jagpalpur, Po. Ranipur, Distt. Kapurthala, Punjab have changed my name from Banny to Banny Bangerh. All Please Note.

I, MANJIT KAUR W/o Dharam Pal, mother of Manoj Kumar, R/o 40, Thind Enclave, P.O. Basti Guzan, Jalandhar, have changed my name from MANJEET KAUR to MANJIT KAUR.

I, Lovepreet Singh S/o Jarnail Singh R/o Vill. Radhan, PO. Dadiala Nazaran, Tehsil Batala, Distt. Gurdaspur, Punjab have changed my name from Lovepreet Singh to Singh Lovepreet (Singh as Surname). Concerned Note.

I, Tamanna Puri W/O Deepak Kumar, R/o Village Budhabar, Po Budhabar, VTC: Budha Bar, PO: Budhabar, Sub District: Mukerian, District: Hoshiarpur, State: Punjab-144221, I have changed the name of my minor Son Naksh aged about 10 Years and He shall hereafter be known as Naksh Kumar.

I, Gursahibpreet Singh Son of Harpal Singh Resident of Vill. Dhariwal, PO. Wadala Granthian, Tehsil Batala, District Gurdaspur, Punjab-143506 have changed my name from Gursahibpreet Singh to Given Name Gursahibpreet & Surname as Singh. Concerned Note.

I, Rajesh Kumar S/o Sudhi Ram R/o H.No. 106, Gurbachan Nagar, Jalandhar-144008, Punjab have changed my minor son's name from Rihan to Rihan Kumar. All concerned please note.

## ਬੇਦਖਲੀ ਨੋਟਿਸ

ਅਸੀਂ, ਰਾਮ ਪ੍ਰਸਾਦ ਪੁੱਤਰ ਹਰੀ ਰਾਮ ਅਤੇ ਕਮਲੇਸ਼ ਪਤਨੀ ਰਾਮ ਪ੍ਰਸਾਦ ਵਾਸੀਆਨ ਮਕਾਨ ਨੰ. 66-ਏ, ਮਿੱਠਾਪੁਰ, ਲੇਨ ਨੰ. 1, ਕੁਲਵੰਤ ਕਲੋਨੀ, ਡਾਕਖਾਨਾ ਮਾਡਲ ਟਾਊਨ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਵਤਾਰ ਕੌਰ ਪਤਨੀ ਤਰਲੋਕ ਸਿੰਘ ਵਾਸੀ ਪਿੰਡ ਚਾਚੋਵਾਲ, ਡਾਕਖਾਨਾ ਦਾਦੂਵਾਲ, ਜਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਉਸਦੀ ਪਤਨੀ ਜਸਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ, ਰਿਹਾਇਸ਼ੀ ਮਕਾਨ ਅਤੇ ਪਲਾਟ ਆਦਿ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਲਕੀਤ ਰਾਮ ਪੁੱਤਰ ਪ੍ਰਕਾਸ਼ ਰਾਮ ਵਾਸੀ ਰਾਏਪੁਰ ਫਰਾਲਾ, ਰਾਏਪੁਰ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਕੁਆਰਾ ਉਮਰ 35 ਸਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਤ੍ਰਿਭੁਵਨ ਰਾਮ ਪੁੱਤਰ ਸੀਤਾ ਰਾਮ ਵਾ ਮਾਨੋ ਦੇਵੀ ਪਤਨੀ ਤ੍ਰਿਭੁਵਨ, ਵਾਸੀ ਮਕਾਨ ਨੰਬਰ ਐਸ-4, ਪਿੰਡ ਚੱਕ ਜਿੰਦਾ, ਗਰੇਨ ਮਾਰਕੀਟ ,ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਸਾਡੇ ਕਹਿਣੇ ਤੋਂ ਬਾਹਰ ਹੈ । ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਭੋਲਾ ਖਾਨ ਪੁੱਤਰ ਬੀਰੂ ਖਾਨ ਵਾਸੀ ਪ੍ਰੀਨਾਂਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲੱਕੀ ਖਾਨ ਅਤੇ ਨੂੰਹ ਨਸੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਦੀਪਕ ਕੁਮਾਰ ਪੁੱਤਰ ਜਨਕ ਰਾਮ ਅਤੇ ਬਲਬਿੰਦਰ ਕੌਰ ਪਤਨੀ ਦੀਪਕ ਕੁਮਾਰ ਵਾਸੀ ਐੱਫ-13/129, ਗਲੀ ਨੰ. 3, ਫਰੈਂਡਜ਼ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦਾਨਿਸ਼, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸੁਧੀਰ ਕੁਮਾਰ ਪੁੱਤਰ ਚਮਨ ਲਾਲ ਵਾਸੀ ਮਕਾਨ ਨੰਬਰ 13, ਜੋਸ਼ੀ ਕਾਲੋਨੀ, ਦ ਮਾਲ ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ਿਵਮ ਅਤੇ ਉਸ ਦੀ ਪਤਨੀ ਨਿਤਯਾ ਪੁਰੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬੇਬੀ ਜੋਨ ਪੁੱਤਰ ਸ੍ਰੀ ਮੁਲਕ ਰਾਜ ਵਾਸੀ ਮਕਾਨ ਨੰ: 509-ਐੱਫ, ਕਿਰਪਾਲ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹੈਰੀ ਮੱਟੂ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਸਾਡੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਨਮਰਜ਼ੀ ਕਰਦਾ ਹੋਇਆ ਅਣਸੁਖਾਵੀਆਂ ਹਰਕਤਾਂ ਕਰਦਾ ਹੈ। ਮੈਂ ਉਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਸੁਰਿੰਦਰ ਜੀਤ ਸਿੰਘ ਰਿਆੜ ਪੁੱਤਰ ਗੁਰਚਰਨ ਸਿੰਘ ਵਾਸੀ ਚੱਕ ਵੱਸਣ, ਡਾਕਖਾਨਾ ਭਾਮ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਇਕਬਾਲ ਸਿੰਘ ਅਤੇ ਇਸ ਦੀ ਪਤਨੀ ਰਾਜਬੀਰ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਗਾ ਰਾਮ ਪੁੱਤਰ ਮੰਦੂ ਰਾਮ, ਵਾਸੀ ਪਿੰਡ ਹੁਸੈਨਪੁਰ, ਤਹਿਸੀਲ ਤਾ ਜ਼ਿਲ੍ਹਾ ਕਪੂਰਥਲਾ, ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਗੁਰਪ੍ਰੀਤ ਕੌਰ ਉਰਫ਼ ਗੋਪੀ ਅਤੇ ਪੋਤਾ ਗੁਰਨੂਰ, ਪੋਤੀ ਕੀਰਤ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਜਿਸ ਕਰਕੇ ਮੈਂ ਆਪਣੀ ਨੂੰਹ ਗੁਰਪ੍ਰੀਤ ਕੌਰ ਉਰਫ਼ ਗੋਪੀ ਅਤੇ ਪੋਤਾ ਗੁਰਨੂਰ, ਪੋਤੀ ਕੀਰਤ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਸਾਰਿਆਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ ਹਰਦੇਵ ਸਿੰਘ ਪੁੱਤਰ ਸ: ਗੁਰਦਿਆਲ ਸਿੰਘ ਵਾਸੀ ਪਿੰਡ ਮਹਿਮਾਂ ਤਹਿਸੀਲ ਅੰਮ੍ਰਿਤਸਰ-1 ਜਿਲਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾ ਕਿ ਮੇਰੇ ਲੜਕੇ ਸੁਰਜਿੰਦਰ ਸਿੰਘ ਅਤੇ ਨੂੰਹ ਨਵਦੀਪ ਕੋਰ, ਹਰਵਿੰਦਰ ਸਿੰਘ ਅਤੇ ਨੂੰਹ ਰੁਪਿੰਦਰ ਕੋਰ, ਦੋਨੋ ਲੜਕੇ ਅਤੇ ਨੂੰਹਾਂ ਮੇਰੇ ਕਹਿਣ ਤੋ ਬਾਹਰ ਹਨ। ਇਹਨਾਂ ਨੂੰ ਮੈ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋ ਬੇਦੱਖਲ ਕਰਦਾਂ ਹਾ ਇਹਨਾਂ ਨਾਲ ਲੇਣ ਦੇਣ ਕਰਨ ਵਾਲਾ ਖੁਦ ਜਿੰਮੇਦਾਰ ਹੋਵੇਗਾ।

ਮੈਂ, ਬਲਵੀਰ ਚੰਦ ਪੁੱਤਰ ਸਾਈਂ ਦਾਸ ਵਾਸੀ ਪਿੰਡ ਛੋਟਾ ਸਾਹੋਵਾਲ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਿਤਾ (ਤਲਾਕਸ਼ੁਦਾ), ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਦਰਸ਼ਨਾ ਚਾਨਨਾ ਪਤਨੀ ਰਾਮ ਸਰੂਪ ਚਾਨਨਾ ਵਾਸੀ ਮਕਾਨ ਨੰ. 7, ਬਿਲਡਿੰਗ ਨੰ: 134, ਸਹਿਦੇਵ ਮਾਰਕੀਟ ਨੇੜੇ ਨਾਮ ਦੇਵ ਚੌਕ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਸੁਨੀਲ ਚਾਨਨਾ ਦੀ ਵਿਧਵਾ ਜੋਤੀ ਚਾਨਨਾ ਦਾ ਲੜਕਾ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋਤੀ ਚਾਨਨਾ ਵਿਧਵਾ ਸੁਨੀਲ ਚਾਨਨਾ ਨੂੰ ਮੈਂ ਪਹਿਲਾ ਹੀ ਬੇਦਖਲ ਕਰ ਚੁੱਕੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਮ ਸਰੂਪ ਪੁੱਤਰ ਕਰਤਾਰ ਸਿੰਘ ਵਾਸੀ ਮਕਾਨ ਨੰ. 7, ਬਿਲਡਿੰਗ ਨੰ: 134, ਸਹਿਦੇਵ ਮਾਰਕੀਟ ਨੇੜੇ ਨਾਮ ਦੇਵ ਚੌਕ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੇ ਪੋਤੇ ਹਰਸ਼ਲ ਅਤੇ ਮੋਹਿਤ ਪੁੱਤਰ ਮਨਵੀਰ ਕੌਰ ਵਿਧਵਾ ਸੁਨੀਲ ਚਾਨਨਾ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮਨਵੀਰ ਕੌਰ ਵਿਧਵਾ ਸੁਨੀਲ ਚਾਨਨਾ ਨੂੰ ਮੈਂ ਪਹਿਲਾ ਹੀ ਬੇਦਖਲ ਕਰ ਚੁੱਕਾ ਹਾਂ। ਮੇਰੇ ਲੜਕੇ ਸੁਨੀਲ ਚਾਨਨਾ ਦੀ ਵਿਧਵਾ ਜੋਤੀ ਚਾਨਨਾ ਦਾ ਲੜਕਾ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋਤੀ ਚਾਨਨਾ ਪਤਨੀ ਸੁਨੀਲ ਚਾਨਨਾ ਨੂੰ ਮੈਂ ਪਹਿਲਾਂ ਹੀ ਬੇਦਖਲ ਕਰ ਚੁੱਕਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਦਰਸ਼ਨਾ ਚਾਨਨਾ ਪਤਨੀ ਰਾਮ ਸਰੂਪ ਚਾਨਨਾ ਵਾਸੀ ਮਕਾਨ ਨੰ. 7, ਬਿਲਡਿੰਗ ਨੰ: 134, ਸਹਿਦੇਵ ਮਾਰਕੀਟ ਨੇੜੇ ਨਾਮ ਦੇਵ ਚੌਕ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਪੋਤੇ ਹਰਸ਼ਲ ਅਤੇ ਮੋਹਿਤ ਪੁੱਤਰ ਮਨਵੀਰ ਕੌਰ ਵਿਧਵਾ ਸੁਨੀਲ ਚਾਨਨਾ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮਨਵੀਰ ਕੌਰ ਵਿਧਵਾ ਸੁਨੀਲਾ ਚਾਨਨਾ ਨੂੰ ਮੈਂ ਪਹਿਲਾ ਹੀ ਬੇਦਖਲ ਕਰ ਚੁੱਕੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਭੋਲੀ ਪਤਨੀ ਵੇਦ ਪ੍ਰਕਾਸ਼ ਵਾਸੀ ਬੀ-11/1001/372, ਸੰਤੋਸ਼ੀ ਨਗਰ, ਜਲੰਧਰ-1, ਡਾਕਖਾਨਾ ਇੰਡਸਟਰੀਅਲ ਟਾਊਨ, ਜਲੰਧਰ, ਹਾਲ ਵਾਸੀ ਝਾਂਸੀ ਕਾਲੋਨੀ, ਨੇੜੇ ਰਾਮਾਂ ਮੰਡੀ ਪੁਲਸ ਥਾਣਾ ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਸ਼ਾਦੀਸ਼ੁਦਾ ਲੜਕੇ ਅਸ਼ਵਨੀ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਅਮਰਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਹਰਦੋਰਵਾਲ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਬਿਆਨ ਹਲਫ਼ੀਆ ਕਰਦੀ ਹਾਂ ਕਿ ਮੇਰੀ ਨੂੰਹ ਰਜਵੰਤ ਕੌਰ ਵਿਧਵਾ ਪਤਨੀ ਜੁਗਰਾਜ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ,ਤੇ ਮੇਰੀ ਸੇਵਾ ਸੰਭਾਲ ਨਹੀਂ ਕਰਦੀ । ਮੈਂ ਆਪਣੀ ਨੂੰਹ ਰਜਵੰਤ ਕੌਰ ਵਿਧਵਾ ਪਤਨੀ ਜੁਗਰਾਜ ਸਿੰਘ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਅਤੇ ਹਰ ਰਿਸ਼ਤੇ ਤੋ ਬੇਦਖਲ ਕਰਦੀ ਹਾਂ,ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ ਦਰਸ਼ਨ ਸਿੰਘ ਪੁੱਤਰ ਹਰਬੰਸ ਸਿੰਘ ਅਤੇ ਦੇਵੀ ਪਤਨੀ ਦਰਸ਼ਨ ਸਿੰਘ ਵਾਸੀਆਨ ਪਿੰਡ ਮਿਸ਼ਰਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਕੁਲਦੀਪ ਸਿੰਘ (ਜੋ ਵਿਦੇਸ਼ ਰਹਿੰਦਾ ਹੈ) ਅਤੇ ਨੂੰਹ ਪ੍ਰੀਤੀ ਪਤਨੀ ਕੁਲਦੀਪ ਸਿੰਘ ਅਤੇ ਸਾਡਾ ਪੋਤਰਾ ਗੁਰਸੇਵਕ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਨੀਤੂ ਪਤਨੀ ਵਿੱਕੀ ਵਾ ਵਿੱਕੀ ਪੁੱਤਰ ਜਗਦੀਸ਼ ਵਾਸੀ ਗਲੀ ਨੰਬਰ 2 ਕੇ ਪੀ ਨੰਗਰ ਜੱਲੋਵਾਲ ਅਬਾਦੀ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬਾਬਾ ਅਰਮਾਨ ਅਤੇ ਉਸਦੀ ਪਤਨੀ ਰਜਨੀ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕਸ਼ਮੀਰ ਕੌਰ ਪਤਨੀ ਮੁਖਤਾਰ ਸਿੰਘ ਵਾਸੀ ਨੱਤ, ਡਾਕ: ਚਾਹਲ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਗੁਰਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਗੁੰਨੋਪੁਰ ਤਹਿਸੀਲ ਤੇ ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੈਂ ਹੁਣ ਆਪਣਾ ਨਾਂਓ ਗੁਰਵਿੰਦਰ ਸਿੰਘ ਤੋਂ ਬਦਲ ਕੇ ਸਿੰਘ ਗੁਰਵਿੰਦਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਅੰਸ਼ਿਕਾ ਰਾਜਭਰ ਪੁੱਤਰੀ ਵਿਨੇ ਕੁਮਾਰ ਵਾਸੀ ਵਾਰਡ ਨੰਬਰ 1, ਬੁਢਲਾਡਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦੀ ਹਾਂ ਕਿ ਮੇਰੇ ਆਧਾਰ ਕਾਰਡ ਵਿਚ ਮੇਰਾ ਨਾਂਅ ਪ੍ਰੇਮ ਲਤਾ (Prem Lata) ਪੁੱਤਰੀ ਵਿਜੇ ਕੁਮਾਰ (Vijay Kumar) ਹੈ ਜੋ ਕਿ ਗਲਤ ਹੈ। ਹੁਣ ਮੇਰਾ ਸਹੀ ਨਾਂਅ ਅੰਸ਼ਿਕਾ ਰਾਜਭਰ (Anshika Rajbhar) ਪੁੱਤਰੀ ਵਿਨੇ ਰਾਜਭਰ (Vinay Rajbhar) ਹੈ। ਠੀਕ ਕੀਤਾ ਜਾਵੇ।

ਮੈਂ, ਹਰਪ੍ਰੀਤ ਕੌਰ ਪਤਨੀ ਪਵਿੱਤਰ ਜੀਤ ਵਾਸੀ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ। ਮੈਂ ਆਪਣੀ ਨਾਬਾਲਗ ਬੇਟੀ ਦਾ ਨਾਂਅ ਅਨੀਕਾ ਤੋਂ ਬਦਲ ਕੇ ਅਨੀਕਾ ਗੰਗੜ ਰੱਖ ਦਿੱਤਾ ਹੈ।

ਮੈਂ ਹਰਮੇਸ਼ ਕੁਮਾਰ ਪੁੱਤਰ ਸਤ ਪਾਲ, ਵਾਸੀ ਮਕਾਨ ਨੰਬਰ 579, ਗਲੀ ਨੰਬਰ 2, ਅਬਾਦਪੁਰਾ, ਜਲੰਧਰ ਨੇ ਆਪਣਾ ਨਾਮ ਹਰਮੇਸ਼ ਤੋਂ ਬਦਲ ਕੇ ਹਰਮੇਸ਼ ਕੁਮਾਰ ਰੱਖ ਲਿਆ ਹੈ।

ਮੈਂ ਵਰੁਣ ਕੁਮਾਰ ਪੁੱਤਰ ਚੇਤਨ ਦੇਵ, ਵਾਸੀ ਪੱਤੀ ਕੁਰਾਲਾ ਦੀ, ਜਮਸ਼ੇਰ ਖਾਸ, ਜਲੰਧਰ ਨੇ ਮੇਰੇ ਨਾਬਾਲਗ ਪੁੱਤਰ ਦਾ ਨਾਂ ਹੇਮਾਂਗ ਤੋਂ ਬਦਲ ਕੇ ਹੇਮਾਂਗ ਸ਼ਰਮਾ ਰੱਖ ਲਿਆ ਹੈ।

ਮੈਂ ਤਰੁਣ ਪੁੱਤਰ ਕੇਵਲ ਕੁਮਾਰ , ਵਾਸੀ ਮਕਾਨ ਨੰਬਰ ਡੀ-170, ਨਿਊ ਦਸ਼ਮੇਸ਼ ਨਗਰ, ਜਲੰਧਰ ਨੇ ਆਪਣਾ ਨਾਮ ਤਰੁਣ ਤੋਂ ਬਦਲ ਕੇ ਤਰੁਣ ਕੁਮਾਰ ਰੱਖ ਲਿਆ ਹੈ।

ਮੈਂ, ਅਮਰਜੀਤ ਕੌਰ ਪਤਨੀ ਰਮੇਸ਼ ਕੁਮਾਰ ਬੰਗੜ ਵਾਸੀ ਪਿੰਡ ਰਾਏਪੁਰ, ਡੱਬਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਨਵਾਂਸ਼ਹਿਰ ਨੇ ਆਪਣਾ ਨਾਮ ਅਮਰਜੀਤ ਕੌਰ ਤੋਂ ਬਦਲ ਕੇ ਅਮਰਜੀਤ ਕੌਰ ਬੰਗੜ ਰੱਖ ਲਿਆ ਹੈ।

ਮੈਂ, ਬਲਵੀਰ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਲੜਕੀ ਦਾ ਨਾਮ ਹਰਮਨਪ੍ਰੀਤ ਤੋਂ ਬਦਲ ਕੇ ਹਰਮਨਪ੍ਰੀਤ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਦਸਤਾਵੇਜ਼ ਗੁੰਮ

ਮੈਂ ਬਲਜੀਤ ਕੌਰ ਪਤਨੀ ਹਰਭਜਨ ਸਿੰਘ ਵਾਸੀ ਮਕਾਨ ਨੰਬਰ 28, ਕਾਹਨੂੰਵਾਨ ਰੋਡ, ਪਾਰਕ ਐਵੀਨਿਊ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰੀ ਇੱਕ ਰਜਿਸਟਰੀ ਵਸੀਕਾ ਨੰਬਰ 4108 ਮਿਤੀ 25.10.2010 ਤਹਿਸੀਲ ਬਟਾਲਾ, ਮੇਰੇ ਕੋਲੋਂ 21.09.2026 ਨੂੰ ਕਿਤੇ ਗੁੰਮ ਗਈ ਹੈ । ਜੇਕਰ ਕਿਸੇ ਨੂੰ ਮਿਲੇ ਤਾਂ ਉਕਤ ਪਤੇ ਤੇ ਸੂਚਿਤ ਕਰੇ । ਮੈਂ ਇਹ ਰਜਿਸਟਰੀਆਂ ਲੋਨ ਲੈਣ ਲਈ ਕੈਨਰਾ ਬੈਂਕ ਦੀ ਜੈਂਤੀਪੁਰ ਸ਼ਾਖਾ ਨੂੰ ਜਮਾਂ ਕਰਵਾਉਣ ਲਈ ਪਾਬੰਦ ਹੋਵਾਂਗੀ ।

## ਆਮ ਸੂਚਨਾ

ਮੈਂ, ਨਵਦੀਪ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਪਿੰਡ ਜਹੂਰਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਰਕਬਾ ਪਿੰਡ ਆਲਮਪੁਰ (ਜਮਾਬੰਦੀ 2022-2023) ਤਹਿਸੀਲ ਜਲੰਧਰ-2 (ਕਰਤਾਰਪੁਰ) ਜ਼ਿਲ੍ਹਾ ਜਲੰਧਰ ਵਿੱਚ ਮੇਰਾ ਨਾਮ ਨਵਜੀਤ ਕੌਰ ਪੁੱਤਰੀ ਹਰਜਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਹੈ, ਜਦ ਕਿ ਮੇਰੇ ਸਾਰੇ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਨਵਦੀਪ ਕੌਰ ਪੁੱਤਰੀ ਹਰਜਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਹੈ। ਨਵਦੀਪ ਕੌਰ ਅਤੇ ਨਵਜੀਤ ਕੌਰ ਇੱਕ ਹੀ ਵਿਅਕਤੀ ਦੇ ਤੇ ਮੇਰੇ ਹੀ ਨਾਮ ਹਨ। ਸੰਬੰਧਿਤ ਨੋਟ ਕਰਨ।

ਮੈਂ, ਜਸਵੀਰ ਕੌਰ ਵਿਧਵਾ ਕੁਲਵਿੰਦਰ ਸਿੰਘ ਵਾਸੀ ਪਿੰਡ ਕੰਡਾਲੀਆਂ, ਡਾਕਖਾਨਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਕਹਿਣੇਕਾਰ ਹੈ। ਮੈਂ ਉਸ ਦੀ ਸੇਵਾ ਤੋਂ ਖੁਸ਼ ਹਾਂ। ਉਸ ਦੀ ਬੇਦਖਲੀ ਰੱਦ ਕੀਤੀ ਜਾਂਦੀ ਹੈ। ਉਹ ਮੇਰੀ ਚੱਲ-ਅਚੱਲ ਜਾਇਦਾਦ ਦਾ ਪੂਰਾ ਹੱਕਦਾਰ ਹੈ। ਸੰਬੰਧਤ ਨੋਟ ਕਰੋ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: XII AP/8417A (C.A. No. 3004471187), 12.50 ਬੀ ਐੱਚ ਪੀ, ਜੋ ਕਿ ਚਰਨ ਸਿੰਘ ਪੁੱਤਰ ਸ੍ਰੀ ਠਾਕੁਰ ਸਿੰਘ ਵਾਸੀ ਪਿੰਡ ਬਲੇਰਖਾਨਪੁਰ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਪਿੰਡ ਬਲੇਰਖਾਨਪੁਰ ਜ਼ਿਲ੍ਹਾ ਕਪੂਰਥਲਾ ਵਿਚ ਮੌਜੂਦ ਹੈ। ਇਹ ਕੁਨੈਕਸ਼ਨ ਸ੍ਰੀ ਗੁਰਦੀਪ ਸਿੰਘ ਪੁੱਤਰ ਸ੍ਰੀ ਚਰਨ ਸਿੰਘ ਵਾਸੀ ਪਿੰਡ ਬਲੇਰਖਾਨਪੁਰ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ। ਸਹਾਇਕ ਕਾਰਜਕਾਰੀ ਇੰਜੀ. (ਵੰਡ), ਉਪ ਮੰਡਲ ਕਾਲਾ ਸੰਘਿਆਂ।

ਖਾਤਾ ਨੰਬਰ ਏ ਪੀ 02/121, ਜੋ ਕਿ ਪਿੰਡ ਬਖਸ਼ੀਵਾਲਾ ਵਿਖੇ ਸੁਰਜਨ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਬਖਸ਼ੀਵਾਲਾ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਨੈਬ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਬਖਸ਼ੀਵਾਲਾ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ PSPCL ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 17/1171 ਹਰਮਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਅੰਗਾਕੀੜੀ ਤੋਂ ਨਾਂਅ ਬਦਲੀ ਕਰਕੇ ਰਜਵਿੰਦਰ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 18/0732 ਸੋਹਣ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਉਧੋਵਾਲ ਤੋਂ ਨਾਂਅ ਬਦਲੀ ਕਰਕੇ ਹਰਬੰਸ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਉਧੋਵਾਲ ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਵਧੀਕ ਸਹਾਇਕ ਇੰਜੀਨੀਅਰ ਪਾਵਰਕਾਮ ਲਿਮਟਿਡ ਪਰਜੀਆਂ ਕਲਾਂ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਸੂਚਿਤ ਕੀਤਾ ਜਾਂਦਾ ਹੈ ਕਿ ਇਕ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ: ਜੀ 16 ਏ 104-0220 ਕੇ, ਜੋ ਕਿ ਸ੍ਰੀ ਕਰਨੈਲ ਸਿੰਘ ਪੁੱਤਰ ਸ੍ਰੀ ਬੁਵਾ ਸਿੰਘ ਲੋਡ : 6 ਬੀ ਐੱਚ ਪੀ ਪਿੰਡ ਭੰਬੋਈ ਸ/ਡ ਪੰਜ ਗਰਾਈਆਂ ਪੀ. ਐੱਸ. ਪੀ. ਸੀ. ਐੱਲ. ਅਧੀਨ ਚੱਲਦਾ ਹੈ। ਜਿਸ ਦੀ ਨਾਂਅ ਬਦਲੀ ਲਈ ਸ੍ਰੀਮਤੀ ਮਨਜੀਤ ਕੌਰ ਪਤਨੀ ਲਖਵਿੰਦਰ ਸਿੰਘ ਵੱਲੋਂ ਅਪਲਾਈ ਕਰਨ ਲਈ ਬੇਨਤੀ ਕੀਤੀ ਗਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ 15 ਦਿਨਾਂ ਦੇ ਅੰਦਰ-ਅੰਦਰ ਸ/ਡ ਪੰਜ ਗਰਾਈਆਂ ਪੀ. ਐੱਸ. ਪੀ. ਸੀ. ਐੱਲ ਵਿਖੇ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕਾਰਵਾਈ ਕਰ ਦਿੱਤੀ ਜਾਵੇਗੀ।

ਟਿਊਬਵੈੱਲ ਕੁਨੈਕਸ਼ਨ ਲੇਖਾ ਨੰਬਰ 3003790091 ਪੰਜ ਹਾਰਸ ਪਾਵਰ ਕੁੰਨਣ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਪਿੰਡ ਚੌੜਾ ਬਾਜਵਾ ਵਾਕਿਆ ਪਿੰਡ ਚੌੜਾ ਚਲਦਾ ਕੁੰਨਣ ਸਿੰਘ ਦੀ ਮੌਤ ਹੋਣ ਉਪਰੰਤ ਘਰੇਲੂ ਵੰਡ ਦੌਰਾਨ ਸੁਖਵੰਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਚੌੜਾ ਬਾਜਵਾ ਵੱਲੋਂ ਆਪਣੇ ਨਾਮ ਤੇ ਤਬਦੀਲ ਕਰਵਾਉਣ ਸਬੰਧੀ ਹਲਫੀਆਂ ਬਿਆਨ ਦਿੱਤਾ ਗਿਆ ਹੈ । ਟਿਊਬਵੈੱਲ ਕੁਨੈਕਸ਼ਨ ਕੁੰਨਣ ਸਿੰਘ ਦੇ ਨਾਮ ਤੋ ਬਦਲੀ ਹੋ ਕੇ ਸੁਖਵੰਤ ਸਿੰਘ ਦੇ ਨਾਮ ਹੋਣ ਜਾ ਰਿਹਾ ਹੈ ।ਇਸ ਸੰਬੰਧੀ ਇਤਰਾਜ਼ 7 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ । ਸੰਬੰਧਤ ਨੋਟ ਕਰਨ । ?

ਟਿਊਬਵੈੱਲ ਕੁਨੈਕਸ਼ਨ ਲੇਖਾ ਨੰਬਰ 3003790095 ਪੰਜ ਹਾਰਸ ਪਾਵਰ ਕੁੰਨਣ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਪਿੰਡ ਚੌੜਾ ਬਾਜਵਾ ਵਾਕਿਆ ਪਿੰਡ ਚੌੜਾ ਚਲਦਾ ਕੁੰਨਣ ਸਿੰਘ ਦੀ ਮੌਤ ਹੋਣ ਉਪਰੰਤ ਘਰੇਲੂ ਵੰਡ ਦੌਰਾਨ ਕਰਮਜੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਚੌੜਾ ਬਾਜਵਾ ਵੱਲੋਂ ਆਪਣੇ ਨਾਮ ਤੇ ਤਬਦੀਲ ਕਰਵਾਉਣ ਸਬੰਧੀ ਹਲਫੀਆਂ ਬਿਆਨ ਦਿੱਤਾ ਗਿਆ ਹੈ । ਟਿਊਬਵੈੱਲ ਕੁਨੈਕਸ਼ਨ ਕੁੰਨਣ ਸਿੰਘ ਦੇ ਨਾਮ ਤੋ ਬਦਲੀ ਹੋ ਕੇ ਕਰਮਜੀਤ ਸਿੰਘ ਦੇ ਨਾਮ ਹੋਣ ਜਾ ਰਿਹਾ ਹੈ ।ਇਸ ਸੰਬੰਧੀ ਇਤਰਾਜ਼ 7 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ । ਸੰਬੰਧਤ ਨੋਟ ਕਰਨ ।

ਮੈਂ, ਹਰਮਿੰਦਰਪਾਲ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਪਿੰਡ ਰਸੂਲਪੁਰ, ਡਾਕਖਾਨਾ ਪੁਰਾਣਾ ਸ਼ਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਇਕ ਟਿਊਬਵੈੱਲ ਕੁਨੈਕਸ਼ਨ 3 ਹਾਰਸ ਪਾਵਰ ਜਿਸ ਦਾ ਨੰਬਰ 0365 ਸੁਲੱਖਨ ਸਿੰਘ ਪੁੱਤਰ ਸੋਹਣ ਸਿੰਘ ਹੈ। ਇਸ ਨੂੰ ਹੁਣ ਹਰਮਿੰਦਰਪਾਲ ਸਿੰਘ ਦੇ ਨਾਂਅ 'ਤੇ ਬਦਲੀ ਕਰ ਰਿਹਾ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਸ/ਡ ਪੀ ਐੱਸ ਪੀ ਸੀ ਐੱਲ ਪੰਡੋਰੀ ਵਿਖੇ ਇਤਰਾਜ਼ ਪੇਸ਼ ਕਰੇ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: 3005075584, 7.5 ਹਾਰਸ ਪਾਵਰ, ਜੋ ਗੁਰਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਗਲੀ ਮੀਆਂ ਵਾਲੀ, ਪੰਡੋਰੀ ਗੋਲਾ ਰੋਡ, ਮੁਰਾਦਪੁਰ, ਤਰਨ ਤਾਰਨ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਗੁਰਵਿੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਮਕਾਨ ਨੰ: 100 ਨਗੀਨਾ ਐਵੀਨਿਊ, ਮਜੀਠਾ ਰੋਡ ਅੰਮ੍ਰਿਤਸਰ ਦੇ ਨਾਂਅ 'ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਂਅ ਦੇ ਤਬਦੀਲ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਗਿਲਵਾਲੀ ਨਾਲ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕੋਈ ਵੀ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## PUBLIC NOTICE

I, Santosh Kumari W/o Kulwant Singh R/o Village Kila Nathu Singh Post Office Bhakhariwal Distt. Gurdaspur hereby disown my Son Shiv Kumar and daughter in-law Savita Devi from my all moveable and immovable property. I shall not be responsible for their any kind of act. Please note.

## ADMISSION NOTICE

Counselling for LL.B (3 years) Management Quota in KCL Institute of Laws,Jalandhar will be held on 30.9.2026 at 11.00 am in the college campus. Interested students may submit their applications on prescribed form by 29.9.2026 .Hostel facility available. Principal

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਬਲਜੀਤ ਸਿੰਘ ਗੋਰਾਇਆ ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2019-20 ਵਾਕਿਆ ਪਿੰਡ ਸ਼ਾਹਪੁਰ ਦੇ ਖਾਤਾ ਖਤੌਨੀ ਨੰ: 146/236, 147/237, 148/238 ਦੇ ਖਾਨਾ ਮਾਲਕੀ ਵਿਚ ਆਪਣੇ ਪਿਤਾ ਦਾ ਨਾਂਅ ਮਿਲਖਾ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਦੀ ਥਾਂ 'ਤੇ ਮਿਲਖਾ ਸਿੰਘ ਉਰਫ ਮਲਕੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਦੇ ਨਾਂਅ ਦਾ ਇੰਦਰਾਜ਼ ਕਰਵਾਉਣ ਬਾਰੇ।

ਵਿਸ਼ਾ: ਨੋਟਿਸ ਬਨਾਮ ਜਨਰਲ ਪਬਲਿਕ

ਨਿਮਨ ਹਸਤਾਖਰ ਦੀ ਅਦਾਲਤ ਵਿੱਚ ਲਵਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਸ਼ਾਹਪੁਰ ਨੇ ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2019-20 ਵਾਕਿਆ ਪਿੰਡ ਸ਼ਾਹਪੁਰ ਦੇ ਖਾਤਾ ਖਤੌਨੀ ਨੰ:146/236, 147/237, 148/238 ਦੇ ਖਾਨਾ ਮਾਲਕੀ ਵਿੱਚ ਆਪਣੇ ਪਿਤਾ ਦਾ ਨਾਂਅ ਮਿਲਖਾ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਦੀ ਥਾਂ 'ਤੇ ਮਿਲਖਾ ਸਿੰਘ ਉਰਫ ਮਲਕੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਖੁਸ਼ਹਾਲ ਸਿੰਘ ਦੇ ਨਾਂਅ ਦਾ ਇੰਦਰਾਜ਼ ਕਰਵਾਉਣ ਬਾਰੇ ਆਪਣੀ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ।ਇਸ ਲਈ ਇਸ ਇਸ਼ਤਿਹਾਰ ਅਖਬਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਅਖਬਾਰ ਵਿੱਚ ਪ੍ਰਕਾਸ਼ਤ ਹੋਣ ਤੋਂ ਬਾਅਦ 21 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਤੇ ਉਪਰੋਕਤ ਨਾਂਅ ਦਾ ਮਾਲ ਰਿਕਾਰਡ ਵਿਚ ਇੰਦਰਾਜ਼ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ

ਨੰਬਰ/ਰੀਡਰ/ਐੱਨ.ਟੀ:/332 ਮਿਤੀ: 21/9/2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਕੁਲੈਕਟਰ, ਅੰਮ੍ਰਿਤਸਰ

ਕੇਸ ਅਨੁਵਾਨ : ਨਰਿੰਦਰ ਸਿੰਘ ਬਨਾਮ ਸਤਨਾਮ ਸਿੰਘ ਰਾਹੀਂ ਵਾਰਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਲੈਂਡ ਰੈਵੀਨਿਊ ਐਕਟ U/s 13 ਦੇ ਅਧੀਨ ਸਹਾਇਕ ਕੁਲੈਕਟਰ-1, ਅੰਮ੍ਰਿਤਸਰ ਦੇ ਹੁਕਮ ਮਿਤੀ 29.04.2026 ਵਿਰੁੱਧ ਮਾਲ ਅਪੀਲ ਦਾਇਰ ਕੀਤੀ ਹੈ। ਜਿਸ ਵਿਚ 1) ਰਘਬੀਰ ਸਿੰਘ 2) ਦਲਬੀਰ ਸਿੰਘ 3) ਮਹਾਨੋ ਵਾਸੀ 4) ਲਖਬੀਰ ਸਿੰਘ ਪੁੱਤਰ ਨਰੰਜਨ ਸਿੰਘ ਪਿੰਡ ਨੰਗਲੀ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਹਾਜ਼ਰੀ ਲੋੜੀਂਦੀ ਹੈ। ਉਪਰੋਕਤ ਉੱਤਰਵਾਦੀ ਧਿਰਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ਼ਤਿਹਾਰ ਰਾਹੀਂ ਉਪਰੋਕਤ ਉੱਤਰਵਾਦੀ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਮਿਤੀ 06.10.2026 ਨੂੰ ਇਸ ਅਦਾਲਤ ਵਿਚ ਹਾਜ਼ਰ ਹੋਣਾ ਯਕੀਨੀ ਬਣਾਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਉੱਤਰਵਾਦੀ ਧਿਰਾਂ ਖਿਲਾਫ ਨਿਯਮਾਂ ਅਨੁਸਾਰ ਇੱਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਬਾਅਦ ਵਿਚ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ। ਇਹ ਇਸ਼ਤਿਹਾਰ ਅੱਜ ਮਿਤੀ 06.10.26 ਨੂੰ ਮੇਰੇ ਹਸਤਾਖਰਾਂ ਹਿੱਤ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਵਧੀਕ ਡਿਪਟੀ ਕਮਿਸ਼ਨਰ-ਕਮ-ਕੁਲੈਕਟਰ, ਅੰਮ੍ਰਿਤਸਰ

ਨੰਬਰ ਰੀਡਰ/ਏ.ਡੀ.ਸੀ/ 270 ਮਿਤੀ : 15/9/26

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰਨਦੀਪ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਨੌਸ਼ਹਿਰਾ ਮੱਝਾ ਸਿੰਘ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ।

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਮਨਜੀਤ ਕੌਰ ਪਤਨੀ ਨਾਥ ਸਿੰਘ ਵਾਸੀ ਵਰਿਆਮ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਨੇ ਨਿਮਨ ਹਸਤਾਖਰ ਨੂੰ ਦਰਖਾਸਤ ਦਿੱਤੀ ਹੈ ਕਿ ਉਸ ਦਾ ਨਾਂਅ ਮਨਜੀਤ ਕੌਰ ਪਤਨੀ ਨਾਥ ਸਿੰਘ ਹੈ। ਪਿੰਡ ਨੌਸ਼ਹਿਰਾ ਮੱਝਾ ਸਿੰਘ ਹਦਬਸਤ ਨੰਬਰ 470 ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਮਾਲ ਰਿਕਾਰਡ ਵਿਚ ਉਸ ਦਾ ਨਾਂਅ ਜੋਗਿੰਦਰ ਕੌਰ ਪੁੱਤਰੀ ਊਧਮ ਸਿੰਘ ਦਰਜ ਹੈ, ਜੋ ਕਿ ਇਹ ਨਾਂਅ ਮੇਰੇ ਪੇਕੇ ਘਰ ਦਾ ਹੈ। ਇਸ ਲਈ ਪਿੰਡ ਨੌਸ਼ਹਿਰਾ ਮੱਝਾ ਸਿੰਘ ਦੇ ਮਾਲ ਰਿਕਾਰਡ ਵਿਚ ਉਸ ਦੇ ਸਹੀ ਨਾਂਅ ਮਨਜੀਤ ਕੌਰ ਪੁੱਤਰੀ ਊਧਮ ਸਿੰਘ ਕਰਨ ਦੀ ਬੇਨਤੀ ਕੀਤੀ ਹੈ।ਉਸ ਦੀ ਦਰਖਾਸਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮੀਮੋ ਨੰਬਰ 25/78/2012-ਭ.ਮ.-2/12445-71 ਚੰਡੀਗੜ੍ਹ, ਮਿਤੀ 26-07-2013 ਦੀ ਰੌਸ਼ਨੀ ਵਿਚ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ 7.28 ਮੁਤਾਬਕ ਮਨਜੀਤ ਕੌਰ ਪੁੱਤਰੀ ਊਧਮ ਸਿੰਘ ਦਰੁਸਤ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਸ ਨਾਂਅ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਖ਼ਬਾਰ ਵਿਚ ਇਤਿਹਾਰ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੇ ਦਫਤਰ ਵਿਚ ਅਸਾਲਤਨ ਜਾਂ ਵਕਾਲਤਨ ਪੇਸ਼ ਕਰ ਸਕਦਾ ਹੈ । ਮਿਆਦੇ ਗੁਜ਼ਰਨ ਪਰ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਮੱਝਾ ਸਿੰਘ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ।

ਨੰ: 398/ਰੀਡਰ ਮਿਤੀ : ਮਿਤੀ : 21-09-2026

## COURT NOTICE

In the Court of
Sh. Dasvinder Singh
Judicial Magistrate - Ist Class
Ludhiana
CNR No. :- PBLD03-049740-2024
Next Date:-23-10-2026
Ranjit Sharma
Vs. Paramjit Kaur

Detail of Offence:-
Notice To:
Paramjit Kaur
Spouse : Pyara Singh
468, Dashmesh Nagar, Dhuri, Distt. Sangrur

In above titled case, the accused could not be served. It is ordered that accused should appear in person or through counsel on 23-10-2026 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate - Ist Class Ludhiana

Dated, this day of 12-09-2026

## COURT NOTICE

(U/o 5 Rule 20 CPC)
In the Court of
Ms. Harpreet Kaur Randhawa
District and Sessions Judge, Ludhiana
CNR No. PBLD01-024293-2025
Next Date:- 19-10-2026

Bikkar Singh (Now Deceased) Through Lrs. Kulwinder Kaur (2) Jasimeen (3) Jaskaran Singh
Vs.
Piyaro (Now Deceased) Wd/O Kartar Singh Through Lrs.

Publication Issued To:
Piyaro (Now Deceased) Widow of Kartar Singh S/o Shammu Ram, Resident of Village Bonkar Dogran, Tehsil and District Ludhiana, Through LRs.

(1) Vijay Kumar (Son) (2) Dwarka Dass (son) (3) Yodh Parkash (son) (4) Amarjit (daughter) (5) Deepa (daughter) (6) Bholan (daughter) (7). Bhajji (daughter), All resident of Village Bonker Dongran, Tehsil and District Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19-10-2026 at 10:00 a.m.

For details logon to https://highcourtchd.gov.in/?mod=district notice&district=mogacourt

District and Sessions Judge, Ludhiana

Dated, this day of 21-09-2026

## COURT NOTICE

(U/o 5 Rule 20 CPC)
In the Court of
Hasan Deep Singh Bajwa
Additional Civil Judge (Senior Division), Kharar
CNR No. PBSAA0-001406-2026
Next Date:- 21-11-2026
SUCC/12/2026

Manjit Kaur W/o Late. Gurpreet Singh R/o Villa 318B Mulberry Vilas Sector 5 Omaxe, New Chandigarh Mullanpur, Distt. SAS Nagar Mohali 2. Tegbir Singh S/O Late. Gurpreet Singh R/O H.No. 829, Shivalik City, Sector 127, Kharar, Distt. Mohali 3. Rajbir Singh S/o Late. Gurpreet Singh R/o Vill. 318B, Mulberry Vilas Sector 5, Omaxe, New Chandigarh Mullanpur, Distt. Mohali
Vs. General Public

Publication Issued To:
General Public
:- General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 21-11-2026 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Kharar

Dated, this day of 21-09-2026

LPU DISTANCE EDUCATION
Bridging the Distance in Education
Recognized/Entitled by UGC
NAAC GRADE A++
University Grants Commission (UGC - DEB) ਦੁਆਰਾ ਮਾਨਤਾ ਪ੍ਰਾਪਤ
ਨਿੱਜੀ ਸੰਪਰਕ ਪ੍ਰੋਗਰਾਮ ਲਈ ਰਜਿਸਟਰੇਸ਼ਨ ਸ਼ੁਰੂ
LPU ਡਿਸਟੈਂਸ ਐਜੂਕੇਸ਼ਨ ਦੇ ਅਗਸਤ 2026 ਸੈਸ਼ਨ ਦੇ ਸਾਰੇ ਨਵੇਂ ਅਤੇ ਮੌਜੂਦਾ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਤੇ ਗਏ ਸੈਸ਼ਨ ਦੀਆਂ ਨਿੱਜੀ ਸੰਪਰਕ ਪ੍ਰੋਗਰਾਮ-Personal Contact Programme (PCP) ਕਲਾਸਾਂ ਲਈ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ| PCP ਲਈ LPU e-Connect ਰਾਹੀਂ ਰਜਿਸਟਰ ਕੀਤਾ ਜਾ ਸਕਦਾ ਹੈ:
LPU e-Connect --> PCP --> PCP Registration
For more details, visit the announcement section of LPU e-Connect.
Visit: www.lpude.in Call: 01824-521360

# ਜੇ ਈ ਸੁਖਰਾਜ ਸਿੰਘ ਨੇ ਸੰਭਾਲਿਆ ਕਾਰਜਭਾਰ



ਧਾਰੀਵਾਲ/ਕਾਹਨੂੰਵਾਨ (ਮਨਦੀਪ ਵਿੱਕੀ )- ਪਾਵਰਕੌਮ ਸਬ ਡਵੀਜ਼ਨ ਕਾਹਨੂੰਵਾਨ ਵਿਖੇ ਨਵੇਂ ਨਿਯੁਕਤ ਜੂਨੀਅਰ ਇੰਜੀਨੀਅਰ (ਇਲੈਕਟਰੀਕਲ) ਸੁਖਰਾਜ ਸਿੰਘ ਨੇ ਮੰਗਲਵਾਰ ਰਸਮੀ ਤੌਰ 'ਤੇ ਆਪਣੀ ਡਿਊਟੀ ਜੁਆਇਨ ਕਰ ਲਈ । ਇਸ ਮੌਕੇ ਉਪ ਮੰਡਲ ਅਫ਼ਸਰ ਕਵਲਜੀਤ ਸਿੰਘ ਵੱਲੋਂ ਉਹਨਾਂ ਨੂੰ ਡਿਊਟੀ 'ਤੇ ਜੁਆਇਨ ਕਰਵਾਇਆ ਅਤੇ ਸਮੂਹ ਸਟਾਫ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਐਸ.ਡੀ.ਓ. ਕਵਲਜੀਤ ਸਿੰਘ ਨੇ ਕਿਹਾ ਕਿ ਵਿਭਾਗ ਵਿੱਚ ਨਵੇਂ ਅਫ਼ਸਰਾਂ ਦੇ ਆਉਣ ਨਾਲ ਕੰਮ ਵਿੱਚ ਹੋਰ ਤੇਜ਼ੀ ਆਵੇਗੀ। ਜੇ.ਈ. ਸੁਖਰਾਜ ਸਿੰਘ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਖਪਤਕਾਰਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਤੋਂ ਵਧੀਆ ਸੇਵਾਵਾਂ ਦੇਣ ਨੂੰ ਤਰਜੀਹ ਦੇਣਗੇ।ਇਸ ਮੌਕੇ ਤੇ ਜੇ.ਈ. ਜਸਪਾਲ ਸਿੰਘ, ਜੇ.ਈ. ਸਤਵਿੰਦਰ ਸਿੰਘ, ਲਾਈਨਮੈਨ ਪ੍ਰਭਜੀਤ ਸਿੰਘ, ਪ੍ਰੇਮ ਸਿੰਘ ਸੁਲਤਾਨਪੁਰ, ਜੋਬਨਪ੍ਰੀਤ ਸਿੰਘ ਸਮੇਤ ਹੋਰ ਕਰਮਚਾਰੀ ਹਾਜ਼ਰ ਸਨ।

## ਖੇਤੀ ਸੰਦਾਂ ਦੀ ਨਿਲਾਮੀ

ਦੀ ਝੰਡਾ ਲੁਬਾਣਾ ਬਹੁ-ਮੰਤਵੀ ਸਹਿਕਾਰੀ ਸਭਾ ਲਿਮਟਿਡ ਝੰਡਾ ਲੁਬਾਣਾ (ਗੁਰਦਾਸਪੁਰ) ਵਿਖੇ ਸੰਦਾਂ ਦੀ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ ਵਿਚ 1. ਹੈਪੀ ਸੀਡਰ, 2. ਜ਼ੀਰੋ ਟਿਲ ਡਰਿੱਲ, 3. ਲੇਜਰ ਲੈਵਲਰ, 4. ਰੂਟਾਵੇਟਰ, 5. ਰੋਟਰੀ ਸਲੈਂਡਰ, 6. ਐਮ.ਪੀ ਪਲੋਅ, 7. ਮਲਚਰ, 8. ਟਰੈਕਟਰ ਮਹਿੰਦਰਾ ਅਰਜੁਨ 605 ਆਦਿ ਦੀ ਖੁੱਲ੍ਹੀ ਬੋਲੀ 01-10-2026 ਨੂੰ 11.00 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ । ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ ਅਤੇ ਸਾਰੇ ਅਧਿਕਾਰ ਪ੍ਰਬੰਧਕ ਕਮੇਟੀ ਕੋਲ ਹੋਣਗੇ ।

ਪ੍ਰਧਾਨ ਪਰਮਜੀਤ ਸਿੰਘ 98766-98734 ਸਕੱਤਰ ਗੁਰਪ੍ਰੀਤ ਸਿੰਘ 97793-99787

## ਖੇਤੀ ਸੰਦਾਂ ਦੀ ਨਿਲਾਮੀ

ਦੀ ਚੱਕ ਸ਼ਰੀਫ ਬਹੁ ਮੰਤਵੀ ਸਹਿਕਾਰੀ ਸਭਾ ਲਿਮਟਿਡ (ਚੱਕ ਸ਼ਰੀਫ) ਜ਼ਿਲ੍ਹਾ ਗੁਰਦਾਸਪੁਰ ਵਿਖੇ ਸੰਦਾਂ ਦੀ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ ਵਿਚ 1 ਟਰੈਕਟਰ ਅਰਜਨ ਨੋਵਾ 605, 2 ਰੂਟਾਵੇਟਰ, 3 ਹੱਲਾ, 4 ਲੇਜ਼ਰ ਲੈਵਲਰ, 5 ਜ਼ੀਰੋ ਟਿਲ ਡਰਿੱਲ, 6 ਹੈਪੀ ਸੀਡਰ ਆਦਿ ਦੀ ਖੁੱਲ੍ਹੀ ਬੋਲੀ ਮਿਤੀ 05-10-2026 ਨੂੰ 11.00 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ ਅਤੇ ਸਾਰੇ ਅਧਿਕਾਰ ਪ੍ਰਬੰਧਕ ਕਮੇਟੀ ਕੋਲ ਹੋਣਗੇ।

ਪ੍ਰਧਾਨ ਜਸਬੀਰ ਕੌਰ 98156-72908 ਸਕੱਤਰ ਸੁਖਜਿੰਦਰ ਸਿੰਘ 98723-24729

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ

Ph. No. 98144-63422 Email: hsp.gsssmahilpurgirls@punjabeducation.gov.in
ਪੱਤਰ ਨੰਬਰ PMS-Exp-CBB/A ਮਿਤੀ:- 23-12-2025

### ਵਿਸ਼ਾ- ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ.ਐਮ. ਸ੍ਰੀ ਸ.ਸ.ਸ.ਸ. ਲੜਕੀਆਂ ਮਾਹਿਲਪੁਰ ਦੇ 50 ਵਿਦਿਆਰਥੀਆ ਅਤੇ 2 ਅਧਿਆਪਕਾਂ ਦਾ ਐਕਸਪੋਜਰ ਟੂਰ ਦਿੱਲੀ ਅਤੇ ਆਗਰਾ ਵਿਖੇ ਲਿਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਦਿੱਲੀ ਅਤੇ ਆਗਰਾ ਲਿਜਾਣ, ਉੱਥੇ ਵੱਖ-2 ਥਾਵਾਂ ਤੇ ਘੁਮਾਉਣ, ਦਿਖਾਉਣ, ਪੰਜ ਦਿਨ ਦਾ ਖਾਣ-ਪੀਣ, ਰਹਿਣ-ਸਹਿਣ, ਉੱਥੇ ਲੱਗਣ ਵਾਲੀਆਂ ਟੂਰਿਸਟ ਥਾਵਾਂ ਦੀਆਂ ਟਿਕਟਾਂ ਦਾ ਖਰਚਾ, ਅਤੇ ਵਾਪਸੀ ਸਕੂਲ, ਤੱਕ ਛੱਡਣ ਦਾ ਪੂਰਨ ਤੌਰ ਤੇ ਖਰਚਾ (GST ਸਮੇਤ) ਸ਼ਾਮਿਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 25-09-2026 ਨੂੰ ਸਕੂਲ ਵਿੱਚ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਾਹਿਲਪੁਰ (ਹੁਸ਼ਿਆਰਪੁਰ)

## ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹੇਠ ਲਿਖਿਆਂ ਸਮਾਪਤੀ ਅਧੀਨ ਸਭਾਵਾਂ ਦੇ ਮੈਂਬਰਾਂ, ਸਾਬਕਾ ਮੈਂਬਰਾਂ, ਮਰ ਚੁੱਕੇ ਮੈਂਬਰਾਂ ਦੇ ਕਾਨੂੰਨੀ ਵਾਰਸਾਂ ਜਾਂ ਹੋਰ ਸਬੰਧਤ ਸਹਿਕਾਰੀ ਸਭਾਵਾਂ, ਬੈਂਕ, ਹੋਰ ਸਬੰਧਤ ਵਿਅਕਤੀਆਂ, ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ-ਸੰਗਰੂਰ, ਆਡਿਟ ਅਫਸਰ-ਸਹਿਕਾਰੀ ਸਭਾਵਾਂ-ਸੰਗਰੂਰ, ਕੇਂਦਰੀ ਸਹਿਕਾਰੀ ਬੈਂਕ, ਸੰਗਰੂਰ, ਮਾਰਕਫੈੱਡ, ਇਫਕੋ ਆਦਿ ਹੋਰ ਸਹਿਕਾਰੀ ਅਦਾਰਿਆਂ ਅਤੇ ਹੋਰ ਲੋਕਲ ਬਾਡੀਜ਼ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਲਿਖਿਆਂ ਸਭਾਵਾਂ ਸਮਾਪਤੀ ਅਧੀਨ ਹਨ, ਇਹਨਾਂ ਦਾ ਰਿਕਾਰਡ ਨਹੀਂ ਮਿਲ ਰਿਹਾ ਹੈ। ਇਸ ਲਈ ਉਪੋਰਕਤ ਧਿਰਾਂ ਵਿੱਚੋਂ ਕਿਸੇ ਦਾ ਵੀ ਇਹਨਾਂ ਸਭਾਵਾਂ ਨਾਲ ਕਿਸੇ ਵੀ ਕਿਸਮ ਦੀ ਲੈਣਦਾਰੀਆਂ ਜਾਂ ਦੇਣਦਾਰੀਆਂ ਦਾ ਹਿਸਾਬ ਬਕਾਇਆ ਹੈ ਤਾਂ ਉਹ ਇਸਨੂੰ ਕਲੇਮ ਕਰਨ ਲਈ ਇਸ ਨੋਟਿਸ ਦੇ ਛੱਪਣ ਦੇ 3 ਦਿਨਾਂ ਦੇ ਅੰਦਰ-ਅੰਦਰ ਰਿਕਾਰਡ ਨਿਮਨਹਸਤਾਖਰੀ ਨੂੰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਜੀ ਵਿਖੇ ਪੇਸ਼ ਕਰਨ। ਜੇਕਰ ਕਿਸੇ ਸੰਭਾਲਕਾਰ ਪਾਸ ਇਹਨਾਂ ਸਭਾਵਾਂ ਦਾ ਰਿਕਾਰਡ ਹੈ, ਉਹ ਵੀ ਇਸ ਨੋਟਿਸ ਦੇ ਛੱਪਣ ਦੇ 3 ਦਿਨਾਂ ਦੇ ਅੰਦਰ-ਅੰਦਰ ਰਿਕਾਰਡ ਨਿਮਨਹਸਤਾਖਰੀ ਨੂੰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਵਿਖੇ ਪੇਸ਼ ਕਰਨ। ਨਿਸ਼ਚਿਤ ਸਮੇਂ ਤੋਂ ਬਾਅਦ ਲੈਣਦਾਰੀਆਂ/ਦੇਣਦਾਰੀਆਂ ਸੰਬੰਧੀ ਜਾਣਕਾਰੀ ਅਤੇ ਮੰਗਿਆ ਕਲੇਮ ਖਾਰਜ ਕੀਤਾ ਜਾਵੇਗਾ ਅਤੇ ਸਭਾ ਦੀ ਰਜਿਸਟ੍ਰੇਸ਼ਨ ਖਤਮ ਕਰਨ ਲਈ ਅੰਤਿਮ ਰਿਪੋਰਟ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਨੂੰ ਭੇਜ ਦਿੱਤੀ ਜਾਵੇਗੀ। ਇਹ ਨੋਟਿਸ ਪੰਜਾਬ ਕੋਆਪ੍ਰਟਿਵ ਸੁਸਾਇਟੀਜ਼ ਐਕਟ 1961 ਦੀ ਧਾਰਾ 59 ਅਤੇ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਦੇ ਰੂਲ 58 ਅਧੀਨ ਜਾਰੀ ਕੀਤਾ ਜਾਂਦਾ ਹੈ।

| ਲੜੀ ਨੰ. | ਸਮਾਪਤੀ ਅਧੀਨ ਸਭਾ ਦਾ ਨਾਮ |
|---|---|
| 1. | ਦੀ ਹੇੜੀਕੇ ਸੀ. ਏ. ਐਸ. ਐਸ. ਲਿਮ, ਹੇੜੀਕੇ, ਤਹਿ. ਧੂਰੀ, ਸੰਗਰੂਰ। |

ਮਿਤੀ:21.09.2026 ਸਹੀ/- ਲਿਕੂਡੀਏਟਰ/ਸਮਾਪਤਕਾਰ

## ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹੇਠ ਲਿਖਿਆਂ ਸਮਾਪਤੀ ਅਧੀਨ ਸਭਾਵਾਂ ਦੇ ਮੈਂਬਰਾਂ, ਸਾਬਕਾ ਮੈਂਬਰਾਂ, ਮਰ ਚੁੱਕੇ ਮੈਂਬਰਾਂ ਦੇ ਕਾਨੂੰਨੀ ਵਾਰਸਾਂ ਜਾਂ ਹੋਰ ਸਬੰਧਤ ਸਹਿਕਾਰੀ ਸਭਾਵਾਂ, ਬੈਂਕ, ਹੋਰ ਸਬੰਧਤ ਵਿਅਕਤੀਆਂ, ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ-ਸੰਗਰੂਰ, ਆਡਿਟ ਅਫਸਰ-ਸਹਿਕਾਰੀ ਸਭਾਵਾਂ-ਸੰਗਰੂਰ, ਕੇਂਦਰੀ ਸਹਿਕਾਰੀ ਬੈਂਕ, ਸੰਗਰੂਰ, ਮਾਰਕਫੈੱਡ, ਇਫਕੋ ਆਦਿ ਹੋਰ ਸਹਿਕਾਰੀ ਅਦਾਰਿਆਂ ਅਤੇ ਹੋਰ ਲੋਕਲ ਬਾਡੀਜ਼ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਲਿਖਿਆਂ ਸਭਾਵਾਂ ਸਮਾਪਤੀ ਅਧੀਨ ਹਨ, ਇਹਨਾਂ ਦਾ ਰਿਕਾਰਡ ਨਹੀਂ ਮਿਲ ਰਿਹਾ ਹੈ। ਇਸ ਲਈ ਉਪੋਰਕਤ ਧਿਰਾਂ ਵਿੱਚੋਂ ਕਿਸੇ ਦਾ ਵੀ ਇਹਨਾਂ ਸਭਾਵਾਂ ਨਾਲ ਕਿਸੇ ਵੀ ਕਿਸਮ ਦੀ ਲੈਣਦਾਰੀਆਂ ਜਾਂ ਦੇਣਦਾਰੀਆਂ ਦਾ ਹਿਸਾਬ ਬਕਾਇਆ ਹੈ ਤਾਂ ਉਹ ਇਸਨੂੰ ਕਲੇਮ ਕਰਨ ਲਈ ਇਸ ਨੋਟਿਸ ਦੇ ਛੱਪਣ ਦੇ 4 ਦਿਨਾਂ ਦੇ ਅੰਦਰ-ਅੰਦਰ ਰਿਕਾਰਡ ਨਿਮਨਹਸਤਾਖਰੀ ਨੂੰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਜੀ ਵਿਖੇ ਪੇਸ਼ ਕਰਨ। ਜੇਕਰ ਕਿਸੇ ਸੰਭਾਲਕਾਰ ਪਾਸ ਇਹਨਾਂ ਸਭਾਵਾਂ ਦਾ ਰਿਕਾਰਡ ਹੈ, ਉਹ ਵੀ ਇਸ ਨੋਟਿਸ ਦੇ ਛੱਪਣ ਦੇ 4 ਦਿਨਾਂ ਦੇ ਅੰਦਰ-ਅੰਦਰ ਰਿਕਾਰਡ ਨਿਮਨਹਸਤਾਖਰੀ ਨੂੰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਵਿਖੇ ਪੇਸ਼ ਕਰਨ। ਨਿਸ਼ਚਿਤ ਸਮੇਂ ਤੋਂ ਬਾਅਦ ਲੈਣਦਾਰੀਆਂ/ਦੇਣਦਾਰੀਆਂ ਸੰਬੰਧੀ ਜਾਣਕਾਰੀ ਅਤੇ ਮੰਗਿਆ ਕਲੇਮ ਖਾਰਜ ਕੀਤਾ ਜਾਵੇਗਾ ਅਤੇ ਸਭਾ ਦੀ ਰਜਿਸਟ੍ਰੇਸ਼ਨ ਖਤਮ ਕਰਨ ਲਈ ਅੰਤਿਮ ਰਿਪੋਰਟ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਧੂਰੀ ਨੂੰ ਭੇਜ ਦਿੱਤੀ ਜਾਵੇਗੀ। ਇਹ ਨੋਟਿਸ ਪੰਜਾਬ ਕੋਆਪ੍ਰਟਿਵ ਸੁਸਾਇਟੀਜ਼ ਐਕਟ 1961 ਦੀ ਧਾਰਾ 59 ਅਤੇ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਦੇ ਰੂਲ 58 ਅਧੀਨ ਜਾਰੀ ਕੀਤਾ ਜਾਂਦਾ ਹੈ।

| ਲੜੀ ਨੰ. | ਸਮਾਪਤੀ ਅਧੀਨ ਸਭਾ ਦਾ ਨਾਮ |
|---|---|
| 1) | ਦੀ ਅਲਾਲ ਕੋਆਪਰੇਟਿਵ ਐਗਰੀਕਲਚਰ ਸਰਵਿਸ ਸਭਾ ਲਿਮ, ਅਲਾਲ,ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ |

ਮਿਤੀ: 22.09.2026 ਸਹੀ/- ਲਿਕੂਡੀਏਟਰ/ਸਮਾਪਤਕਾਰ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਜਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ- ਕਮ-ਏ.ਸੀ. ਫ਼ਸਟ ਗਰੇਡ, ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈਜ਼, ਜ਼ਿਲ੍ਹਾ ਜਲੰਧਰ (ਪੰਜਾਬ)

ਕੇਸ ਅਨੁਵਾਦ : ਜਸਪਾਲ ਸਿੰਘ ਬਨਾਮ ਹਰਭਜਨ ਸਿੰਘ ਵਗੈਰਾ
ਖੇਵਟ ਨੰਬਰ : 45/42 ਮਿਨ, 46/43, 48/47, 49/48, 72/70, 109/105, 113/109, 173/168, 174/169, 177/172.
ਵਾਕਿਆ ਪਿੰਡ : ਪਿੰਡ ਚਮਿਆਰਾ, ਤਹਿਸੀਲ ਜਲੰਧਰ-2, ਜ਼ਿਲ੍ਹਾ ਜਲੰਧਰ
ਇਹ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ :-
ਕੇਸ ਅਨੁਵਾਨ - ਜਸਪਾਲ ਸਿੰਘ ਪੁੱਤਰ ਗੰਡਾ ਸਿੰਘ ਵਾਸੀ ਪਿੰਡ ਚਮਿਆਰਾ, ਤਹਿਸੀਲ ਜਲੰਧਰ-2, ਜ਼ਿਲ੍ਹਾ ਜਲੰਧਰ। .....ਪਟੀਸ਼ਨਰ

ਬਨਾਮ

ਨੋਟਿਸ ਬਨਾਮ

1) Harbhajan Singh S/o Late S. Ganda Singh S/o Natha Singh 2) Surjit Kaur Wd/o Chanan Singh S/o Sadhu Singh 3) Jarnail Singh S/o Veer Singh 4) Sohan Singh S/o Sucha Singh 5) Gian Singh S/o Sucha Singh 6) Gurdeep Singh S/o Sucha Singh 7) Jagjit Singh S/o Sucha Singh 8) Manjit Singh S/o Sucha Singh 9) Gurdial Singh S/o Sucha Singh 10) Jaspal Singh S/o Ganda Singh 11) Surjit Kaur W/o Roop Lal S/o Gurmit Ram 12) Narinder Kaur D/o Chanan Singh S/o Sadhu Singh 13) Surinder Kaur D/o Chanan Singh 14) Parkash Kaur Wd/o Sucha Singh S/o Sundar Singh 15) Gurdev Kaur D/o Sucha Singh 16) Bhajan Kaur D/o Sucha Singh 17) Santa Singh S/o Joginder Singh 18) Lal Singh S/o Sadhu Singh 19) Channo D/o Sadhu Singh 20) Jarnail Singh S/o Vir Singh 21) Taru S/o Sadhu Singh 22) Jeeto W/o Deva Singh 23) Bhajan Singh S/o Surjan Singh 24) Mohinder Singh S/o Labh Singh 25) Balwinder Kaur D/o Gurbachan Singh 26) Krishna Devi D/o Sohan Singh 27) Sukhpal Singh S/o Sarwan Singh 28) Mohan Lal S/o Labh Singh 29) Bheekha Singh S/o Jawand Singh 30) Gobind Singh S/o Assa Singh 31) Charanjit Singh S/o Assa Singh 32) Satnam Singh S/o Assa Singh 33) Amarjit Kaur Wd/o Assa Singh 34) Parshotam Kumar S/o Kalsho Dass 35) Ranjit Singh S/o Gian Singh S/o Genda Singh 36) Sukhwinder Singh S/o Gian Singh 37) Gurbax Singh S/o Ganda Singh S/o Natha Singh 38) Dilbagh Singh S/o Ganda Singh 39) Charanjit Singh S/o Gian Singh 40) Palwinder Kaur W/o Ranjit Singh 41) Jasvir Kaur W/o Sukhwinder Singh 42) Sandeep Kaur D/o Karam Singh 43) Baljinder Singh S/o Karam Singh 44) Jasvir Singh S/o Karam Singh 45) Dilbara Singh S/o Ganda Singh 46) Charanjit Singh S/o Dhiyan Singh 47) Harinder Kaur W/o Jaspal Singh, All residents of Village Chamiara, Tehsil Jalandhar-2, Distt. Jalandhar. 48) Capital Small Finance Bank, Branch GT Road, Jalandhar, through its Manager. 49) Punjab National Bank, Branch Village Gakhal, Jalandhar, through its Manager. 50) Punjab & Sind Bank, Branch Lambra, Jalandhar, through its Manager. 51) Primary Sehkari Khetibari Vikas Bank Ltd., Branch Jalandhar, through its Manager.

ਉਪਰੋਕਤ ਮੁਕੱਦਮਾ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 05.10.2026 ਨੂੰ ਦੁਪਹਿਰ 2 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜੀ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ ਨਹੀਂ ਤਾਂ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 14.09.26 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਸਹੀ/-ਜ਼ਿਲ੍ਹਾ ਮਾਲ ਅਫਸਰ- ਕਮ - ਏ.ਸੀ. ਫਸਟ ਗਰੇਡ, ਫਾਸਟ ਟਰੈਕ ਕੋਰਟ ਵਾਰ ਐਨ.ਆਰ.ਆਈਜ਼, ਜ਼ਿਲ੍ਹਾ ਜਲੰਧਰ।

ਨੰ: 326/ਰੀਡਰ/ਡੀ.ਆਰ.ਓ. ਮਿਤੀ : 14/9/26

# 1013 ਲੈਕਚਰਾਰਾਂ ਦੀ ਭਰਤੀ 'ਚ ਰਾਖਵਾਂ ਹਿੱਸਾ ਹਰ ਹਾਲ 'ਚ ਯਕੀਨੀ ਬਣਾਇਆ ਜਾਵੇਗਾ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸਮਾਜਿਕ ਸੁਰੱਖਿਆ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮਾਮਲੇ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਕੀਤੀ ਜਾ ਰਹੀ 1013 ਲੈਕਚਰਾਰਾਂ ਦੀ ਸਿੱਧੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਲਈ ਬਣਦਾ ਰਾਖਵਾਂ ਹਿੱਸਾ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇਗਾ। ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਪੰਜਾਬ ਭਵਨ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ. ਬਲਜੀਤ ਕੌਰ ਨੇ ਲੈਕਚਰਾਰ ਭਰਤੀ ਵਿੱਚ ਰਾਖਵੇਂ ਹਿੱਸੇ ਅਤੇ ਹੋਰ ਮੰਗਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਹਰ ਜਾਇਜ਼ ਮੰਗ ਨੂੰ ਪੂਰੀ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ ਅਤੇ ਕਾਨੂੰਨ ਤੇ ਸਰਕਾਰ ਦੀ ਨੀਤੀ ਅਨੁਸਾਰ ਉਸ ਦਾ ਢੁੱਕਵਾਂ ਨਿਪਟਾਰਾ ਕੀਤਾ ਜਾਵੇਗਾ।



ਇਸ ਮੌਕੇ ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਨ ਅਤੇ ਸਕਾਰਾਤਮਕ ਭਰੋਸਾ ਦੇਣ ਲਈ ਡਾ. ਬਲਜੀਤ ਕੌਰ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬ ਸਰਕਾਰ ਸਮਾਜਿਕ ਨਿਆਂ ਅਤੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਆਪਣੀ ਵਚਨਬੱਧਤਾ ਨੂੰ ਇਸੇ ਤਰ੍ਹਾਂ ਅੱਗੇ ਵੀ ਨਿਭਾਉਂਦੀ ਰਹੇਗੀ।

# ਚੰਦ ਫਤਿਹਪੁਰੀ ਦੇ ਤੁਰ ਜਾਣ ਨਾਲ ਖੱਬੀ ਲਹਿਰ ਨੂੰ ਵੱਡਾ ਘਾਟਾ ਪਿਆ : ਨੂਰਪੁਰੀ

**ਬੰਗਾ (ਅਵਤਾਰ ਕਲੇਰ)**- ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੇ ਤੁਰ ਜਾਣ ਨਾਲ ਖੱਬੇ ਪੱਖੀ ਲਹਿਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਸਮਝਣ ਵਾਲੇ ਅਤੇ ਲਿਖਣ ਵਾਲੇ ਚੰਦ ਫਤਿਹਪੁਰੀ ਸਾਡੇ ਵਿਚਕਾਰ ਨਹੀਂ ਰਹੇ। ਉਹਨਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਅਤੇ ਸੀ ਪੀ ਐਮ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਉਨ੍ਹਾਂ ਵਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾਵੇਗਾ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਨੂੰ ਵੱਡਾ ਘਾਟਾ ਪਿਆ ਹੈ। ਇਸ ਮੌਕੇ ਤੇ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਕੁਲਦੀਪ ਝਿੰਗੜ, ਹੁਸਨ ਸਿੰਘ ਮਾਂਗਟ, ਜੋਗਿੰਦਰ ਲੜੋਆ, ਦੀਪ ਕਲੇਰ, ਸਰਪੰਚ ਦਾਰਾ ਸਿੰਘ ਮੱਲ ਸਾਬਕਾ ਜੀ ਐਮ ਸਟੇਟ ਟਰਾਂਸਪੋਰਟ ਪੰਜਾਬ, ਰੌਸ਼ਨ ਲਾਲੀ, ਸਤਵਿੰਦਰ ਮੱਲ, ਜੋਗਿੰਦਰ ਕਲਸੀ, ਹਰਜਿੰਦਰ ਮੱਲ, ਜੀ ਸੀ ਮੱਲ ਅਤੇ ਪੰਜਾਬ ਨਾਟਕ ਕਲਾ ਕੇਂਦਰ ਇਪਟਾ ਚੰਡੀਗੜ੍ਹ ਦੇ ਸਾਬਕਾ ਡਾਇਰੈਕਟਰ ਰੇਸ਼ਮ ਸਿੰਘ ਕਲੇਰ ਹਾਜ਼ਰ ਸਨ। ਸਾਰੇ ਸਾਥੀਆਂ ਨੇ ਨਵਾਂ ਜ਼ਮਾਨਾ ਦੀ ਮੈਨੇਜਮੈਂਟ ਅਤੇ ਦੁਖੀ ਪਰਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।



# 'ਸਮਾਜਿਕ ਤੇ ਆਰਥਕ ਸਮਾਨਤਾ ਤੋਂ ਬਿਨਾਂ ਸਿਆਸੀ ਸਮਾਨਤਾ ਅਰਥਹੀਣ' ਵਿਸ਼ੇ 'ਤੇ ਸੈਮੀਨਾਰ

**ਜਲੰਧਰ (ਰਾਜੇਸ਼ ਥਾਪਾ)**- ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਵੱਲੋਂ 'ਸਮਾਜਿਕ ਅਤੇ ਆਰਥਿਕ ਸਮਾਨਤਾ ਤੋਂ ਬਿਨਾਂ ਰਾਜਨੀਤਿਕ ਸਮਾਨਤਾ ਅਰਥ ਹੀਣ' ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਕੀਤਾ ਗਿਆ। ਸੈਮੀਨਾਰ ਦੇ ਮੁੱਖ ਬੁਲਾਰੇ ਵਜੋਂ ਪ੍ਰੋਫੈਸਰ ਤੀਰਥ ਬਸਰਾ ਰਿਟਾ. ਪ੍ਰਿੰਸੀਪਲ, ਗੌਰਮੈਂਟ ਕਾਲਜ, ਕਪੂਰਥਲਾ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ 25 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿਚ ਆਪਣੇ ਆਖਰੀ ਭਾਸ਼ਣ ਵਿੱਚ ਦਿੱਤੀਆਂ ਚੇਤਾਵਨੀਆਂ ਤੋਂ ਜਾਣੂ ਕਰਵਾਇਆ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ 26 ਜਨਵਰੀ, 1950 ਨੂੰ ਅਸੀਂ ਵਿਰੋਧਾਭਾਸਾ ਭਰੇ ਜੀਵਨ ਵਿੱਚ ਪ੍ਰਵੇਸ਼ ਕਰਨ ਜਾ ਰਹੇ ਹਾਂ। ਪ੍ਰੋਫੈਸਰ ਬਸਰਾ ਨੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਵੱਡੇ ਖਤਰਿਆਂ ਬਾਰੇ ਚੇਤਾਵਨੀ ਦਿੱਤੀ, ਜਿਨ੍ਹਾਂ ਦੇ ਨਤੀਜੇ ਵਜੋਂ ਆਮਦਨ ਵਿੱਚ ਅਸਮਾਨਤਾ ਵਧੀ ਹੈ, ਸਥਾਨਕ ਛੋਟੇ ਪੱਧਰ ਦੇ ਉਦਯੋਗਾਂ ਵਿੱਚ ਗਿਰਾਵਟ ਆਈ ਹੈ ਅਤੇ ਆਲਮੀ ਆਰਥਿਕ ਝਟਕਿਆਂ ਪ੍ਰਤੀ ਸੰਵੇਦਨਸ਼ੀਲਤਾ ਵਧੀ ਹੈ। ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਬਾਬਾ ਸਾਹਿਬ ਨੇ 25 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਆਪਣੇ ਅੰਤਿਮ ਭਾਸ਼ਣ 'ਚ ਸਾਰੇ ਲੋਕਾਂ ਨੂੰ ਇਹ ਗੱਲ ਬਹੁਤ ਭਾਵਕ ਹੋ ਕੇ ਕਹੀ ਸੀ ਕਿ ਅਸੀਂ ਰਾਜਨੀਤਿਕ ਤੌਰ ਤੇ ਬਰਾਬਰ ਹੋ ਗਏ ਹਾਂ ਪਰ ਸਮਾਜਿਕ ਅਤੇ ਆਰਥਿਕ ਤੌਰ ਤੇ ਬਰਾਬਰ ਨਹੀਂ। ਇਸ ਤੋਂ ਬਾਅਦ ਪ੍ਰੋਫੈਸਰ ਤੀਰਥ ਬਸਰਾ ਅਤੇ ਪ੍ਰੋਫੈਸਰ ਬਲਬੀਰ ਨੇ ਸਰੋਤਿਆਂ ਦੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਦਿੱਤੇ। ਡਾ. ਮਹਿੰਦਰ ਸੰਧੂ ਨੇ ਸੁਸਾਇਟੀ ਦੀਆਂ ਗਤੀਵਿਧੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਡਾ. ਜੀ ਸੀ ਕੌਲ, ਪ੍ਰਿੰਸੀਪਲ ਕੁਲਵੰਤ ਸਿੰਘ ਫੁੱਲ, ਸੋਹਨ ਲਾਲ, ਪਿਸ਼ੌਰੀ ਲਾਲ ਸੰਧੂ, ਮਨਜੀਤ ਸਿੰਘ, ਐਡ. ਹਰਭਜਨ ਸਾਂਪਲਾ, ਮਾਸਟਰ ਚਮਨ ਲਾਲ, ਤਿਲਕ ਰਾਜ, ਜੋਤੀ ਪ੍ਰਕਾਸ਼, ਪਰਮਿੰਦਰ ਸਿੰਘ ਖੁੱਤਣ, ਡਾ. ਚਰਨਜੀਤ ਸਿੰਘ, ਸੋਹਨ ਲਾਲ ਸੇਵਾ ਮੁਕਤ ਡੀਪੀਆਈ, ਡਾ. ਚੰਦਰ ਕਾਂਤਾ ਸੇਵਾ ਮੁਕਤ ਪ੍ਰਿੰਸੀਪਲ, ਹਰਭਜਨ ਨਿਮਤਾ, ਨਿਰਮਲ ਬਿੰਜੀ, ਪ੍ਰਿੰਸੀਪਲ ਪਰਮਜੀਤ ਜੱਸਲ,ਡਾ. ਨਰਿੰਦਰ ਲੇਖ, ਪ੍ਰੋ. ਲਾਲ ਬਹਾਦਰ ਭਾਟੀਆ, ਪ੍ਰੋ. ਅਰਿੰਦਰ ਸਿੰਘ, ਸ਼ਾਮ ਲਾਲ ਜੱਸਲ, ਜਗਦੀਸ਼ ਡਾਲੀਆ, ਰੂਪ ਲਾਲ, ਰਕੇਸ਼ ਕੌਲ, ਸਵਰਨ ਦਾਸ, ਪਵਨ ਕੁਮਾਰ, ਵਿਸ਼ੂ ਦੇਵ, ਡਾ. ਦਵਿੰਦਰ ਸਮਰਾ, ਹਰਮੇਦ ਕੁਮਾਰ, ਪ੍ਰੋ. ਮਹੇਸ਼ ਚੰਦਰ, ਅਸ਼ੋਕ ਕੁਮਾਰ ਸੰਧੂ, ਜੀ ਰਾਜ ਅੰਗੂਰਾਨਾ, ਸੁਖਦੇਵ ਰਾਜ, ਚਮਨ ਲਾਲ, ਆਦਿ ਸ਼ਾਮਿਲ ਹੋਏ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ



# ਚੰਦ ਫਤਿਹਪੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਅੱਡਾ ਸਰਾਂ (ਜਸਵੀਰ ਕਾਜਲ)**- ਰੋਜ਼ਾਨਾ ਨਵਾਂ ਜ਼ਮਾਨਾਂ ਦੇ ਮੁੱਖ ਸੰਪਾਦਕ ਚੰਦ ਫਤਿਹਪੁਰੀ ਦੇ ਮੌਤ ਹੋ ਜਾਣ ਤੇ ਪੱਤਰਕਾਰ ਭਾਈਚਾਰੇ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਵਲੋ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਚੰਦ ਫਤਿਹਪੁਰੀ ਬਹੁਤ ਸਮੇਂ ਤੋਂ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਵਜੋਂ ਸੇਵਾ ਨਭਾ ਰਹੇ ਸਨ। ਉਨ੍ਹਾਂ ਦੇ ਇਸ ਵਿਛੋੜੇ ਕਰਕੇ ਪਰਵਾਰ ਦੇ ਨਾਲ ਨਾਲ ਨਵਾਂ ਜ਼ਮਾਨਾ ਅਦਾਰੇ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨਾਂ ਕਿਹਾ ਚੰਦ ਫਤਿਹਪੁਰੀ ਨੇ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਆਪਣੀ ਲਿਖਤ ਰਾਹੀ ਉਭਾਰਿਆ। ਉਨਾਂ ਦੇ ਅਚਾਨਕ ਵਿਛੜੇ ਕਾਰਨ ਪੱਤਰਕਾਰੀ ਲਈ ਵੱਡਾ ਘਾਟਾ ਹੈ ਅਤੇ ਚੰਦ ਫਤਿਹਪੁਰੀ ਦੀਆਂ ਪੱਤਰਕਾਰੀ ਵਿਚ ਦਿਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨਾਂ ਦੇ ਇਸ ਡੂੰਘੇ ਵਿਛੋੜੇ ਤੇ ਅੱਡਾ ਸਰਾਂ ਤੋ ਜਸਵੀਰ ਕਾਜਲ, ਸੀਨੀਅਰ ਪੱਤਰਕਾਰ ਵਰਿੰਦਰ ਪੰਡਤ, ਚਰਨਜੀਤ ਸਿੰਘ ਪੱੜਬੱਗਾ, ਜਸਵੰਤ ਸਿੰਘ ਭਾਗੋਵਾਲ, ਉਕਾਰ ਸਿੰਘ ਸੈਣੀ, ਕਮਲ ਅਰੋੜਾ ਟਾਡਾਂ, ਬਹਿਲ ਏਜੰਸੀ ਟਾਡਾਂ ਆਦਿ ਪੱਤਰਕਾਰ ਭਾਈਚਾਰੇ ਤੋ ਇਲਾਵਾ ਐਡਵੋਕੇਟ ਸਰਪੰਚ ਦਮਨਦੀਪ ਸਿੰਘ ਬਿਲਾ ਦਰੀਆਂ ਯੂਥ ਆਗੂ, ਜਸਵੰਤ ਸਿੰਘ ਚੋਟਾਲਾ ਕਾਗਰਸ ਆਗੂ, ਐਡਵੋਕੇਟ ਗੁਰਵੀਰ ਸਿੰਘ ਚੋਟਾਲਾ ਕਾਗਰਸ ਯੂਥ ਆਗੂ, ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸਨ ਸਿੰਘ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਸੈਕਟਰੀ ਅਕਾਲੀ ਆਗੂ, ਮਨਜੀਤ ਸਿੰਘ ਅਕਾਲੀ ਆਗੂ, ਗੁਰਕਮਲ ਸਿੰਘ ਸੋਢੀ ਅਕਾਲੀ ਆਗੂ, ਸੱਤੀ ਆਟਾ ਚੱਕੀ ਕਲੋਆ, ਸੁਲਖਣ ਸਿੰਘ, ਰਾਮ ਲੁਭਾਇਆ ਢੱਟ, ਗੁਰਮੁਖ ਸਿੰਘ ਢੱਟ, ਜਸਵਿੰਦਰ ਸਿੰਘ ਚੋਹਾਨ ਵਾਰਸ ਪੰਜਾਬ ਪ੍ਰਧਾਨ ਅੱਡਾ ਸਰਾਂ, ਗੋਲਡੀ ਨਰਵਾਲ ਆਪ ਆਗੂ, ਸੁਖਵਿੰਦਰ ਸਿੰਘ ਮੂਨਕ ਅਕਾਲੀ ਦਲ ਪੁਨਰ ਸੁਰਜੀਤ ਯੂਥ ਆਗੂ, ਦਵਿੰਦਰ ਸਿੰਘ ਬਸਪਾ ਆਗੂ, ਸਰਪੰਚ ਅਜੈਬ ਸਿੰਘ ਕਲੋਆ, ਸਤਨਾਮ ਸਿੰਘ ਢਿਲੋ ਅਕਾਲੀ ਆਗੂ, ਬਲਕਾਰ ਸਿੰਘ ਆਪ ਆਗੂ, ਪਰਮਜੀਤ ਸਿੰਘ ਧਾਮੀ ਅਕਾਲੀ ਆਗੂ, ਗੁਰਕ੍ਰਿਪਾਲ ਸਿੰਘ ਉਰਫ ਗੋਲਡੀ ਕੰਧਾਲਾ ਜੱਟਾ, ਡਾ ਹਰਚਰਨ ਸਿੰਘ, ਕੰਧਾਲਾ ਜੱਟਾ, ਉਘੇ ਸਮਾਜ ਸੇਵਕ ਬਾਬਾ ਉਕਾਰ ਸਿੰਘ ਧਾਮੀ ਕਿਸਾਨ ਜਥੇਬੰਦੀ ਆਗੂ ਆਦਿ ਵੱਲੋ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਐੱਲ ਪੀ ਯੂ 'ਚ ਪੜ੍ਹ ਰਹੇ 58 ਭਾਰਤੀ ਐਥਲੀਟ ਏਸ਼ੀਅਨ ਖੇਡਾਂ 'ਚ ਭਾਰਤ ਦੀ ਨੁਮਾਇੰਦਗੀ ਕਰ ਰਹੇ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਦੇ 58 ਭਾਰਤੀ ਐਥਲੀਟ ਅਤੇ ਵਿਦਿਆਰਥੀ ਜਾਪਾਨ ਦੇ ਆਈਚੀ-ਨਾਗੋਆ ਵਿੱਚ ਚੱਲ ਰਹੀਆਂ 20ਵੀਆਂ ਏਸ਼ੀਅਨ ਖੇਡਾਂ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰ ਰਹੇ ਹਨ। ਇਹ ਯੂਨੀਵਰਸਿਟੀ ਦੇ ਵਧਦੇ ਖੇਡ ਸਫ਼ਰ ਵਿੱਚ ਇੱਕ ਮਹੱਤਵਪੂਰਨ ਅਧਿਆਇ ਦੀ ਨਿਸ਼ਾਨਦੇਹੀ ਕਰਦਾ ਹੈ। ਐਲਪੀਯੂ ਦੇ ਐਥਲੀਟ ਇਸ ਮਹਾਂਦੀਪੀ ਖੇਡ ਸਮਾਗਮ ਲਈ ਭਾਰਤ ਦੇ 503-ਐਥਲੀਟ ਦਲ ਦਾ ਲਗਭਗ 11% ਹਨ। ਇਹ ਐਥਲੀਟ 15 ਖੇਡਾਂ ਵਿੱਚ ਹਿੱਸਾ ਲੈਣਗੇ, ਕਿਉਂਕਿ ਭਾਰਤ 19 ਸਤੰਬਰ ਤੋਂ 4 ਅਕਤੂਬਰ ਤੱਕ ਹੋਣ ਵਾਲੇ ਮੁਕਾਬਲਿਆਂ ਦੀ ਤਿਆਰੀ ਕਰ ਰਿਹਾ ਹੈ।ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਪ੍ਰਮੁੱਖ ਐੱਲ ਪੀ ਯੂ ਐਥਲੀਟਾਂ ਵਿੱਚ ਤੀਰਅੰਦਾਜ਼ੀ ਵਿੱਚ ਤਨਿਸ਼ਪ੍ਰੀਤ ਚਿਕਿਤਾ, ਕ੍ਰਿਕਟ ਵਿੱਚ ਈਸ਼ਾਨ ਕਿਸ਼ਨ, ਸ਼ੂਟਿੰਗ ਵਿੱਚ ਏਲਾਵੇਨਿਲ ਵਾਲਾਰੀਵਨ ਅਤੇ ਨੀਰੂ, ਤੀਰਅੰਦਾਜ਼ੀ ਵਿੱਚ ਬੋਮਦੇਵਰਾ ਧੀਰਜ, ਮੁੱਕੇਬਾਜ਼ੀ ਵਿੱਚ ਪ੍ਰੀਤੀ, ਐਥਲੈਟਿਕਸ ਵਿੱਚ ਧਰਮਵੀਰ ਚੌਧਰੀ ਅਤੇ ਹਾਕੀ ਵਿੱਚ ਹਰਮਨਪ੍ਰੀਤ ਸਿੰਘ ਸ਼ਾਮਲ ਹਨ।

ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, 'ਸਾਡਾ ਦ੍ਰਿਸ਼ਟੀਕੋਣ ਇੱਕ ਅਜਿਹਾ ਈਕੋਸਿਸਟਮ ਬਣਾਉਣਾ ਹੈ ਜਿੱਥੇ ਖੇਡ ਪ੍ਰਤਿਭਾ ਨੂੰ ਅਕਾਦਮਿਕ ਉੱਤਮਤਾ ਦੇ ਬਰਾਬਰ ਸੰਸਥਾਗਤ ਸਮਰਥਨ ਪ੍ਰਾਪਤ ਹੋਵੇ। ਏਸ਼ੀਆਈ ਖੇਡਾਂ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਐਲਪੀਯੂ ਵਿਦਿਆਰਥੀਆਂ ਦੀ ਸੂਚੀ: ਇਸ ਪ੍ਰਕਾਰ ਹੈ-ਸਾਜਨ ਪ੍ਰਕਾਸ਼ - ਐਕੁਆਟਿਕਸ (ਤੈਰਾਕੀ), ਬੋਮਦੇਵਰਾ ਧੀਰਜ-ਤੀਰਅੰਦਾਜ਼ੀ, ਤਨਿਸ਼ਪ੍ਰੀਤ ਚਿਕਿਤਾ-ਤੀਰਅੰਦਾਜ਼ੀ, ਯਸ਼ਦੀਪ ਭੋਗੇ-ਤੀਰਅੰਦਾਜ਼ੀ, ਸਾਹਿਲ ਰਾਜੇਸ਼ ਜਾਧਵ-ਤੀਰਅੰਦਾਜ਼ੀ, ਨੀਰਜ ਚੌਹਾਨ-ਤੀਰਅੰਦਾਜ਼ੀ, ਪੂਜਾ-ਅਥਲੈਟਿਕਸ, ਧਰਮਵੀਰ ਚੌਧਰੀ-ਅਥਲੈਟਿਕਸ, ਕਿਰਨ-ਅਥਲੈਟਿਕਸ, ਈਸ਼ਰਾਨੀ ਬਰੂਆ-ਬੈਡਮਿੰਟਨ, ਪ੍ਰੀਤੀ-ਮੁੱਕੇਬਾਜ਼ੀ, ਸਚਿਨ-ਮੁੱਕੇਬਾਜ਼ੀ, ਲੋਵਲੀਨਾ ਬੋਰਗੋਹੈਨ-ਮੁੱਕੇਬਾਜ਼ੀ,ਫਿਲਮ ਗਿਆਨੇਸ਼ਵਰ ਸਿੰਘ-ਕੈਨੋਇੰਗ ਅਤੇ ਕਾਇਆਕਿੰਗ, ਲੀਚੋਨਬਮ ਨੇਹਾ ਦੇਵੀ-ਕੈਨੋਇੰਗ ਅਤੇ ਕਾਇਆਕਿੰਗ, ਫੇਰੇਮਬਨ ਸੋਨੀਆ ਦੇਵੀ-ਕੈਨੋਇੰਗ ਅਤੇ ਕਾਇਆਕਿੰਗ, ਲੈਟੋਨਜਮ ਨੌਚਾ ਸਿੰਘ-ਕੈਨੋਇੰਗ ਅਤੇ ਕਾਇਆਕਿੰਗ, ਹਰਸ਼ਵਰਧਨ ਸਿੰਘ ਸ਼ਕਤੀਵਤ-ਕੈਨੋਇੰਗ ਅਤੇ ਕਾਇਆਕਿੰਗ, ਪ੍ਰੋਹਿਤ ਬਰੋਈ- ਕੈਨੋਇੰਗ ਅਤੇ ਕਾਇਆਕਿੰਗ, ਰਾਜੂ ਰਾਵਤ-ਕੈਨੋਇੰਗ ਅਤੇ ਕਾਇਆਕਿੰਗ, ਪਾਰਵਤੀ ਜੀ-ਕੈਨੋਇੰਗ ਅਤੇ ਕਾਇਆਕਿੰਗ, ਪੂਜਾ-ਕੈਨੋਇੰਗ ਅਤੇ ਕਾਇਆਕਿੰਗ, ਵਰਿੰਦਰ ਸਿੰਘ-ਕੈਨੋਇੰਗ ਅਤੇ ਕਾਇਆਕਿੰਗ, ਈਸ਼ਾਨ ਕਿਸ਼ਨ-ਕ੍ਰਿਕਟ, ਹਰਮਨਪ੍ਰੀਤ ਸਿੰਘ-ਹਾਕੀ, ਜਰਮਨਪ੍ਰੀਤ ਸਿੰਘ-ਹਾਕੀ, ਜੁਗਰਾਜ ਸਿੰਘ-ਹਾਕੀ, ਮਨਦੀਪ ਸਿੰਘ-ਹਾਕੀ, ਹਾਰਦਿਕ ਸਿੰਘ-ਹਾਕੀ, ਸੁਖਜੀਤ ਸਿੰਘ-ਹਾਕੀ, ਸਾਕਸ਼ੀ ਰਾਣਾ-ਹਾਕੀ, ਅਲੀਸ਼ਾ-ਕਰਾਟੇ, ਬਲਰਾਜ ਪੰਵਾਰ-ਰੋਇੰਗ, ਕੁਲਵਿੰਦਰ ਸਿੰਘ-ਰੋਇੰਗ, ਜਸਵਿੰਦਰ ਸਿੰਘ-ਰੋਇੰਗ, ਸਲਮਾਨ ਖਾਨ-ਰੋਇੰਗ, ਸਤਨਾਮ ਸਿੰਘ-ਰੋਇੰਗ, ਜ਼ਕਰ ਖਾਨ-ਰੋਇੰਗ, ਸੰਧਿਆ ਰਾਏ-ਰਗਬੀ, ਮਨੀਸ਼ਾ ਕੰਵਰ-ਸ਼ੂਟਿੰਗ, ਕਮਲਜੀਤ-ਸ਼ੂਟਿੰਗ, ਹਿਮਾਂਸ਼ੂ ਫਿੱਲ-ਸ਼ੂਟਿੰਗ, ਨੀਰੂ-ਸ਼ੂਟਿੰਗ, ਆਕਾਸ਼ ਭਾਰਦਵਾਜ-ਸ਼ੂਟਿੰਗ, ?ਵਿਦਰਸ਼ ਕੇ ਵਿਨੋਦ-ਸ਼ੂਟਿੰਗ, ਸੋਨਮ ਉੱਤਰ ਮਸਕਾਰ-ਸ਼ੂਟਿੰਗ, ਇਲਾਵੇਨਿਲ ਵਲਾਰੀਵਨ- ਸ਼ੂਟਿੰਗ, ਰਾਹੀ ਸਰਨੋਬਤ-ਸ਼ੂਟਿੰਗ, ਸੈਖੋਮ ਮੀਰਾਬਾਈ ਚਾਨੂ-ਭਾਰ ਚੁੱਕਣਾ, ਨਿਸ਼ਾ-ਕੁਸ਼ਤੀ, ਅੰਤਿਮ-ਕੁਸ਼ਤੀ, ਸੁਜੀਤ-ਕੁਸ਼ਤੀ, ਅਮਨ-ਕੁਸ਼ਤੀ, ਨਿਤੇਸ਼-ਕੁਸ਼ਤੀ, ਅਮਨ-ਕੁਸ਼ਤੀ, ਦੀਪਾਂਸ਼ੀ-ਕੁਸ਼ਤੀ, ਅਪਰਨਾ-ਵੁਸ਼ੂ।




# ਸੰਤਾਂ ਦੀ ਯਾਦ 'ਚ ਡੇਰਾ ਸੰਤ ਸਾਗਰ ਖੰਨੀ ਵਿਖੇ ਸਮਾਗਮ ਕਰਵਾਏ

**ਹੁਸ਼ਿਆਰਪੁਰ (ਓ ਪੀ ਰਾਣਾ)**- ਬ੍ਰਹਮਲੀਨ ਸੰਤ ਮਾਹਨ ਦਾਸ ਜੀ, ਬ੍ਰਹਮਲੀਨ ਸੰਤ ਨੰਦਾ ਰਾਮ ਭੰਡਾਰੀ, ਬ੍ਰਹਮਲੀਨ ਸੰਤ ਦੂੰਮਣ ਦਾਸ ਦੀ ਯਾਦ ਵਿਚ ਬ੍ਰਹਮਲੀਨ ਸੰਤ ਦਰਸ਼ਨ ਦਾਸ, ਬ੍ਰਹਮਲੀਨ ਸੰਤ ਮਧੂਸੂਦਨ ਦਾਸ ਵਲੋਂ ਚਲਾਈ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਬ੍ਰਹਮਲੀਨ ਸੰਤ ਭਗਵਾਨ ਦਾਸ, ਬ੍ਰਹਮਲੀਨ ਸੰਤ ਕ੍ਰਿਪਾਲ ਦਾਸ, ਬ੍ਰਹਮਲੀਨ ਸੰਤ ਸਤਨਾਮ ਦਾਸ ਦੇ ਚਲਾਏ ਮਿਸ਼ਨ [illegible] ਸਮਾਗਮ ਡੇਰਾ ਸੰਤ ਸਾਗਰ ਖੰਨੀ ਵਿਖੇ [illegible] ਧਾਨਪੁਰ ਦੀ ਦੇਖ ਰੇਖ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਇਆ ਗਿਆ। ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ, ਰਾਗੀ ਜਥਿਆਂ, ਸੰਤਾਂ ਮਹਾਂਪੁਰਸ਼ਾਂ ਵਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਸਰਵਣ ਦਾਸ ਜੀ ਬੋਹਣ, ਸੰਤ ਧਰਮਪਾਲ ਧਾਮ ਚਾਨਣਪੁਰੀ ਸ਼ੇਰਗੜ੍ਹ, ਸੰਤ ਕਸ਼ਮੀਰਾ ਸਿੰਘ ਅਤੇ ਸੰਤ ਜਗਤਾਰ ਸਿੰਘ ਡੇਰਾ ਸ਼ਿਵਜੀ ਮਹਾਰਾਜ ਕੋਟ ਫਤੂਹੀ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਜਗਦੀਸ਼ਵਰਾ ਨੰਦ ਲਲਵਾਣ, ਸੰਤ ਫਕੀਰ ਦਾਸ ਮੁਬਾਰਕਪੁਰ,ਸੰਤ ਸ਼ਾਮ ਦਾਸ ਮਾਹਲ ਗੇਹਲਾਂ, ਸੰਤ ਜਗੀਰ ਸਿੰਘ ਲਲਵਾਣ, ਸੰਤ ਪ੍ਰੀਤਮ ਦਾਸ ਸੰਗਤਪੁਰਾ, ਲਵਪ੍ਰੀਤ ਸੇਵਾਦਾਰ ਡੇਰਾ ਸੰਤ ਸੀਤਲ ਦਾਸ [illegible] ਗਨੇਸ਼ਪੁਰ, ਰਾਮ ਪਾਲ ਭਾਟਾ, ਸੁਖਦੇਵ ਸਿੰਘ ਭਾਟਾ, ਕੁਲਦੀਪ ਮਾਣਕ ਸਲੋਹ, ਕੇਵਲ ਸਿੰਘ ਸਲੋਹ, ਪ੍ਰੀਤਮ ਦਾਸ ਸਲੇਮਪੁਰ, ਹਰਮੇਸ਼ ਸਿੰਘ ਬਾੜੀਆਂ, ਹਰਮੇਲ ਸਿੰਘ, ਹਰਪਾਲ ਸਿੰਘ, ਗੁਰਮੁੱਖ ਸਿੰਘ, ਮੋਹਿਤ ਸਿੰਘ ਅਤੇ ਨਗਰ ਨਿਵਾਸੀ ਸੰਗਤਾਂ ਹਾਜ਼ਰ ਸਨ। ਸੰਤ ਸੰਤੋਖ ਦਾਸ ਵਲੋਂ ਸੰਤਾਂ,ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



# ਰਵਿੰਦਰ ਬ੍ਰਹਮਪੁਰਾ 'ਆਪ' 'ਚ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਾਬਕਾ ਸਾਂਸਦ ਰਣਜੀਤ ਸਿੰਘ ਬ੍ਰਹਮਪੁਰਾ ਦੇ ਪੁੱਤਰ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਆਪਣੇ ਸਾਥੀਆਂ ਸਮੇਤ ਮੰਗਲਵਾਰ ਨੂੰ ਆਪ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦੀ ਪਾਰਟੀ ਵਿੱਚ ਰਸਮੀ ਤੌਰ ਤੇ ਸ਼ਮੂਲੀਅਤ ਕਰਵਾਉਂਦਿਆਂ ਕਿਹਾ ਕਿ ਸਮਾਜ ਅਤੇ ਪੰਜਾਬ ਲਈ ਚੰਗੀ ਸੋਚ ਰੱਖਣ ਵਾਲੇ ਲੋਕਾਂ ਦਾ ਆਮ ਆਦਮੀ ਪਾਰਟੀ ਵਿੱਚ ਹਮੇਸ਼ਾ ਸਵਾਗਤ ਹੈ। ਰਵਿੰਦਰ ਸਿੰਘ ਬ੍ਰਹਮਪੁਰਾ ਦੇ ਨਾਲ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਮੁੱਖ ਸ਼ਖਸੀਅਤਾਂ ਵਿੱਚ ਕੰਵਰਦੀਪ ਸਿੰਘ ਬ੍ਰਹਮਪੁਰਾ, ਅਮਰੀਕ ਸਿੰਘ ਸਰਪੰਚ, ਹਰਜਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਬੱਲੀ (ਡਾਇਰੈਕਟਰ), ਜਤਿੰਦਰ ਸਿੰਘ ਕੈਰੋਂ, ਭਤੇਰ, ਬਲਰਾਜ ਸਿੰਘ ਮੋਜ਼, ਮਨਪ੍ਰੀਤ ਸਿੰਘ ਕੈਰੋਂ, ਗੁਰਜੰਟ ਸਿੰਘ ਕੈਰੋਂ, ਲਵਪ੍ਰੀਤ ਸਿੰਘ ਕੈਰੋਂ, ਬਲਜਿੰਦਰ ਸਿੰਘ ਗੋਹਲਵੜ, ਹਰਿੰਦਰਪਾਲ ਸਿੰਘ ਖਹਿਰਾ, ਜਗਜੀਤ ਹੁੰਦਲ ਅਤੇ ਗੁਰਪ੍ਰੀਤ ਸਿੰਘ ਸ਼ਾਮਲ ਹਨ।

# ਲੱਖਾ ਵੱਲੋਂ ਨੌਜਵਾਨ ਵੋਟਰਾਂ ਨੂੰ ਵੋਟ ਬਣਾਉਣ ਦੀ ਅਪੀਲ

**ਮੋਹਾਲੀ (ਗੁਰਜੀਤ ਬਿੱਲਾ)**- ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਚੋਣ ਸਵੀਪ ਗਤੀਵਿਧੀਆਂ ਤਹਿਤ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰ ਹੋਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਪੰਜਾਬੀ ਫਿਲਮਾਂ ਦੇ ਉੱਘੇ ਅਦਾਕਾਰ ਲਖਵਿੰਦਰ ਲੱਖਾ ਜ਼ਿਲ੍ਹਾ ਚੋਣ ਦਫ਼ਤਰ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਨੌਜਵਾਨ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਹਨ ਅਤੇ ਅਜੇ ਤੱਕ ਉਨ੍ਹਾਂ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਨਹੀਂ ਹੋਇਆ, ਉਹ ਆਪਣੀ ਵੋਟ ਜਲਦ ਤੋਂ ਜਲਦ ਬਣਵਾਉਣ। ਇਸ ਮੌਕੇ ਉੱਘੇ ਚਿੱਤਰਕਾਰ ਗੁਰਪ੍ਰੀਤ ਸਿੰਘ ਨਾਮਧਾਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ. ਗੁਰਬਖ਼ਸ਼ੀਸ਼ ਸਿੰਘ ਅੰਟਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਵਿੱਚ ਸਥਾਪਿਤ ਇਲੈਕਟੋਰਲ ਲਿਟਰੇਸੀ ਕਲੱਬਜ਼ ਨੂੰ ਸਰਗਰਮ ਕਰਦਿਆਂ ਨੌਜਵਾਨਾਂ ਤੱਕ ਵੋਟਰ ਰਜਿਸਟ੍ਰੇਸ਼ਨ ਅਤੇ ਚੋਣੀ ਭਾਗੀਦਾਰੀ ਦਾ ਸੰਦੇਸ਼ ਪਹੁੰਚਾਇਆ ਜਾ ਰਿਹਾ ਹੈ।ਇਸ ਮੌਕੇ ਚੋਣ ਤਹਿਸੀਲਦਾਰ ਸ੍ਰੀਮਤੀ ਹਰਪ੍ਰੀਤ ਕੌਰ, ਇਲੈਕਸ਼ਨ ਕਾਨੂੰਗੋ ਸੁਰਿੰਦਰ ਬੱਤਰਾ ਤੋਂ ਇਲਾਵਾ ਸਵੀਪ ਟੀਮ ਦੇ ਮੈਂਬਰ ਸ੍ਰੀਮਤੀ ਵਰਿੰਦਰ ਕੌਰ ਅਤੇ ਸ੍ਰੀਮਤੀ ਗੁਰਮੀਤ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਰੋਹਿਤ ਕੁਮਾਰ ਟੈਕਨੀਕਲ ਸਰਵਿਸਿਜ਼ ਯੂਨੀਅਨ ਭੰਗਲ ਸਬ-ਡਵੀਜ਼ਨ ਦੇ ਪ੍ਰਧਾਨ ਬਣੇ




**ਨੰਗਲ (ਸੁਰਜੀਤ ਸਿੰਘ)**- ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਦੀਆਂ 41 ਵੀਆਂ ਚੋਣ ਸਰਗਰਮੀਆਂ ਤਹਿਤ ਸਬ ਡਵੀਜ਼ਨ ਨੰਗਲ ਦੀ ਚੋਣ ਕੀਤੀ ਗਈ। ਜਿਸ ਵਿੱਚ ਸਬ ਡਵੀਜ਼ਨ ਦੇ ਸਮੂਹ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ । ਇਸ ਚੋਣ ਦੌਰਾਨ ਸਬ ਡਵੀਜ਼ਨ ਸਕੱਤਰ ਅਜੇ ਕੁਮਾਰ ਵੱਲੋਂ ਸਬ ਡਵੀਜ਼ਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਗਈ ਅਤੇ ਕਮਲ ਸਿੰਘ ਕੈਸ਼ੀਅਰ ਵੱਲੋਂ ਵਿੱਤ ਰਿਪੋਰਟ ਪੇਸ਼ ਕੀਤੀ ਗਈ ਜਿਸ ਨੂੰ ਸਮੂਹ ਸਬ ਡਵੀਜ਼ਨ ਦੇ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਸਬ ਡਵੀਜ਼ਨ ਪ੍ਰਧਾਨ ਅਜਮੇਰ ਸਿੰਘ ਵੱਲੋਂ ਪੁਰਾਣੀ ਕਮੇਟੀ ਭੰਗ ਕਰਕੇ ਨਵੇਂ ਕਮੇਟੀ ਦੀ ਚੋਣ ਕਰਨ ਦੇ ਲਈ ਚੋਣ ਨਿਗਰਾਨ ਕਮੇਟੀ ਨੂੰ ਕਾਰਵਾਈ ਰਜਿਸਟਰ ਸੌਂਪਿਆ ਗਿਆ ਅਤੇ ਚੋਣ ਨਿਗਰਾਨ ਕਮੇਟੀ ਵੱਲੋਂ ਸਬ ਡਵੀਜ਼ਨ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਸਬ ਡਵੀਜ਼ਨ ਪ੍ਰਧਾਨ ਰੋਹਿਤ ਕੁਮਾਰ, ਮੀਤ ਪ੍ਰਧਾਨ ਕੁਲਵੀਰ ਸਿੰਘ, ਸਕੱਤਰ ਰਾਮ ਲਾਲ, ਸਹਾਇਕ ਸਕੱਤਰ ਅਮਿਤ ਕੁਮਾਰ ਅਤੇ ਕੈਸ਼ੀਅਰ ਕਮਲ ਕੁਮਾਰ ਫੋਰਮੈਨ ਸਰਬਸੰਮਤੀ ਨਾਲ ਚੁਣਿਆ ਗਿਆ। ਸਮੂਹ ਸਾਥੀਆਂ ਵੱਲੋਂ ਚੋਣ ਨਿਗਰਾਨ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਯੂਨੀਅਨ ਦੇ ਹਰ ਕੰਮਾਂ ਦੇ ਲਈ ਅਤੇ ਸੰਘਰਸ਼ ਦੇ ਲਈ ਸਾਥੀ ਦਿਨ ਰਾਤ ਮਿਹਨਤ ਕਰਨਗੇ ਅਤੇ ਹਰ ਪ੍ਰੋਗਰਾਮ ਨੂੰ ਧੜੱਲੇ ਨਾਲ ਲਾਗੂ ਕਰਨਗੇ। ਅੱਜ ਦੀ ਇਸ ਚੋਣ ਨਿਗਰਾਨ ਦੀ ਪ੍ਰਧਾਨਗੀ ਤਰਸੇਮ ਲਾਲ ਡਵੀਜ਼ਨ ਪ੍ਰਧਾਨ, ਜਰਨੈਲ ਸਿੰਘ ਸਕੱਤਰ ਵੱਲੋਂ ਨਿਭਾਈ ਗਈ ਅਤੇ ਸੂਬਾ ਕੈਸ਼ੀਅਰ ਸੰਤੋਖ ਸਿੰਘ ਤੇ ਸਰਕਲ ਕੈਸ਼ੀਅਰ ਰਾਮ ਕ੍ਰਿਸ਼ਨ ਬੈਂਸ, ਰਕੇਸ਼ ਕੁਮਾਰ ਜੇਈ ਬੀਬੀਐਮਬੀ ਤੋਂ ਅਤੇ ਵਰਿੰਦਰ ਕੁਮਾਰ, ਨੀਰਜ ਕੁਮਾਰ, ਰਜਿੰਦਰ ਸਿੰਘ ਜੇਈ, ਅਨਿਲ ਕੁਮਾਰ ਜੇਈ, ਜਸਵੀਰ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਚੁਣੀ ਹੋਈ ਕਮੇਟੀ ਨੂੰ ਮੁਬਾਰਕਬਾਦ ਦਿੱਤੀ।

# ਨੌਜਵਾਨਾਂ ਨੂੰ ਬਾਣੀ, ਬਾਣੇ ਤੇ ਸਿੱਖੀ ਦੇ ਮਾਰਗ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ : ਗੜਗੱਜ

**ਜਲੰਧਰ (ਸੁਰਿੰਦਰ ਕੁਮਾਰ)**- ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਮੀਰੀ ਪੀਰੀ ਖ਼ਾਲਸਾ ਮਾਰਚ ਤੀਜੇ ਪੜਾਅ ਤਹਿਤ ਗੁਰਦੁਆਰਾ ਸਾਹਿਬ, ਕਰਤਾਰਪੁਰ (ਜਲੰਧਰ) ਤੋਂ ਖ਼ਾਲਸਈ ਜਾਹੋ ਜਲਾਲ ਨਾਲ ਆਪਣੇ ਅਗਲੇ ਪੜਾਅ ਲਈ ਰਵਾਨਾ ਹੋਇਆ। ਖ਼ਾਲਸਾ ਮਾਰਚ ਦੀ ਆਰੰਭਤਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਸਮੇਤ ਪ੍ਰਮੁੱਖ ਸਖਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਜੇ ਧਾਰਮਿਕ ਦੀਵਾਨ ਸਮੇਂ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਸੰਗਤ ਨਾਲ ਗੁਰ-ਇਤਿਹਾਸ ਦੀ ਸਾਂਝ ਪਾਈ ਅਤੇ ਬਾਣੀ ਬਾਣੇ ਦੇ ਧਾਰਨੀ ਹੋਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰਬਾਣੀ ਅਤੇ ਗੁਰੂ ਸ਼ਬਦ ਦਾ ਓਟ-ਆਸਰਾ ਲੈ ਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਜੀਵਨ ਬਤੀਤ ਕਰਨਾ ਹੈ। ਉਨ੍ਹਾਂ ਕਿਹਾ ਕਿ ਦੁੱਖ ਹੋਵੇ ਜਾਂ ਸੁੱਖ, ਹਰ ਅਵਸਥਾ ਵਿੱਚ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਸਿੱਖ ਦੇ ਜੀਵਨ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਜੇ ਸਾਡਾ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਪੂਰਨ ਵਿਸ਼ਵਾਸ ਹੈ ਤਾਂ ਗੁਰੂ ਸਾਹਿਬ ਹਮੇਸ਼ਾ ਅੰਗ-ਸੰਗ ਸਹਾਈ ਹੁੰਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਬਾਣੀ, ਬਾਣੇ ਅਤੇ ਸਿੱਖੀ ਦੇ ਮਾਰਗ ਨਾਲ ਜੋੜਨਾ ਅੱਜ ਸਮੇਂ ਦੀ ਵੱਡੀ ਲੋੜ ਹੈ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਜਾਤ-ਪਾਤ ਅਤੇ ਉਚ-ਨੀਚ ਦੇ ਭੇਦਭਾਵ ਤੋਂ ਉੱਪਰ ਰੱਖਦਿਆਂ ਬਰਾਬਰੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਹਰ ਸਿੱਖ ਦੀ ਕੋਸ਼ਿਸ਼ ਹੋਵੇ ਕਿ ਸਾਡੇ ਨੌਜਵਾਨ ਆਪਣੀ ਵਿਰਾਸਤ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਆਪਣੇ ਇਤਿਹਾਸ ਨਾਲ ਜੁੜੇ ਰਹਿਣ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਮੁੱਖ ਮਕਸਦ ਗੁਰੂ ਸਾਹਿਬਾਨ ਦੇ ਉਸ ਮਹਾਨ ਸੰਦੇਸ਼ ਨੂੰ ਘਰ-ਘਰ ਪਹੁੰਚਾਉਣਾ ਹੈ, ਜੋ ਮਨੁੱਖ ਨੂੰ ਬਰਾਬਰੀ, ਨਿਆਂ, ਸੇਵਾ, ਨਸ਼ਾ-ਮੁਕਤੀ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਖਾਲਸਾ ਪੰਥ ਅਤੇ ਸਿੱਖ ਸੰਸਥਾਵਾਂ ਤੇ ਲੁਕਵੇਂ ਢੰਗ ਨਾਲ ਹਮਲੇ ਕੀਤੇ ਜਾ ਰਹੇ ਹਨ, ਜਿਸ ਪ੍ਰਤੀ ਸੰਗਤਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖਾਲਸਾ ਮਾਰਚ ਦੌਰਾਨ ਹੁਣ ਤੱਕ 700 ਤੋਂ ਵਧੇਰੇ ਪਿੰਡਾਂ ਸ਼ਹਿਰਾਂ ਤੱਕ ਪਹੁੰਚ ਕੀਤੀ ਗਈ, ਜਿਸ ਦੌਰਾਨ ਸਭ ਤੋਂ ਵੱਡੀ ਸਮੱਸਿਆ ਨਸ਼ਿਆਂ ਦਾ ਆਮ ਮਿਲਣਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਟਾਕਰੇ ਲਈ ਹਰ ਸੁਹਿਰਦ ਵਿਅਕਤੀ ਨੂੰ ਯਤਨ ਕਰਨ ਦੀ ਲੋੜ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰਨ ਦੀ ਸੇਵਾ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਦਵਿੰਦਰ ਕੌਰ ਕਾਲੜਾ, ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸੁਖਬੀਰ ਸਿੰਘ, ਰਣਜੀਤ ਸਿੰਘ ਜਲੰਧਰ, ਬਾਬਾ ਬਲਦੇਵ ਸਿੰਘ ਵੱਲ੍ਹਾ, ਇੰਚਾਰਜ ਰਾਜਵਿੰਦਰ ਸਿੰਘ ਜੋਗਾ, ਗੁਰਭਾਗ ਸਿੰਘ, ਮੈਨੇਜਰ ਸਤਿੰਦਰ ਸਿੰਘ, ਪ੍ਰਚਾਰਕ ਕਮ ਨਿਗਰਾਨ ਭਾਈ ਹਰਜੀਤ ਸਿੰਘ, ਗਿਆਨੀ ਬਲਦੇਵ ਸਿੰਘ ਮੁਹਾਲੀ, ਮੈਨੇਜਰ ਕੰਵਲਜੀਤ ਸਿੰਘ, ਭੁਪਿੰਦਰ ਸਿੰਘ ਬੁੱਟਰ, ਮੋਹਨਦੀਪ ਸਿੰਘ, ਭਾਈ ਬਲਕਾਰ ਸਿੰਘ ਅਤੇ ਸੰਗਤਾਂ ਮੌਜੂਦ ਸਨ।



# ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਦਾ ਗਠਨ

**ਚੰਡੀਗੜ੍ਹ (ਸੁਰਜੀਤ ਸੁਮਨ)**- ਸਨੀ ਐਨਕਲੇਵ, ਸੈਕਟਰ 125 ਦੇ ਮਕਾਨ ਨੰਬਰ 6000 ਤੋਂ 6700 ਤੱਕ ਦੇ ਵਸਨੀਕਾਂ ਨੇ ਉਨ੍ਹਾਂ ਨੂੰ ਪੀਣ ਵਾਲੇ ਪਾਣੀ, ਸੀਵਰੇਜ਼ ਅਤੇ ਟੁੱਟੀਆਂ ਸੜਕਾਂ ਨੂੰ ਲੈ ਕੇ ਆ ਰਹੀਆਂ ਗੰਭੀਰ ਦਿੱਕਤਾਂ ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ 150 ਤੋਂ ਵੱਧ ਵਸਨੀਕਾਂ ਨੇ ਭਾਗ ਲਿਆ। ਇਸ ਮੌਕੇ ਸਰਵ-ਸੰਮਤੀ ਨਾਲ਼ ਇੱਕ 25 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜੋ ਇਨ੍ਹਾਂ ਸਾਰੇ ਮਸਲਿਆਂ ਦਾ ਹੱਲ ਕਰਵਾਉਣ ਲਈ ਯਤਨਸ਼ੀਲ ਹੋਵੇਗੀ।ਇਸ ਕਮੇਟੀ ਵਿੱਚ ਅਵਿਨਾਸ਼ ਸ਼ਰਮਾ ਪ੍ਰਧਾਨ, ਸਾਬਕਾ ਐੱਸ ਡੀ ਓ ਹਰਮੇਸ਼ ਸਿੰਘ ਸੈਣੀ ਉਪ ਪ੍ਰਧਾਨ, ਐਡਵੋਕੇਟ ਸੰਦੀਪ ਸਿੰਘ ਗਰੇਵਾਲ ਉਪ ਪ੍ਰਧਾਨ, ਐੱਚ ਐੱਸ ਬਾਲੀ ਸਕੱਤਰ, ਗੁਰਜੀਤ ਸਿੰਘ ਲਾਂਬਾ ਜਰਨਲ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਅਨੁਭਵ ਬਾਂਸਲ, ਕਰਮਵੀਰ ਸਿੰਘ, ਨਿਰਮਲ ਸਿੰਘ, ਮਨੀਸ਼, ਕੇਵਲ, ਕੰਵਰਜੀਤ ਸਿੰਘ, ਰਕੇਸ਼, ਅਨੂਪ, ਪਰਵੀਨ ਸੈਣੀ, ਕਰਨੈਲ ਸਿੰਘ, ਰਾਮ ਸਿੰਘ, ਅਮਨ, ਕਿਸ਼ੋਰੀ ਲਾਲ, ਮਨਦੀਪ, ਗੁਰਵਿੰਦਰ ਪਾਲ ਸਿੰਘ, ਸੁਰਿੰਦਰ ਧੀਮਾਨ, ਸੁਖਜਿੰਦਰ ਸਿੰਘ, ਜਤਿੰਦਰ ਵਰਮਾ ਅਤੇ ਹੋਰ ਆਦਿ ਮੈਂਬਰ ਚੁਣੇ ਗਏ ਹਨ। ਨਵੀ ਕਾਰਜਕਾਰੀ ਕਮੇਟੀ ਅਤੇ ਮੈਂਬਰ, ਇਸ ਐਸੋਸੀਏਸ਼ਨ ਦੇ ਨਿਯਮਾਂ ਅਤੇ ਉਦੇਸ਼ਾਂ ਅਨੁਸਾਰ ਸਾਰੇ ਵਸਨੀਕਾਂ ਦੀ ਭਲਾਈ ਅਤੇ ਵਿਕਾਸ ਲਈ ਮਿਲ ਜੁਲ ਕੇ ਕੰਮ ਕਰਨਗੇ।



# 'ਆਪ' ਸਰਕਾਰ ਨੇ ਸਰਕਾਰੀ ਖਜ਼ਾਨੇ ਦਾ ਮੂੰਹ ਸੂਬੇ ਦੇ ਲੋਕਾਂ ਲਈ ਖੋਲ੍ਹਿਆ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਜਾਰੀ ਕੀਤੀਆਂ ਗਈਆਂ ਲੋਕ ਭਲਾਈ ਯੋਜਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਦੀ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਕਸਬਾ ਹਰਿਆਣਾ ਵਿੱਚ ਘਰ-ਘਰ ਪਹੁੰਚ ਕੀਤੀ ਗਈ ਅਤੇ ਇਸ ਦੌਰਾਨ ਲੋਕਾਂ ਨਾਲ ਵੱਖ-ਵੱਖ ਸਕੀਮਾਂ ਪ੍ਰਤੀ ਜਾਣਕਾਰੀ ਸਾਂਝੀ ਕੀਤੀ ਗਈ। ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰ ਇੱਕ ਪਰਿਵਾਰ ਨੂੰ 600 ਯੂਨਿਟ ਫ੍ਰੀ ਬਿਜਲੀ, ਕਿਸਾਨਾਂ ਨੂੰ ਦਿਨ ਸਮੇਂ ਟਿਊਬਵੈੱਲਾਂ ਦੀ ਬਿਜਲੀ ਸਪਲਾਈ, ਤੀਰਥ ਯਾਤਰਾ ਸਕੀਮ, ਸਰਕਾਰੀ ਨੌਕਰੀਆਂ ਬਿਨਾਂ ਪੱਖਪਾਤ ਤੋਂ ਦੇਣ, ਮੁਫਤ ਬੱਸ ਸਰਵਿਸ ਦੀ ਸਹੂਲਤ, ਮਾਵਾਂ ਧੀਆਂ ਸਤਿਕਾਰ ਯੋਜਨਾ ਸਮੇਤ ਹੋਰ ਕਈ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਨੇ ਸਰਕਾਰੀ ਖਜਾਨੇ ਦਾ ਮੂੰਹ ਆਮ ਲੋਕਾਂ ਨੂੰ ਸਹੂਲਤਾਂ ਦੇਣ ਲਈ ਖੋਲ੍ਹਿਆ ਹੈ ਜਦੋਂ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਆਗੂ ਆਪਣੀਆਂ ਸਰਕਾਰਾਂ ਸਮੇਂ ਸਰਕਾਰੀ ਖਜ਼ਾਨੇ ਨਾਲ ਆਪਣੇ ਪਰਵਾਰਾਂ ਦਾ ਹੀ ਵਿਕਾਸ ਕਰਦੇ ਰਹੇ ਹਨ।

ਇਸ ਮੌਕੇ ਪ੍ਰਧਾਨ ਸੰਜੇ ਕਪਿਲਾ, ਮੁਕੇਸ਼ ਡਡਵਾਲ, ਗੁਰਵਿੰਦਰ ਸਿੰਘ ਪਾਬਲਾ, ਰਜਵੰਤ ਕੌਰ ਧਾਮੀ, ਸਰਪੰਚ ਅਮਨਦੀਪ ਸੱਜਣਾ, ਬਿਕਰਮ ਗੀਹਲ, ਲਵਦੀਪ ਸਿੰਘ ਗਿੱਲ, ਅਮਰਜੀਤ ਵਿਰਦੀ, ਕਮਲ ਧੂਤ ਸਮੇਤ ਬਲਾਕ ਪ੍ਰਧਾਨ ਵੀ ਮੌਜੂਦ ਸਨ।

# ਖ਼ੂਨਦਾਨ ਕੈਂਪ 'ਚ 68 ਯੂਨਿਟ ਖ਼ੂਨ ਇਕੱਤਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਲਾਇਨਜ਼ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦਿਆਂ 37ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਬਖਤਾਵਰ ਸਿੰਘ ਰਾਣਾ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਦੀ ਟੀਮ ਵੱਲੋਂ 68 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਹ ਕੈਂਪ ਲਾਇਨ ਪ੍ਰਭਦੀਪ ਸਿੰਘ ਤਲਵਾੜ ਵੱਲੋਂ ਆਪਣੇ ਦਾਦਾ-ਦਾਦੀ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਲਾਇਨ ਪਾਲ ਸਿੰਘ ਬੰਗਾ ਨੇ ਸਟਾਰ ਗੈਸਟ ਵਜੋਂ ਸ਼ਿਰਕਤ ਕੀਤੀ। ਪੀ ਡੀ ਜੀ ਲਾਇਨ ਰਸ਼ਪਾਲ ਸਿੰਘ ਬਚਾਜੀਵੀ, ਲਾਇਨ ਪਰਮਜੀਤ ਸਿੰਘ ਚਾਵਲਾ ਅਤੇ ਲਾਇਨ ਹਰਦੀਪ ਸਿੰਘ ਖੜਕਾ ਗੈਸਟ ਆਫ਼ ਆਨਰ ਵਜੋਂ ਹਾਜ਼ਰ ਹੋਏ। ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਸਰਕਾਰੀ ਹਸਪਤਾਲ ਤੋਂ ਡਾ. ਅਮਰਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ। ਕੈਂਪ ਦੌਰਾਨ ਲਾਇਨਜ਼ ਕਲੱਬ ਦੇ ਪ੍ਰਧਾਨ ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਸਕੱਤਰ ਲਾਇਨ ਇੰਦਰਜੀਤ ਸਿੰਘ ਅਰੋੜਾ, ਖ਼ਜ਼ਾਨਚੀ ਲਾਇਨ ਕੁਲਦੀਪ ਸਿੰਘ ਭੱਠੇ ਵਾਲੇ, ਪੀ.ਆਰ.ਓ. ਲਾਇਨ ਦੇਵਿੰਦਰ ਕੌਸ਼ਲ, ਲਾਇਨ ਦੀਪਕ ਰਾਣਾ, ਲਾਇਨ ਸੁਖਵਿੰਦਰ ਸਿੰਘ ਬਿੱਟੂ, ਲਾਇਨ ਤੇਜਿੰਦਰ ਸਿੰਘ ਚੰਨ, ਲਾਇਨ ਕਮਲਜੀਤ ਵਰਮਾ, ਲਾਇਨ ਜਗਤਾਰ ਸਿੰਘ ਸੰਘਾ, ਲਾਇਨ ਮਨਿੰਦਰ ਪਾਲ ਸਿੰਘ ਮਣੀ, ਲਾਇਨ ਜਸਵਿੰਦਰ ਸਿੰਘ ਸੋਨੂ, ਲਾਇਨ ਮਹੇਸ਼ ਕੁਮਾਰ, ਲਾਇਨ ਅਮਰਿੰਦਰ ਸਿੰਘ ਚੀਮਾ, ਲਾਇਨ ਡਾ. ਗੁਰਪਾਲ ਸਿੰਘ, ਲਾਇਨ ਡਾ. ਜਗਰੂਪ ਸਿੰਘ, ਲਾਇਨ ਐਡਵੋਕੇਟ ਵਿਸ਼ਾਲ ਮਹਿਰਾ ਅਤੇ ਲਾਇਨ ਅਮਰਜੀਤ ਸਿੰਘ ਸਮੇਤ ਹੋਰ ਮੈਂਬਰ ਮੌਜੂਦ ਸਨ। ਇਸ ਤੋਂ ਇਲਾਵਾ ਡਾ. ਵੀਰਪਾਲ ਸਿੰਘ, ਡਾ. ਰਵਿੰਦਰ ਸਿੰਘ, ਪ੍ਰੋ. ਸੁਖਵਿੰਦਰ ਸਿੰਘ, ਲਖਵੀਰ ਸਿੰਘ, ਸੁਖਦੇਵ ਸਿੰਘ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ 'ਆਪ', ਭਾਜਪਾ ਦੇ ਸੀਨੀਅਰ ਆਗੂ ਕੇ.ਕੇ. ਬੇਦੀ, ਹਰੀ ਓਮ ਨਰਗਿਸ, ਦਰਸ਼ਨ ਸਿੰਘ ਪ੍ਰਧਾਨ ਗੁਰਦੁਆਰਾ ਭਗਤ ਰਵਿਦਾਸ ਕਮੇਟੀ, ਰਵੀ ਹੰਸ ਚੇਅਰਮੈਨ ਰੇਹੜੀ ਖੋਖਾ ਯੂਨੀਅਨ, ਹਰਜੋਤ ਸਿੰਘ, ਸੰਜੇ ਮਹਾਜਨ, ਰਾਜੂ ਮਹਾਜਨ, ਅਜੈ ਰਾਣਾ ਸਾਬਕਾ ਸਰਪੰਚ ਅਗੰਮਪੁਰ, ਤੇਜਪਾਲ ਸਿੰਘ, ਰਵੀ ਲਟਾਵਾ, ਹਰਜੀਤ ਸਿੰਘ ਸੋਢੀ, ਐਡਵੋਕੇਟ ਰਜਤ ਬੇਦੀ, ਜਪਜੋਤ ਸਿੰਘ ਸੈਫ਼ੀ ਅਰੋੜਾ, ਕੰਨਵਰਪਾਲ ਸਿੰਘ ਅਮੋਲ, ਜਸਕਰਨ ਸਿੰਘ, ਕਾਲਾ ਵਾਲੀਆ, ਰਿਸ਼ੂ ਕੌਸ਼ਲ ਅਤੇ ਹਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਸਵਰਗਧਾਮ ਦਸੂਹਾ ਦੇ ਕਾਇਆ-ਕਲਪ ਲਈ ਘੁੰਮਣ ਨੇ ਦਿੱਤੇ 11 ਹਜ਼ਾਰ

**ਦਸੂਹਾ (ਕਰਨੈਲ ਮਾਂਗਟ)**- ਸਵਰਗਧਾਮ ਦਸੂਹਾ ਦੇ ਵਿਕਾਸ, ਨਵੀਨੀਕਰਨ ਅਤੇ ਸੁੰਦਰੀਕਰਨ ਲਈ ਚੱਲ ਰਹੀ ਮੁਹਿੰਮ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਲਗਾਤਾਰ ਸਹਿਯੋਗ ਮਿਲ ਰਿਹਾ ਹੈ। ਇਸੇ ਲੜੀ ਤਹਿਤ ਸੀਨੀਅਰ ਐਡਵੋਕੇਟ ਅਤੇ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਦਸੂਹਾ ਭੁਪਿੰਦਰ ਸਿੰਘ ਘੁੰਮਣ ਵੱਲੋਂ ਸਵਰਗਧਾਮ ਦਸੂਹਾ ਦੇ ਨਵੀਨੀਕਰਨ ਕਾਰਜਾਂ ਲਈ 11 ਹਜ਼ਾਰ ਰੁਪਏ ਐਡਵੋਕੇਟ ਪੁਨੀਤ ਬੱਸੀ ਮੈਨੇਜਰ ਸਵਰਗਧਾਮ ਦਸੂਹਾ, ਅਤੇ ਪ੍ਰਧਾਨ ਓਮਕਾਰ ਨਾਥ ਰੱਲਹਨ ਨੂੰ ਦਿੱਤੇ। ਸਵਰਗਧਾਮ ਦੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣ ਅਤੇ ਸਮਾਜ ਦੇ ਦਾਨੀ ਸੱਜਣਾਂ ਨੂੰ ਇਸ ਮੁਹਿੰਮ ਨਾਲ ਜੋੜਨ ਵਿੱਚ ਐਡਵੋਕੇਟ ਪੁਨੀਤ ਬੱਸੀ ਵੱਲੋਂ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਹੈ। ਇਸ ਮੌਕੇ ਤੇ ਸੀਨੀਅਰ ਐਡਵੋਕੇਟ ਭੁਪਿੰਦਰ ਸਿੰਘ ਘੁੰਮਣ ਵੱਲੋਂ ਦਿੱਤੇ ਸਹਿਯੋਗ ਲਈ ਸਵਰਗਧਾਮ ਪ੍ਰਬੰਧਨ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੇ ਸੇਵਾ ਭਾਵਨਾ ਰੱਖਣ ਵਾਲੇ ਲੋਕਾਂ ਵੱਲੋਂ ਮਿਲ ਰਿਹਾ ਸਹਿਯੋਗ ਨਵੀਨੀਕਰਨ ਅਤੇ ਸੁੰਦਰੀਕਰਨ ਦੇ ਕਾਰਜਾਂ ਨੂੰ ਹੋਰ ਗਤੀ ਦੇ ਰਿਹਾ ਹੈ। ਇਸ ਮੌਕੇ ਤੇ ਸਰਕਾਰੀ ਠੇਕੇਦਾਰ ਅਮਿਤ ਬੱਸੀ, ਐਡਵੋਕੇਟ ਬਲਬੀਰ ਗਿੱਲ, ਪ੍ਰਧਾਨ ਬਾਰ ਐਸੋਸੀਏਸ਼ਨ ਦਸੂਹਾ, ਸੀਨੀਅਰ ਐਡਵੋਕੇਟ ਤਜਿੰਦਰਪਾਲ ਸਿੰਘ ਚੀਮਾ, ਐਡਵੋਕੇਟ ਸ਼ੁਭ ਸਰੋਚ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਦਸੂਹਾ, ਐਡਵੋਕੇਟ ਮਨਦੀਪ ਹੁੰਦਲ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਦਸੂਹਾ, ਵਾਈਸ ਪ੍ਰਧਾਨ ਬਾਰ ਐਸੋਸੀਏਸ਼ਨ ਅਮਿਤ ਮੈਨਰਾਈ, ਐਡਵੋਕੇਟ ਧਨੋਆ ,ਐਡਵੋਕੇਟ ਐਮ.ਕੇ. ਪੁਰੀ, ਐਡਵੋਕੇਟ ਰਿਸ਼ਵ, ਮੰਗਜੀਤ ਗੰਬੋਵਾਲ, ਸੰਨੀ ਰਾਜਪੂਤ ਅਤੇ ਲੰਬੜਦਾਰ ਭੁੱਲਾ ਰਾਮ ਤੇਜੀ ਨੇ ਵੀ ਭੁਪਿੰਦਰ ਸਿੰਘ ਘੁੰਮਣ ਦਾ ਇਸ ਸੇਵਾ ਕਾਰਜ ਲਈ ਧੰਨਵਾਦ ਕੀਤਾ।



# ਸਾਲਾਨਾ ਜੋੜ ਮੇਲਾ 4 ਅਕਤੂਬਰ ਨੂੰ

**ਮਾਹਿਲਪੁਰ (ਸਫਰੀ)**- ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰੜਾ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਪਿੰਡ ਬਿੰਜੋ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਵਿਖੇ ਸਥਾਨ ਜਠੇਰਿਆਂ ਦੇ ਧਾਰਮਿਕ ਅਸਥਾਨ ਤੇ 4 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦਿਨ ਸਭ ਤੋਂ ਪਹਿਲਾਂ ਰੋਸ਼ਨ ਚਿਰਾਗ, ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਜਾਵੇਗੀ । ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਚਾਹ ਪਕੌੜਿਆਂ ਦਾ ਤੇ ਗੁਰੂ ਦੇ ਲੰਗਰ ਅਤੁੱਟ ਚੱਲਣਗੇ। ਇਸ ਮੌਕੇ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਬੀਬੀ ਬਲਵੀਰ ਕੌਰ ਠੰਡਲ, ਹੁਸਨ ਲਾਲ (ਹਾਈਕੋਰਟ ਜੱਜ), ਬਲਵੰਤ ਸਿੰਘ (ਸਾਬਕਾ ਚੀਫ ਇੰਜੀਨੀਅਰ ਪਟਿਆਲਾ) ਮੁਕੱਦਰ ਕਰੜਾ, ਜਸਵੀਰ ਕਰੜਾ, ਰਸ਼ਪਾਲ ਕਰੜਾ, ਗਿਆਨ ਸਿੰਘ ਨੰਬਰਦਾਰ, ਰਾਜਕੁਮਾਰ ਰਾਜੂ, ਚਰੰਜੀ ਲਾਲ, ਹਰਦਿਆਲ ਸਿੰਘ, ਓਕਾਰ ਸਿੰਘ, ਧਰਮਪਾਲ ਕਰੜਾ, ਮਹਿੰਦਰ ਪਾਲ ਬਾੜੀਆਂ, ਲਛਮਣ ਸਿੰਘ ਅੰਮ੍ਰਿਤਸਰ, ਰਾਮਜੀਤ ਕਰੜਾ, ਤੀਰਥ ਕਰੜਾ, ਮਾਸਟਰ ਸੋਮਰਾਥ ਕਰੜਾ ਆਦਿ ਆਪਣੀ ਹਾਜ਼ਰੀ ਲੁਆਣਗੇ।



# ਬਿਜਲੀ ਕੱਟਾਂ ਤੋਂ ਲੋਕ ਪ੍ਰੇਸ਼ਾਨ



**ਪੋਜੇਵਾਲ (ਰਾਮ ਲਾਲ)** ਰਾਤ ਦੇ ਸਮੇਂ ਲੱਗ ਰਹੇ ਬਿਜਲੀ ਦੇ ਕੱਟਾਂ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਯੂਥ ਕਾਂਗਰਸੀ ਆਗੂ ਪ੍ਰਿੰਸ ਪਵਾਰ ਨੇ ਕਿਹਾ ਕਿ ਬਿਜਲੀ ਸਪਲਾਈ ਵਿੱਚ ਵਾਰ-ਵਾਰ ਵਿਘਨ ਪੈਣ ਕਾਰਨ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ। ਪ੍ਰਿੰਸ ਪਵਾਰ ਨੇ ਕਿਹਾ ਕਿ ਖਾਸ ਕਰਕੇ ਰਾਤ ਸਮੇਂ ਬਿਜਲੀ ਬੰਦ ਹੋਣ ਨਾਲ ਬੱਚਿਆਂ, ਬਜ਼ੁਰਗਾਂ ਅਤੇ ਆਮ ਪਰਿਵਾਰਾਂ ਨੂੰ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣਾ ਸਬੰਧਤ ਵਿਭਾਗ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਵਿਭਾਗ ਰਾਤ ਸਮੇਂ ਲੱਗ ਰਹੇ ਕੱਟਾਂ ਦੀ ਸਮੱਸਿਆ ਵੱਲ ਤੁਰੰਤ ਧਿਆਨ ਦੇਵੇ ਅਤੇ ਬਿਜਲੀ ਸਪਲਾਈ ਨੂੰ ਸੁਚਾਰੂ ਬਣਾਉਣ ਲਈ ਠੋਸ ਕਦਮ ਚੁੱਕੇ।

# ਸੇਵਾ-ਮੁਕਤ ਉਪ ਸਕੱਤਰ ਹਰਨੇਕ ਸਿੰਘ ਦਾ ਦੇਹਾਂਤ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬ ਸਿਵਲ ਸਕੱਤਰੇਤ ਤੋਂ ਬਤੌਰ ਉਪ ਸਕੱਤਰ ਸੇਵਾ ਮੁਕਤ ਹਰਨੇਕ ਸਿੰਘ, ਪਿਛਲੇ ਦਿਨੀਂ ਗੰਭੀਰ ਦੁਰਘਟਨਾ ਦਾ ਸ਼ਿਕਾਰ ਹੋਣ ਕਾਰਨ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ 32 ਚੰਡੀਗੜ੍ਹ ਵਿਖੇ ਇਲਾਜ ਅਧੀਨ ਸਨ, ਜੋ ਸਦੀਵੀ ਵਿਛੋੜਾ ਦੇ ਗਏ ਸਨ। ਇਸ ਸੰਬੰਧੀ ਪੰਜਾਬ ਸਿਵਲ ਸਕੱਤਰੇਤ ਪਰਸਨਲ ਸਟਾਫ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਉੱਘੇ ਲੇਖਕ ਮਲਕੀਅਤ ਸਿੰਘ ਔਜਲਾ ਨੇ ਦੱਸਿਆ ਕਿ ਪਿਛਲੇ ਦਿਨੀਂ ਸਕੱਤਰੇਤ ਦੇ ਦੋ ਅਧਿਕਾਰੀਆਂ ਦੀ ਸ਼ਾਮਿਲ ਹੋਣ ਲਈ ਉਹ ਲਾਂਡਰਾਂ- ਬਨੂੜ ਸੜਕ ਤੋਂ ਤੰਗੌਰੀ ਨੇੜੇ ਪੈਲੇਸ ਵਿੱਚ ਪਾਰਟੀ ਅਟੈਂਡ ਕਰਨ ਲਈ ਆਪਣੀ ਐਕਟਿਵਾ ਰਾਹੀਂ ਜਾ ਰਹੇ ਸਨ। ਪਿੱਛੋਂ ਉਨ੍ਹਾਂ ਨੂੰ ਕਿਸੇ ਤੇਜ਼ ਗੱਡੀ ਨੇ ਫੇਟ ਮਾਰੀ ਅਤੇ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਉਕਤ ਹਸਪਤਾਲ ਲਿਜਾਇਆ ਗਿਆ।ਮਰਹੂਮ ਹਰਨੇਕ ਸਿੰਘ ਦੇ ਸਾਥੀ ਰਹੇ ਉੱਘੇ ਕਹਾਣੀਕਾਰ ਗੁਰਮੀਤ ਸਿੰਘ ਸਿੰਗਲ ਨੇ ਦੱਸਿਆ ਕਿ ਉਸ ਦੀ ਰੀੜ ਦੀ ਹੱਡੀ ਤਿੰਨ ਥਾਵਾਂ ਤੋਂ ਟੁੱਟ ਗਈ ਸੀ। ਇਸੇ ਤਰ੍ਹਾਂ ਛਾਤੀ ਦੀਆਂ ਪੱਸਲੀਆਂ ਅਤੇ ਗਰਦਣ ਦੇ ਮਣਕੇ ਵੀ ਟੁੱਟ ਗਏ ਸਨ। ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਉਸ ਦੇ ਘਰ ਫੋਨ ਕੀਤਾ ਕਰਕੇ ਪਰਵਾਰ ਨੂੰ ਸੂਚਨਾ ਦਿੱਤੀ ਗਈ।ਬਲੌਂਗੀ ਦੇ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ ਹੈ। ਇਸ ਮੌਕੇ ਪੰਜਾਬ ਸਿਵਲ ਸਕੱਤਰੇਤ ਦੇ ਅਧੀਨ ਸਕੱਤਰ ਪਰਮਦੀਪ ਸਿੰਘ ਭਬਾਤ, ਸੁਪਰਡੰਟ ਜਸਪ੍ਰੀਤ ਸਿੰਘ ਰੰਧਾਵਾ ਭੁਪਿੰਦਰ ਸਿੰਘ ਝੱਜ, ਕਮਲ ਸ਼ਰਮਾ, ਦਵਿੰਦਰ ਸਿੰਘ ਜੁਗਨੀ, ਰਾਜ ਕੁਮਾਰ ਸਾਹੋਵਾਲੀਆ ਅਤੇ ਹੋਰ ਮੁਲਾਜ਼ਮ ਅਧਿਕਾਰੀਆਂ/ ਕਰਮਚਾਰੀਆਂ ਅਤੇ ਆਗੂਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



# ਨਰਿੰਦਰ ਬੀਬਾ ਯਾਦਗਾਰੀ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ ਦਾ ਪੋਸਟਰ ਰਿਲੀਜ਼

**ਜਲੰਧਰ (ਲਖਵਿੰਦਰ ਸਿੰਘ ਆਧੀ)**- ਪੰਜਾਬ ਦੀ ਪ੍ਰਸਿੱਧ ਮਰਹੂਮ ਲੋਕ ਗਾਇਕਾ ਨਰਿੰਦਰ ਬੀਬਾ ਦੀ ਯਾਦ ਨੂੰ ਸਮਰਪਿਤ 28ਵੇਂ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ ਦਾ ਪੰਜਾਬ ਪ੍ਰੈਸ ਕਲੱਬ ਜਲੰਧਰ ਪ੍ਰੈੱਸ ਵਿਖੇ ਨਾਮਵਰ ਕਲਾਕਾਰਾਂ ਅਤੇ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ। ਇਹ ਮੇਲਾ ਪਿੰਡ ਸਾਦਿਕਪੁਰ ਵਿਖੇ ਪੂਰੀ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਰਣਜੀਤ ਕੌਰ ਕਾਕੜ (ਡਾਇਰੈਕਟਰ ਇਨਫੋਟੈਕ ਪੰਜਾਬ ਅਤੇ 'ਆਪ' ਮਹਿਲਾ ਵਿੰਗ ਦੀ ਸੂਬਾ ਮੀਤ ਪ੍ਰਧਾਨ) ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਅਤੇ ਮੇਲਿਆਂ ਦੀ ਧਰਤੀ ਹੈ। ਸਾਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਅਜਿਹੇ ਮੇਲੇ ਰਲ-ਮਿਲ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਜਥੇਦਾਰ ਬਲਬੀਰ ਸਿੰਘ ਚੀਮਾ (ਚੇਅਰਮੈਨ ਤਰਨਾਦਲ ਭਾਰਤ) ਨੇ ਕਿ ਮੁੱਖ ਸੰਚਾਲਕ ਗੁਰਨਾਮ ਸਿੰਘ ਨਿਧੜਕ ਵੱਲੋਂ ਲਗਾਏ ਜਾਂਦੇ ਇਹ ਮੇਲੇ ਅਸਲ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹਨ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਉਪਰਾਲੇ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਤੇ ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ (ਨਾਮਵਰ ਗਾਇਕ) ਨੇ ਕਿ ਨਰਿੰਦਰ ਬੀਬਾ ਪੰਜਾਬੀ ਲੋਕ ਗਾਇਕੀ ਦਾ ਥੰਮ੍ਹ ਸਨ, ਜਿਨ੍ਹਾਂ ਦੇ ਗੀਤ ਅੱਜ ਵੀ ਸਰੋਤਿਆਂ ਦੇ ਦਿਲਾਂ ਨੂੰ ਟੁੰਬਦੇ ਹਨ। ਅਤੇ ਗੁਰਨਾਮ ਸਿੰਘ ਨਿਧੜਕ (ਮੁੱਖ ਸੰਚਾਲਕ): ਭਾਵੁਕ ਹੁੰਦਿਆਂ ਉਨ੍ਹਾਂ ਦੱਸਿਆ ਕਿ ਉਹ 50 ਮੇਲਿਆਂ ਦੀ ਲੜੀ ਪੂਰੀ ਕਰਕੇ ਗੋਲਡਨ ਜੁਬਲੀ ਮਨਾਉਣ ਦਾ ਮਾਣ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮੇਲਾ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਸੁਨੇਹਾ ਦੇਵੇਗਾ। ਇਸ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਬਲਬੀਰ ਚੋਟੀਆ, ਜੈਸਮੀਨ ਚੋਟੀਆ, ਦਲਵਿੰਦਰ ਦਿਆਲਪੁਰੀ, ਚਰਨਜੀਤ ਚੰਨੀ, ਮੁਸਕਾਨ ਕੁਰੈਸ਼ੀ, ਗਾਮਾ ਫ਼ਕੀਰ, ਨੀਲੂ ਬੇਗਮ ਅਤੇ ਨਮਰਤਾ ਸਾਦਿਕਪੁਰੀ ਸਮੇਤ ਕਈ ਨਾਮਵਰ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਇਸ ਮੇਲੇ ਦੇ ਮੁੱਖ ਮਹਿਮਾਨ ਬੀਬੀ ਰਣਜੀਤ ਕੌਰ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਮੰਤਰੀ ਬਲਕਾਰ ਸਿੰਘ ਅਤੇ ਪਾਲਾ ਜਲਾਲਪੁਰੀ ਆਦਿ ਸ਼ਾਮਲ ਹੋਣਗੇ। ਲੋਕ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਜੇਤੂਆਂ ਅਤੇ ਸਖ਼ਸ਼ੀਅਤਾਂ ਨੂੰ ਇਨਾਮ ਤਕਸੀਮ ਕਰਨਗੇ। ਇਸ ਮੌਕੇ ਨਰਿੰਦਰਪਾਲ ਸਿੰਘ ਚੰਦੀ, ਜਸਵੀਰ ਜਲਾਲਪੁਰੀ, ਬਲਕਾਰ ਸਿੰਘ ਚੱਠਾ ਅਤੇ ਡਾ. ਜਗਤਾਰ ਸਿੰਘ ਚੰਦੀ ਪ੍ਰਧਾਨਗੀ ਦੀ ਭੂਮਿਕਾ ਨਿਭਾਉਣਗੇ।ਇਸ ਮੌਕੇ ਕਲੱਬ ਵਿਚ ਮਨਦੀਪ ਸਿੰਘ ਝੀਤਾ, ਕੁਲਦੀਪ ਸਿੰਘ, ਜਸਪਿੰਦਰ ਸਿੰਘ ਚੀਮਾ, ਜਥੇਦਾਰ ਸਨੀ ਕਾਕੜਾ, ਤਰਨਦੀਪ ਸਿੰਘ ਰੂਬੀ ਅਤੇ ਗੁਰਦੇਵ ਸਿੰਘ ਸਾਦਿਕਪੁਰ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।




# ਓ ਬੀ ਸੀ ਸੈੱਲ ਕਾਂਗਰਸ ਵੱਲੋਂ ਰਾਸ਼ਟਰਪਤੀ ਨੂੰ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਓ.ਬੀ.ਸੀ. ਸੈਲ ਕਾਂਗਰਸ ਦੇ ਜ਼ਿਲ੍ਹਾ ਕੋਆਰਡੀਨੇਟਰ ਭੁਪਿੰਦਰ ਸਿੰਘ ਦਿਹਾਣਾ ਦੀ ਅਗਵਾਈ ਹੇਠ ਭਾਰਤ ਦੇ ਰਾਸ਼ਟਰਪਤੀ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਹ ਮੰਗ ਪੱਤਰ ਡਾ. ਅਨਿਲ ਜੈਹਿੰਦ (ਚੇਅਰਮੈਨ, ਇੰਡੀਆ ਓ.ਬੀ.ਸੀ.), ਕੰਵਰਦੀਪ ਸੈਣੀ (ਵਾਈਸ ਚੇਅਰਮੈਨ, ਇੰਡੀਆ ਓ.ਬੀ.ਸੀ.) ਅਤੇ ਅੰਗਦ ਸਿੰਘ ਨਵਾਂਸ਼ਹਿਰ (ਚੇਅਰਮੈਨ, ਪੰਜਾਬ ਓ.ਬੀ.ਸੀ.) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਿੱਤਾ ਗਿਆ ਹੈ।ਇਸ ਮੰਗ ਪੱਤਰ ਦਾ ਮੁੱਖ ਉਦੇਸ਼ ਆਉਣ ਵਾਲੀ ਜਾਤੀ ਜਨਗਣਨਾ ਨੂੰ ਵਿਗਿਆਨਕ, ਸਹੀ, ਪਾਰਦਰਸ਼ੀ ਅਤੇ ਨੀਤੀ-ਨਿਰਮਾਣ ਲਈ ਉਪਯੋਗ ਬਣਾਉਣਾ ਹੈ। ਭੁਪਿੰਦਰ ਸਿੰਘ ਕਿਹਾ ਕਿ ਓ.ਬੀ.ਸੀ. ਵਰਗ ਲਈ ਇੱਕ ਵੱਖਰੀ ਅਤੇ ਸਪਸ਼ਟ ਸ਼੍ਰੇਣੀ ਬਣਾਈ ਜਾਣ ਦੀ ਲੋੜ ਹੈ ਅਤੇ ਹਰੇਕ ਮਾਨਤਾ ਪ੍ਰਾਪਤ ਜਾਤੀ ਤੇ ਭਾਈਚਾਰੇ ਲਈ ਵਿਲੱਖਣ ਵਿਗਿਆਨਕ ਜਾਤੀ ਕੋਡ ਅਤੇ ਸੂਬਾ-ਵਾਰ ਮਿਆਰੀਕ੍ਰਿਤ ਜਾਤੀ ਮਾਸਟਰ ਲਿਸਟਾਂ ਤਿਆਰ ਕੀਤੀਆਂ ਜਾਣ। ਵੱਖ-ਵੱਖ ਜਾਤੀਆਂ ਦੇ ਸਮਾਨਾਰਥੀ ਨਾਮਾਂ, ਗੋਤਾਂ, ਖੇਤਰੀ ਨਾਮਾਂ ਅਤੇ ਸਪੈਲਿੰਗ ਵਿੱਚ ਅੰਤਰ ਨੂੰ ਵਿਗਿਆਨਕ ਤਰੀਕੇ ਨਾਲ ਵੈਰੀਫਾਈ ਕਰਕੇ ਇੱਕੋ ਭਾਈਚਾਰੇ ਨਾਲ ਜੋੜਿਆ ਜਾਵੇ, ਤਾਂ ਜੋ ਆਬਾਦੀ ਵੱਖ-ਵੱਖ ਨਾਮਾਂ ਹੇਠ ਵੰਡੀ ਨਾ ਜਾਵੇ। ਡਿਜੀਟਲ ਜਨਗਣਨਾ ਲਈ ਸਰਚਯੋਗ ਡ੍ਰਾਪ-ਡਾਊਨ ਅਤੇ ਡਿਜੀਟਲ ਅਸਿਸਟਡ ਸਿਸਟਮ ਤਿਆਰ ਕੀਤਾ ਜਾਵੇ। ਜੇਕਰ ਕੋਈ ਜਾਤੀ ਮਾਸਟਰ ਲਿਸਟ ਵਿੱਚ ਮੌਜੂਦ ਨਾ ਹੋਵੇ, ਤਾਂ ਉਸ ਨੂੰ ਦਰਜ ਕਰਨ ਅਤੇ ਮਾਹਰਾਂ ਰਾਹੀਂ ਵੈਰੀਫਿਕੇਸ਼ਨ ਦੀ ਵਿਵਸਥਾ ਹੋਵੇ।ਐਡਵੋਕੇਟ ਰਣਜੀਤ ਕੁਮਾਰ ਇੰਚਾਰਜ ਵਿਧਾਨ ਸਭਾ ਹਲਕਾ ਚੱਬੇਵਾਲ ਨੇ ਮੰਗ ਕੀਤੀ ਕਿ ਜਾਤੀ ਜਨਗਣਨਾ ਦੀ ਵਿਧੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਸਮਾਜ ਸ਼ਾਸਤਰੀਆਂ, ਐਂਥਰੋਪੋਲੋਜਿਸਟਾਂ, ਜਨਸੰਖਿਆ ਵਿਗਿਆਨੀਆਂ, ਅੰਕੜਾ ਮਾਹਰਾਂ ਅਤੇ ਸਮਾਜਿਕ ਨਿਆਂ ਨਾਲ ਜੁੜੇ ਮਾਹਰਾਂ ਦੀ ਇੱਕ ਰਾਸ਼ਟਰੀ ਪੱਧਰੀ ਕਮੇਟੀ ਬਣਾਈ ਜਾਵੇ। ਜਾਤੀ ਅਤੇ ਸਮਾਜਿਕ ਸੰਸਥਾਵਾਂ ਨਾਲ ਸੂਬਾ-ਵਾਰ ਸਲਾਹ-ਮਸ਼ਵਰਾ ਕੀਤਾ ਜਾਵੇ।ਇਸ ਮੌਕੇ ਤੇ ਜਗਜੀਤ ਸਿੰਘ ਗਿੱਲ, ਆਰ ਕੇ ਅਟਵਾਲ ਐਡਵੋਕੇਟ, ਓਂਕਾਰ ਸੋਨੀ ਗਰਦਵਾਰ ਸਿੰਘ, ਸੁਖਮਿੰਦਰ ਸਿੰਘ, ਗੁਰਪ੍ਰੀਤ ਜੰਜੂਆ, ਬਲਜਿੰਦਰ ਸਿੰਘ, ਸੰਨੀ ਪੰਜੋੜਾ, ਕੈਲੂ ਦਿਹਾਣਾ, ਦੀਪੀ, ਸੋਨਾ ਅਤੇ ਬਾਕੀ ਸਾਥੀ ਹਾਜ਼ਰ ਸਨ।



# ਪੱਤਰਕਾਰ ਰਣਜੀਤ ਸਿੰਘ ਰਾਣਾ ਨੂੰ ਸਦਮਾ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬੀ ਜਾਗਰਣ ਦੇ ਮੋਹਾਲੀ ਤੋਂ ਪੱਤਰਕਾਰ ਰਣਜੀਤ ਸਿੰਘ ਰਾਣਾ ਦੇ ਪਿਤਾ ਸ. ਜਗਦੇਵ ਸਿੰਘ (81 ਸਾਲ) ਦਾ ਕਲ੍ਹ ਅਚਨਚੇਤ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਇੱਕ ਪੁੱਤਰ ਅਤੇ ਦੋ ਧੀਆਂ ਦਾ ਪਰਿਵਾਰ ਛੱਡ ਗਏ ਹਨ। ਦੋਵੇਂ ਧੀਆਂ ਦੇ ਅਮਰੀਕਾ ਤੋਂ ਏਥੇ ਪਰਤਣ 'ਤੇ ਅੰਤਿਮ ਸੰਸਕਾਰ 24 ਸਤੰਬਰ, ਦਿਨ ਵੀਰਵਾਰ ਨੂੰ ਦੁਪਹਿਰ 2 ਵਜੇ ਬਲੌਂਗੀ ਸ਼ਮਸ਼ਾਨ ਘਾਟ, ਮੋਹਾਲੀ ਵਿਖੇ ਕੀਤਾ ਜਾਵੇਗਾ।

## ਚੰਦ ਫਤਿਹਪੁਰੀ ਦੀ ਅਚਾਨਕ ਮੌਤ 'ਤੇ ਪ੍ਰੈੱਸ ਵੈੱਲਫੇਅਰ ਕਲੱਬ ਮਾਹਿਲਪੁਰ ਵੱਲੋਂ ਦੁੱਖ ਦਾ ਪ੍ਰਗਟਾਵਾ

**ਮਾਹਿਲਪੁਰ (ਸਤਨੀ)**- ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ ਦੀ ਅਚਾਨਕ ਹੋਈ ਮੌਤ ਤੇ ਪੱਤਰਕਾਰ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ। ਪ੍ਰੈੱਸ ਵੈੱਲਫੇਅਰ ਕਲੱਬ ਮਾਹਿਲਪੁਰ ਦੇ ਪ੍ਰਧਾਨ ਪਰਮਜੀਤ ਸਿੰਘ ਭੂੰਨੋਂ, ਪੱਤਰਕਾਰ ਰਜਿੰਦਰ ਸਿੰਘ, ਪੱਤਰਕਾਰ ਨਿਰਮਲ ਮੁੱਗੋਵਾਲ, ਪੱਤਰਕਾਰ ਮਹਿੰਦਰ ਕੁਮਾਰ, ਪੱਤਰਕਾਰ ਸੁਖਵਿੰਦਰ ਸਤਨੀ, ਪੱਤਰਕਾਰ ਜਸਵੀਰ ਸਿੰਘ ਵਿਰਦੀ, ਪ੍ਰੈੱਸ ਫੋਟੋਗ੍ਰਾਫਰ ਗੁਰਨਾਮ ਸਿੰਘ ਬੈਂਸ, ਬਲਜਿੰਦਰ ਮਾਨ, ਡਾਕਟਰ ਦਲਜੀਤ ਅਜਨੋਹਾ, ਪੱਤਰਕਾਰ ਸਤਨਾਮ ਸਿੰਘ ਲੋਈ, ਪੱਤਰਕਾਰ ਨੀਤੂ ਸ਼ਰਮਾ, ਪੱਤਰਕਾਰ ਰਜਿੰਦਰ ਸਿੰਘ ਗੜ੍ਹਸ਼ੰਕਰ ਆਦਿ ਨੇ ਉਨ੍ਹਾਂ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸ੍ਰੀ ਭੂੰਨੋਂ ਨੇ ਕਿਹਾ ਕਿ ਚੰਦ ਫਤਿਹਪੁਰੀ ਨੇ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਆਪਣੀ ਲਿਖਤ ਰਾਹੀਂ ਉਭਾਰਿਆ। ਉਹਨਾਂ ਦੀ ਅਚਾਨਕ ਮੌਤ ਪੱਤਰਕਾਰੀ ਜਗਤ ਲਈ ਵੱਡਾ ਘਾਟਾ ਹੈ। ਉਹਨਾਂ ਕਿਹਾ ਕਿ ਚੰਦ ਫਤਿਹਪੁਰੀ ਦੀਆਂ ਪੱਤਰਕਾਰੀ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਾਰੇ ਪੱਤਰਕਾਰ ਭਾਈਚਾਰੇ ਨੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਸ਼ਾਂਤੀ ਅਤੇ ਪਰਵਾਰ ਨੂੰ ਇਹ ਦੁੱਖ ਸਹਿਣ ਦਾ ਬਲ ਦੇਣ ਦੀ ਪਰਮਾਤਮਾ ਅੱਗੇ ਅਰਦਾਸ ਕੀਤੀ।

## ਸਤਨਾਮ ਜਲਾਲਪੁਰ ਵੱਲੋਂ ਸੁੱਜੋਵਾਲ ਵਿਖੇ ਪਬਲਿਕ ਮੀਟਿੰਗ



**ਬਲਾਚੌਰ (ਜਸਵਿੰਦਰ ਬੈਂਸ)** ਇਲਾਕੇ ਦੇ ਸਰਵਪੱਖੀ ਵਿਕਾਸ, ਲੋਕ ਸਮੱਸਿਆਵਾਂ ਦੇ ਹੱਲ ਅਤੇ ਸਰਕਾਰੀ ਯੋਜਨਾਵਾਂ ਨੂੰ ਘਰ-ਘਰ ਪਹੁੰਚਾਉਣ ਲਈ ਵਿੱਢੀ ਮੁਹਿੰਮ ਤਹਿਤ ਸਤਨਾਮ ਜਲਾਲਪੁਰ ਵੱਲੋਂ ਪਿੰਡ ਸੁੱਜੋਵਾਲ ਵਿਖੇ ਇੱਕ ਵਿਸ਼ੇਸ਼ ਪਬਲਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਇਲਾਕੇ ਦੀਆਂ ਮੁੱਖ ਲੋੜਾਂ, ਸਮਾਜਿਕ ਮੁੱਦਿਆਂ ਤੇ ਸਰਕਾਰੀ ਸਹੂਲਤਾਂ ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੌਰਾਨ ਆਪਣੇ ਵਿਚਾਰ ਰੱਖਦਿਆਂ ਸਤਨਾਮ ਜਲਾਲਪੁਰ ਨੇ ਮੁੱਖ ਮੰਤਰੀ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲਾਭਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਔਰਤਾਂ ਅਤੇ ਬੱਚੀਆਂ ਦੇ ਸਸ਼ਕਤੀਕਰਨ ਲਈ ਸ਼ੁਰੂ ਕੀਤੀ ਗਈ 'ਮਾਵਾਂ-ਧੀਆਂ ਯੋਜਨਾ' ਅਤੇ ਆਮ ਲੋਕਾਂ ਨੂੰ ਆਰਥਿਕ ਰਾਹਤ ਦੇਣ ਲਈ ਮੁਫ਼ਤ ਬਿਜਲੀ ਦੀ ਸੁਵਿਧਾ ਨਾਲ ਲੱਖਾਂ ਪਰਵਾਰਾਂ ਦਾ ਬੋਝ ਘਟਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਮੁਫ਼ਤ ਧਾਰਮਿਕ ਯਾਤਰਾ (ਤੀਰਥ ਯਾਤਰਾ ਯੋਜਨਾ) ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮਾਜਿਕ ਬੁਰਾਈਆਂ ਖ਼ਿਲਾਫ ਵਿੱਢੀ ਮੁਹਿੰਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਅਤੇ ਬਲਾਚੌਰ ਦੇ ਇੰਚਾਰਜ ਸਮੇਤ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਮੀਟਿੰਗ ਦੇ ਅੰਤ ਵਿੱਚ ਪਿੰਡ ਵਾਸੀਆਂ ਨੇ ਸਤਨਾਮ ਜਲਾਲਪੁਰ ਦਾ ਸਵਾਗਤ ਕੀਤਾ।

## 'ਕੈਗ ਬਰਾਈਟ ਮਾਈਂਡ' ਮੈਗਜ਼ੀਨ ਦਾ ਦੂਜਾ ਅੰਕ ਰਿਲੀਜ਼

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਪੰਜਾਬੀ ਮਾਂ ਬੋਲੀ, ਕਰੰਟ ਅਫੇਅਰਜ਼ ਅਤੇ ਜਨਰਲ ਨਾਲਿਜ ਨੂੰ ਸਮਰਪਿਤ ਵਿਦਿਅਕ ਮੈਗਜ਼ੀਨ 'ਕੈਗ ਬਰਾਈਟ ਮਾਈਂਡ' ਦਾ ਦੂਜਾ ਅੰਕ ਰਿਲੀਜ਼ ਕੀਤਾ ਗਿਆ। ਮੈਗਜ਼ੀਨ ਦੇ ਸੰਪਾਦਕ ਅਤੇ ਕਾਲਜ ਦੇ ਸਾਬਕਾ ਵਿਦਿਆਰਥੀ ਜਸਬੀਰ ਸਿੰਘ ਵਾਟਾਂਵਾਲੀਆ ਵੱਲੋਂ ਤਿਆਰ ਕੀਤੇ ਇਸ ਮੈਗਜ਼ੀਨ ਦਾ ਉਦੇਸ਼ ਵਿਦਿਆਰਥੀਆਂ ਨੂੰ ਗਿਆਨ-ਵਿਗਿਆਨ, ਦੇਸ਼-ਵਿਦੇਸ਼ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਲੋੜੀਂਦੀ ਜਾਣਕਾਰੀ ਸਰਲ ਪੰਜਾਬੀ ਮਾਂ ਬੋਲੀ ਵਿੱਚ ਮੁਹੱਈਆ ਕਰਵਾਉਣਾ ਹੈ। ਮੈਗਜ਼ੀਨ ਰਿਲੀਜ਼ ਮੌਕੇ ਗੁਰੂ ਨਾਨਕ ਖਾਲਸਾ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਕਿਹਾ ਕਿ ਅਜਿਹੇ ਮੈਗਜ਼ੀਨ ਅੱਜ ਦੇ ਸਮੇਂ ਦੀ ਵੱਡੀ ਲੋੜ ਹਨ। ਉਨ੍ਹਾਂ ਕਿਹਾ ਕਿ ਮਾਂ ਬੋਲੀ ਵਿੱਚ ਗਿਆਨ-ਵਿਗਿਆਨ ਦੀ ਜਾਣਕਾਰੀ ਮਿਲਣ ਨਾਲ ਵਿਦਿਆਰਥੀਆਂ ਦੀ ਸਮਝ ਹੋਰ ਵਧੇਗੀ।



ਨਾਰਾਇਣ ਹੈ। ਮੈਗਜ਼ੀਨ 'ਕੈਗ ਬਰਾਈਟ ਮਾਈਂਡ' ਦੇ ਵਿਸ਼ੇਸ਼ ਸਮਾਗਮ ਮੌਕੇ ਜਸਬੀਰ ਵਾਟਾਂਵਾਲੀਆ ਨੇ ਵਿਸ਼ੇਸ਼ ਲੇਖਕਾਂ ਰਾਹੀਂ ਵੱਖ-ਵੱਖ ਕਲਾਵਾਂ ਅਤੇ ਵੱਖ-ਵੱਖ ਸਟਰੀਮਾਂ ਨਾਲ ਸਬੰਧਤ 50 ਤੋਂ ਵੱਧ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਮੈਡਮ ਜਸਬੀਰ ਕੌਰ ਤੇ ਖਾਲਸਾ ਕਾਲਜ ਦੇ ਸਮੂਹ ਸਟਾਫ਼ ਵੱਲੋਂ ਜਸਬੀਰ ਸਿੰਘ ਵਾਟਾਂਵਾਲੀਆ ਦਾ ਪੰਜਾਬੀ ਮਾਂ ਬੋਲੀ ਵਿੱਚ ਇਸ ਮਿਸਾਲੀ ਮੈਗਜ਼ੀਨ ਕੱਢਣ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਡੱਲਾ ਸਕੂਲ ਲਈ ਆਰ ਓ ਭੇਟ

**ਚੰਡੀਗੜ੍ਹ (ਸੁਰਜੀਤ ਸੁਮਨ)** ਪਰਮ ਸੇਵਾ ਵੈੱਲਫੇਅਰ ਸੁਸਾਇਟੀ ਚੰਡੀਗੜ੍ਹ ਪਾਸੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੱਲਾ, ਜ਼ਿਲ੍ਹਾ ਰੂਪਨਗਰ ਦੀ ਪ੍ਰਿੰਸੀਪਲ ਕਰਮਜੀਤ ਕੌਰ ਨੇ ਸਕੂਲੀ ਬੱਚਿਆਂ ਦੀ ਸਿਹਤ ਦੀ ਬਿਹਤਰੀ ਲਈ ਸੀਨੀਅਰ ਆਰ.ਓ. ਸਿਸਟਮ ਦੀ ਕੀਤੀ ਮੰਗ ਕੀਤੀ ਗਈ ਸੀ।ਸੁਸਾਇਟੀ ਦੇ ਸਰਗਰਮ ਅਹੁਦੇਦਾਰ ਡਾ. ਸੰਤ ਸੁਰਿੰਦਰਪਾਲ ਸਿੰਘ ਅਤੇ ਸੁਰਜੀਤ ਸੁਮਨ ਵੱਲੋਂ ਲੋੜੀਂਦਾ ਆਰ.ਓ. ਸਿਸਟਮ ਇਸ ਸਕੂਲ ਨੂੰ ਭੇਂਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੁਸਾਇਟੀ ਲੰਮੇ ਸਮੇਂ ਤੋਂ ਸਮਾਜ ਸੇਵੀ ਕਾਰਜਾਂ ਵਿੱਚ ਨਿਰਵਿਘਨ ਸੇਵਾ ਵਿੱਚ ਜੁਟੀ ਹੋਈ ਹੈ।ਇਸ ਸਬੰਧੀ ਪ੍ਰਧਾਨ ਸੰਤ ਨਾਥ ਭੱਟ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮਾਜ ਸੇਵਾ ਦੇ ਕੀਤੇ ਜਾ ਰਹੇ ਅਜਿਹੇ ਨੇਕ ਕਾਰਜਾਂ ਦੀ ਲਗਾਤਾਰਤਾ ਵਿੱਚ ਸਕੂਲੀ ਬੱਚਿਆਂ ਦੀ ਸਿਹਤ ਦੀ ਭਲਾਈ ਹਿੱਤ ਕਾਰਜ ਕਰਵਾਏ ਗਏ। ਪ੍ਰਸੰਸਾ ਹੋਈ ਹੈ।ਸੁਸਾਇਟੀ ਦੇ ਸਰਗਰਮ ਮੈਂਬਰ, ਜਿਨ੍ਹਾਂ ਵਿੱਚ ਸੁਰਜੀਤ ਸੁਮਨ, ਲਖਵੀਰ ਸਿੰਘ, ਨਿਰਮਲ ਸਿੰਘ, ਸੁਰਜੀਤ ਸੁਮਨ, ਸੁਰਿੰਦਰ ਪਾਲ ਸਿੰਘ, ਸੁਰਜੀਤ ਮੰਡ, ਸੁਰਿੰਦਰ ਸਿੰਘ ਚੰਡੀਗੜ੍ਹ, ਸਮਸ਼ੇਰ ਸਿੰਘ, ਹਰਬੰਸ ਸਿੰਘ, ਗੁਰਬਚਨ ਸਿੰਘ, ਬਲਜਿੰਦਰ ਸਿੰਘ, ਸੁਰੇਸ਼ ਗੌਤਮ, ਬਲਵੰਤ ਸਿੰਘ, ਸਤਵਿੰਦਰ ਸਿੰਘ, ਮਦਨ ਲਾਲ ਸ਼ਰਮਾ, ਵਿਨੋਦ ਮਹਾਜਨ, ਰਮੇਸ਼ ਚੰਦਰ ਬੌਕਾ, ਚਰਨਜੀਤ ਸਿੰਘ, ਸਤੀਸ਼ ਕੁਮਾਰ, ਅਨਿਲ ਕੁਮਾਰ, ਰਾਕੇਸ਼ ਕੁਮਾਰ, ਰਵਿੰਦਰ ਕੌਸ਼ਲ, ਨਰੇਸ਼ ਕੁਮਾਰ, ਕਰਨਵੀਰ ਸਿੰਘ, ਅਰਮਾਨ ਸਿੰਘ, ਮਾਸਟਰ ਰਵਿੰਦਰ ਸਿੰਘ, ਸੁਨੀਲ ਕੁਮਾਰ ਸ਼ਰਮਾ, ਗੁਰਚਰਨ ਸਿੰਘ, ਪੰਕਜ ਪ੍ਰਧਾਨ, ਧਰਮਪਾਲ ਸ਼ਰਮਾ,



ਸੁਰਿੰਦਰ ਸ਼ਰਮਾ (ਐਲ ਆਈ ਸੀ.), ਪ੍ਰਿੰ. ਕੁਲਦੀਪ ਕੌਰ, ਸੁਰਿੰਦਰ ਕੌਰ, ਪ੍ਰਵੀਨ ਭੱਟ, ਮਧੂ ਅਬਰਾਲ, ਆਰਤੀ ਸ਼ਰਮਿਲਾ, ਸੰਤੋਸ਼ ਮਹਾਜਨ, ਸੁਚਿਤਾ ਤਿਵਾੜੀ, ਮਿਨਾਕਸ਼ੀ ਕੌਸ਼ਲ, ਵਨੀਤਾ ਪੰਚਕੂਲਾ, ਸੁਨੀਤਾ ਗੌਤਮ, ਕਮਲੇਸ਼ ਕਾਲੜਾ, ਮਮਤਾ, ਅੰਜੂ ਭਾਰਦਵਾਜ, ਮਮਤਾ ਗੌਤਮ, ਨਲਿਨੀ ਸ਼ਰਮਾ, ਰਾਜ ਕੁਮਾਰੀ, ਮਮਤਾ ਗੌਤਮ, ਸੁਖਵੰਤ ਕੌਰ, ਚੰਦਰ ਕਾਂਤਾ, ਮੀਨੂੰ ਕਾਮਰਾ ਅਤੇ ਸਿਮ ਹਰਬਚਨ ਕੌਰ ਆਦਿ ਸ਼ਾਮਲ ਹਨ, ਤੇ ਇਸ ਨੇਕ ਕਾਰਜ ਹਿੱਤ ਸੁਸਾਇਟੀ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਨੇਕ ਕੰਮ ਹਿੱਤ ਪਰਿਵਾਰ ਵੱਲੋਂ ਸੁਸਾਇਟੀ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਸੀ ਟੀ ਗਰੁੱਪ ਵੱਲੋਂ ਤਕਨੀਕੀ ਬੂਟ ਕੈਂਪ ਕਰਵਾਏ



**ਜਲੰਧਰ (ਸ਼ੈਲੀ ਐਲਬਰਟ)** ਮਕਸੂਦਾਂ ਸਥਿਤ ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਉਦਯੋਗ-ਕੇਂਦਰਿਤ ਅਤੇ ਵਿਹਾਰਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਬ੍ਰਾਈਟ ਐਕਸ ਅਾਰ ਪ੍ਰਾਈਵੇਟ ਲਿਮਿਟਡ ਦੇ ਸਹਿਯੋਗ ਨਾਲ ਦੋ ਤਕਨੀਕੀ ਬੂਟ ਕੈਂਪ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਵਿਦਿਆਰਥੀਆਂ ਨੂੰ ਉਭਰਦੀਆਂ ਤਕਨੀਕਾਂ, ਵਿਹਾਰਕ ਪ੍ਰੋਜੈਕਟਾਂ ਅਤੇ ਉਦਯੋਗ ਅਨੁਕੂਲ ਹੁਨਰਾਂ ਨਾਲ ਜਾਣੂ ਕਰਵਾਇਆ ਗਿਆ। ਮੀਡੀਆਮਾਸ ਕਲੱਬ, ਮੀਡੀਆ ਸਟੱਡੀਜ਼ ਵਿਭਾਗ, ਸੀ ਟੀ ਆਈ ਐੱਮ ਆਈ ਟੀ ਵੱਲੋਂ ਏ ਜੀ ਲੈਬ, ਸੀ ਟੀ ਆਈ ਐੱਮ ਆਈ ਟੀ ਵਿਖੇ ਪੰਜ ਰੋਜ਼ਾ ਐਕਸਆਰ ਉਦਯੋਗਿਕ ਬੂਟਕੈਂਪ ਅਤੇ ਨਵੀਨਤਾ ਚੁਣੌਤੀ ਕਰਵਾਈ ਗਈ। ਇਸ ਦੌਰਾਨ ਵਿਦਿਆਰਥੀਆਂ ਨੂੰ ਰੀਅਲ-ਟਾਈਮ ਤਿੰਨ-ਅਯਾਮੀ ਤਕਨਾਲੋਜੀ, ਗੇਮ ਵਿਕਾਸ, ਸੰਵਰਧਿਤ ਹਕੀਕਤ, ਵਰਚੁਅਲ ਹਕੀਕਤ, ਸਪੇਸ਼ਲ ਕੰਪਿਊਟਿੰਗ ਅਤੇ ਡਿਜੀਟਲ ਟਵਿਨ ਵਰਗੀਆਂ ਉਭਰਦੀਆਂ ਤਕਨੀਕਾਂ ਦੀ ਜਾਣਕਾਰੀ ਦਿੱਤੀ ਗਈ। ਸੈਸ਼ਨਾਂ ਦਾ ਸੰਚਾਲਨ ਬ੍ਰਾਈਟਐਕਸਆਰ ਪ੍ਰਾਈਵੇਟ ਲਿਮਿਟਡ ਦੇ ਸੰਸਥਾਪਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨਿਰਮਲ ਸਿੰਘ ਨੇ ਕੀਤਾ। ਉਨ੍ਹਾਂ ਨੇ ਯੂਨਿਟੀ, ਐਕਸਆਰ, ਕ੍ਰਿਤ੍ਰਿਮ ਬੁੱਧੀ ਅਤੇ ਇਮਰਸਿਵ ਤਕਨੀਕਾਂ ਸਬੰਧੀ ਆਧੁਨਿਕ ਜਾਣਕਾਰੀ ਸਾਂਝੀ ਕੀਤੀ। ਵਿਹਾਰਕ ਸੈਸ਼ਨਾਂ ਅਤੇ ਪ੍ਰੋਜੈਕਟ ਆਧਾਰਿਤ ਸਿੱਖਿਆ ਰਾਹੀਂ ਵਿਦਿਆਰਥੀਆਂ ਨੂੰ ਅਸਲ ਜੀਵਨ ਦੀਆਂ ਚੁਣੌਤੀਆਂ ਲਈ ਨਵੀਨਤਮ ਹੱਲ ਵਿਕਸਿਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਦੋਵਾਂ ਬੂਟਕੈਂਪਾਂ ਨੂੰ ਵਿਦਿਆਰਥੀਆਂ ਵੱਲੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ। ਇਨ੍ਹਾਂ ਪਹਿਲਕਦਮੀਆਂ ਨੇ ਰਚਨਾਤਮਕਤਾ, ਨਵੀਨਤਾ, ਟੀਮ ਵਰਕ, ਸਮੱਸਿਆ ਹੱਲ ਕਰਨ ਅਤੇ ਵਿਹਾਰਕ ਹੁਨਰ ਵਿਕਾਸ ਨੂੰ ਉਤਸ਼ਾਹਿਤ ਕੀਤਾ। ਨਾਲ ਹੀ, ਇਨ੍ਹਾਂ ਨੇ ਸੀਟੀ ਗਰੁੱਪ ਦੀ ਉਦਯੋਗ-ਸਿੱਖਿਆ ਸਾਂਝ ਅਤੇ ਤਕਨਾਲੋਜੀ ਆਧਾਰਿਤ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

## ਬੰਦੂਕ ਸੱਭਿਆਚਾਰ ਦੇ ਗੀਤਾਂ ਤੇ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪਾਬੰਦੀ

**ਕਪੂਰਥਲਾ (ਮਨਜੀਤ ਮਾਨ)**- ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨਵਨੀਤ ਕੌਰ ਬੱਲ ਨੇ ਬੰਦੂਕ ਸੱਭਿਆਚਾਰ ਜਾਂ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ, ਸੋਸ਼ਲ ਮੀਡੀਆ ਸਮੇਤ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ, ਅਤੇ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਮੈਰਿਜ ਪੈਲੇਸਾਂ, ਵਿਆਹ ਪਾਰਟੀਆਂ ਅਤੇ ਹੋਰ ਸਮਾਗਮਾਂ ਜਾਂ ਪ੍ਰੋਗਰਾਮਾਂ ਵਿੱਚ ਹਥਿਆਰ ਰੱਖਣ ਜਾਂ ਦਿਖਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਕਿਸੇ ਵੀ ਭਾਈਚਾਰੇ ਵਿਰੁੱਧ ਭੜਕਾਊ ਭਾਸ਼ਣ (ਹੇਟ ਸਪੀਚ) ਦੇਣ 'ਤੇ ਵੀ ਪਾਬੰਦੀ ਹੋਵੇਗੀ।ਇੱਕ ਵੱਖਰੇ ਹੁਕਮ ਵਿੱਚ, ਸ੍ਰੀ ਕੌਰ ਨੇ ਕਪੂਰਥਲਾ ਜ਼ਿਲ੍ਹੇ ਦੀ ਹਦੂਦ ਅੰਦਰ ਪ੍ਰੋਗਰਾਮਬੱਧ ਕੈਮੀਕਲਜ਼ ਦੇ ਅਧਿਕਾਰਤ ਮਾਤਰਾ ਤੋਂ ਵੱਧ ਨਾਜਾਇਜ਼ ਤੌਰ 'ਤੇ ਰੱਖਣ, ਸਾਂਭਣ ਜਾਂ ਵਿਕਰੀ ਕਰਨ ਦੇ ਨਾਲ-ਨਾਲ ਬਿਨਾਂ ਸਹੀ ਬਿੱਲਾਂ ਅਤੇ ਰਿਕਾਰਡ ਤੋਂ ਇਨ੍ਹਾਂ ਦੀ ਖਰੀਦੋ-ਫਰੋਖ਼ਤ 'ਤੇ ਵੀ ਰੋਕ ਲਗਾ ਦਿੱਤੀ ਹੈ।ਦੋਵੇਂ ਹੁਕਮ ਜ਼ਿਲ੍ਹੇ ਵਿੱਚ 16 ਨਵੰਬਰ 2026 ਤੱਕ ਲਾਗੂ ਰਹਿਣਗੇ।

## ਨੰਬਰਦਾਰਾਂ ਨੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਨੂਰਮਹਿਲ/ਫਿਲੌਰ (ਬਾਲ ਕ੍ਰਿਸ਼ਨ ਬਾਲੀ)**- ਨੰਬਰਦਾਰ ਸਾਹਿਬਾਨਾਂ ਦੀ ਇੱਕ ਵਿਸ਼ੇਸ਼ ਮੀਟਿੰਗ ਨੰਬਰਦਾਰ ਯੂਨੀਅਨ ਜ਼ਿਲਾ ਜਲੰਧਰ ਦੇ ਪ੍ਰਧਾਨ ਲਾਲਿਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਫਿਲੌਰ ਦੇ ਪ੍ਰਧਾਨ ਸੁਖਦੇਵ ਸਿੰਘ ਅਲੱਖ ਵੀ ਸ਼ਾਮਲ ਹੋਏ।



ਸਮੂਹ ਨੰਬਰਦਾਰ ਸਾਹਿਬਾਨਾਂ ਨੇ ਫਿਲੌਰ ਦੇ ਐੱਸ ਡੀ ਐੱਮ ਦੀਪਕ ਭਾਟੀਆ ਨੂੰ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਉਹਨਾਂ ਦੀ ਸਬ ਡਵੀਜ਼ਨ ਵਿੱਚ ਨੰਬਰਦਾਰ ਸਾਹਿਬਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਹੁੰਦੀ ਮਾਣ ਭੱਤੇ ਦੀ ਰਾਸ਼ੀ ਇੱਕੋ ਜਿਹੀ ਵਿਤਰਣ ਜਾਣ ਲਈ ਅਫਸਰਾਂ ਨੂੰ ਹੁਕਮ ਜਾਰੀ ਕੀਤੇ ਜਾਣ। ਉਹਨਾਂ ਨੇ ਭਰੀ ਮੀਟਿੰਗ ਵਿੱਚ ਅਫਸਰਾਂ ਨੂੰ ਕਿਹਾ ਕਿ ਨੰਬਰਦਾਰ ਮਾਲ ਵਿਭਾਗ ਦੀ ਰੂਹ ਹੁੰਦੇ ਹਨ, ਇਸ ਲਈ ਪੂਰੀ ਸਬ ਡਵੀਜ਼ਨ ਵਿੱਚ ਨੰਬਰਦਾਰ ਸਾਹਿਬਾਨਾਂ ਦਾ ਮਾਣ ਭੱਤਾ ਇੱਕੋ ਜਿਹੀ ਰਾਸ਼ੀ ਵਿੱਚ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ। ਜਿਨ੍ਹਾਂ ਨੰਬਰਦਾਰ ਸਾਹਿਬਾਨਾਂ ਦਾ ਬਕਾਇਆ ਮਾਣ ਭੱਤਾ ਰਹਿੰਦਾ ਹੈ ਉਹ ਵੀ ਜਾਰੀ ਕੀਤਾ ਜਾਵੇ। ਮੰਗ ਪੱਤਰ ਵਿੱਚ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਭਗਵੰਤ ਮਾਨ ਸਰਕਾਰ ਮਾਣ ਭੱਤਾ 10,000 ਰੁਪਏ ਪ੍ਰਤੀ ਮਹੀਨਾ ਕਰੇ ਅਤੇ ਲਾਗੂ ਕੀ ਸਾਢੇ 4 ਸਾਲ ਤੋਂ ਕਰੇ। ਜਾਤੀ ਸਰਟੀਫਿਕੇਟ, ਰਾਸ਼ਨ ਕਾਰਡ, ਵੈਰੀਫਿਕੇਸ਼ਨ ਆਦਿ ਵਰਗੇ ਅਹਿਮ ਕਾਰਜਾਂ ਵਿੱਚ ਆਪਣਾ ਯੋਗਦਾਨ ਦਿੰਦੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਜਾਂਦਾ। ਉਹਨਾਂ ਕਿਹਾ ਕਿ ਜੋ ਨੰਬਰਦਾਰ ਸਾਹਿਬਾਨਾਂ ਦੇ ਬੱਚੇ ਪੜ੍ਹੇ ਲਿਖੇ ਹਨ ਉਹਨਾਂ ਨੂੰ ਨੌਕਰੀਆਂ ਵਿੱਚ ਪਹਿਲ ਦਿੱਤੀ ਜਾਵੇ। ਇਸ ਮੌਕੇ ਫਿਲੌਰ ਪ੍ਰਧਾਨ ਸੁਖਦੇਵ ਸਿੰਘ ਅਲੱਖ, ਜ਼ਿਲ੍ਹਾ ਕੈਸ਼ੀਅਰ ਰਾਮ ਦਾਸ ਬਾਲੂ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ, ਪੀ.ਆਰ.ਓ ਜਗਨ ਨਾਥ ਚਾਹਲ, ਸਲਾਹਕਾਰ ਦਲਜੀਤ ਸਿੰਘ ਭੱਲੋਵਾਲ, ਕਸ਼ਮੀਰੀ ਲਾਲ ਅਤੇ ਬੂਟਾ ਸਿੰਘ ਜੌਹਲ, ਜਰਨੈਲ ਸਿੰਘ ਗਦਰਾ ਤੋਂ ਇਲਾਵਾ ਹੋਰ ਮਾਣਮੱਤੇ ਨੰਬਰਦਾਰ ਸਾਹਿਬਾਨਾਂ ਨੇ ਐੱਸ.ਡੀ.ਐੱਮ ਸਾਹਿਬ ਨੂੰ ਸ੍ਰੀ ਅਮਰਨਾਥ ਯਾਤਰਾ ਅਤੇ ਮਣੀ ਮਹੇਸ਼ ਯਾਤਰਾ ਦਾ ਪ੍ਰਸ਼ਾਦ ਭੇਟ ਕੀਤਾ, ਸਿਰੋਪਾਓ ਪਾ ਕੇ ਸਨਮਾਨਤ ਕੀਤਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਦੇ ਆਰਟਸ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ

**ਫਿਲੌਰ (ਨਿਰਮਲ)**- ਜੀ ਐੱਨ ਡੀ ਯੂ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ.ਏ. ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਦੇ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਵਿਦਿਆਰਥੀਆਂ ਨੇ ਆਪਣੀ ਲਗਨ, ਅਨੁਸ਼ਾਸਨ ਅਤੇ ਅਣਥੱਕ ਮਿਹਨਤ ਨਾਲ ਵਧੀਆ ਅੰਕ ਪ੍ਰਾਪਤ ਕੀਤੇ। ਇਸ ਮੌਕੇ ਵਿਦਿਆਰਥਣ ਪੂਜਾ ਨੇ 7.75 ਸੀ ਜੀ ਪੀ ਏ ਨਾਲ ਪਹਿਲਾ, ਸੀਮਾ ਰਾਣੀ ਨੇ 7.61 ਸੀ ਜੀ ਪੀ ਏ ਨਾਲ ਦੂਜਾ ਅਤੇ ਮਨਪ੍ਰੀਤ ਕੌਰ ਨੇ 7.43 ਸੀ ਜੀ ਪੀ ਏ ਨਾਲ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਓ ਐੱਸ ਡੀ ਡਾ. ਰਾਜਵਿੰਦਰ ਕੌਰ ਹੁੰਦਲ ਨੇ ਸ਼ਾਨਦਾਰ ਨਤੀਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਪ੍ਰਾਪਤੀ ਉਨ੍ਹਾਂ ਦੀ ਮਿਹਨਤ ਦੇ ਨਾਲ-ਨਾਲ ਅਧਿਆਪਕਾਂ ਦੀ ਸੁਚੱਜੀ ਰਹਿਨੁਮਾਈ ਦਾ ਨਤੀਜਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸ ਤਰ੍ਹਾਂ ਮਿਹਨਤ ਕਰਕੇ ਕਾਮਯਾਬੀ ਦੀਆਂ ਨਵੀਆਂ ਮੰਜ਼ਿਲਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।



## ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ



ਉਤਸ਼ਾਹ ਪੂਰਵਕ ਮਨਾਇਆ ਗਿਆ।ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਸਮਾਗਮ ਵਿੱਚ ਬੀਬੀ ਰਾਜਵਿੰਦਰ ਕੌਰ ਖਾਲਸਾ ਅਤੇ ਲੁਧਿਆਣੇ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬੁੱਢਾ ਦਲ ਦੇ ਸੱਤਵੇਂ ਜੱਥੇਦਾਰ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਸੁਣਾਇਆ।

## ਸੱਪ ਦੇ ਡੰਗ ਤੋਂ ਬਚਾਅ ਸੰਬੰਧੀ ਜਾਗਰੂਕਤਾ ਦਿਵਸ ਮਨਾਇਆ

**ਫਿਲੌਰ, (ਨਿਰਮਲ)**- ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਅੰਤਰਰਾਸ਼ਟਰੀ ਸੱਪ ਦੇ ਡੰਗ ਤੋਂ ਬਚਾਅ ਸਬੰਧੀ ਜਾਗਰੂਕਤਾ ਦਿਵਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੜਾ ਪਿੰਡ



ਵਿਖੇ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੱਪ ਦੇ ਡੰਗ ਤੋਂ ਬਚਾਅ, ਸਾਵਧਾਨੀਆਂ ਤੇ ਮੁੱਢਲੀ ਸਹਾਇਤਾ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਸੀਨੀਅਰ ਮੈਡੀਕਲ ਅਫ਼ਸਰ ਡਾ. ਮੁਨੀਸ਼ ਸਾਗਰ ਨੇ ਕਿਹਾ ਕਿ ਸੱਪ ਦੇ ਡੰਗ ਦੀ ਸਥਿਤੀ ਵਿੱਚ ਘਬਰਾਉਣ ਦੀ ਬਜਾਏ ਪੀੜਤ ਨੂੰ ਜਲਦ ਤੋਂ ਜਲਦ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਜਾਂ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਪ ਦੇ ਡੰਗ ਤੋਂ ਬਾਅਦ ਝਾੜ-ਫੂਕ ਜਾਂ ਗੈਰ-ਵਿਗਿਆਨਕ ਇਲਾਜ ਵਿੱਚ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਬਲਜਿੰਦਰ ਸਿੰਘ ਨੇ ਸੱਪ ਦੇ ਡੰਗ ਤੋਂ ਬਚਾਅ ਲਈ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ। ਬਲਾਕ ਐਕਸਟੈਂਸ਼ਨ ਐਜੂਕੇਟਰ ਪ੍ਰੀਤਿੰਦਰ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੱਪ ਦੇ ਡੰਗ ਤੋਂ ਬਚਾਅ ਅਤੇ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਹੈਲਥ ਸੁਪਰਵਾਈਜ਼ਰ ਸਤਨਾਮ ਨੇ ਦੱਸਿਆ ਕਿ ਸੱਪ ਦੇ ਡੰਗ ਦੀ ਘਟਨਾ ਸਮੇਂ ਪੀੜਤ ਨੂੰ ਸ਼ਾਂਤ ਰੱਖਣਾ, ਪ੍ਰਭਾਵਿਤ ਅੰਗ ਨੂੰ ਘੱਟ ਹਿਲਾਉਣਾ ਅਤੇ ਤੁਰੰਤ ਡਾਕਟਰੀ ਸਹਾਇਤਾ ਲੈਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਪਾਂ ਤੋਂ ਬਚਾਅ ਲਈ ਆਪਣੇ ਆਲੇ-ਦੁਆਲੇ ਦੀ ਸਫ਼ਾਈ ਰੱਖਣ ਅਤੇ ਰਾਤ ਸਮੇਂ ਬਾਹਰ ਨਿਕਲਦਿਆਂ ਸਾਵਧਾਨੀ ਵਰਤਣ ਲਈ ਕਿਹਾ।ਇਸ ਮੌਕੇ ਤੇ ਪ੍ਰਿੰਸੀਪਲ ਕਮਲ ਰਾਏ, ਸਕੂਲ ਦਾ ਸਟਾਫ਼ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

## ਸਿਆਣਾ ਦੇ ਜੰਗਲ 'ਚੋਂ ਖੈਰ ਦੀ ਲੱਕੜ ਚੋਰੀ ਦੀ ਕੋਸ਼ਿਸ਼ ਨਾਕਾਮ, ਲੱਕੜ ਨਾਲ ਭਰੀ ਟਾਟਾ ਏਸ ਕਾਬੂ

**ਪੋਜੇਵਾਲ (ਰਾਮ ਲਾਲ)**- ਵਣ ਵਿਭਾਗ ਦੀ ਟੀਮ ਨੇ ਰਾਤ ਸਮੇਂ ਗਸ਼ਤ ਦੌਰਾਨ ਸਿਆਣਾ ਦੇ ਸਰਕਾਰੀ ਜੰਗਲ ਵਿੱਚੋਂ ਕਥਿਤ



ਤੌਰ 'ਤੇ ਖੈਰ ਦੇ ਰੁੱਖ ਕੱਟ ਕੇ ਲੱਕੜ ਚੋਰੀ ਕਰਨ ਦੀ ਕੋਸ਼ਿਸ਼ ਨਾਕਾਮ ਕਰਦਿਆਂ ਲੱਕੜ ਨਾਲ ਭਰੀ ਇੱਕ ਟਾਟਾ ਏਸ ਗੱਡੀ ਨੂੰ ਕਬਜ਼ੇ ਵਿੱਚ ਲਿਆ ਹੈ। ਮੌਕੇ ਤੋਂ ਅਣਪਛਾਤੇ ਵਿਅਕਤੀ ਦੂਜੀ ਗੱਡੀ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ। ਵਿਭਾਗ ਵੱਲੋਂ ਮਾਮਲੇ ਸਬੰਧੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਰਜੇਸ਼ ਕੁਮਾਰ ਗੁਲਾਟੀ ਪੀ ਐੱਫ ਐੱਸ ਵਣ ਮੰਡਲ ਅਫਸਰ ਸ਼ਹੀਦ ਭਗਤ ਸਿੰਘ ਨਗਰ ਅਤੇ ਸੁਨੀਲ ਕੁਮਾਰ ਪੀ ਐੱਫ ਐੱਸ ਉਪ ਵਣ ਮੰਡਲ ਅਫਸਰ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੁਰਿੰਦਰ ਪਾਲ, ਵਣ ਰੇਂਜ ਅਫਸਰ ਬਲਾਚੌਰ ਦੀ ਅਗਵਾਈ ਹੇਠ ਵਣ ਰੇਂਜ ਬਲਾਚੌਰ ਦੇ ਸਟਾਫ ਵੱਲੋਂ ਜੰਗਲੀ ਸੰਪਤੀ ਦੀ ਸੁਰੱਖਿਆ ਲਈ ਰਾਤ ਸਮੇਂ ਨਾਕੇ ਲਗਾ ਕੇ ਲਗਾਤਾਰ ਗਸ਼ਤ ਕੀਤੀ ਜਾ ਰਹੀ ਹੈ।

ਇਸੇ ਮੁਹਿੰਮ ਤਹਿਤ 20 ਅਤੇ 21 ਸਤੰਬਰ ਦੀ ਦਰਮਿਆਨੀ ਰਾਤ ਨੂੰ ਰਜਤ ਕੁਮਾਰ, ਵਣ ਗਾਰਡ ਤੇ ਬੀਟ ਇੰਚਾਰਜ ਬਲਾਚੌਰ ਅਤੇ ਸ੍ਰੀ ਦਵਿੰਦਰ ਸਿੰਘ, ਬਲਾਕ ਅਫਸਰ ਬਲਾਚੌਰ ਨੂੰ ਗਸ਼ਤ ਦੌਰਾਨ ਗੁਪਤ ਸੂਚਨਾ ਮਿਲੀ ਕਿ ਸਰਕਾਰੀ ਜੰਗਲ ਸਿਆਣਾ ਵਿੱਚ ਰੁੱਖ ਕੱਟਣ ਦੀ ਆਵਾਜ਼ ਆ ਰਹੀ ਹੈ। ਸੂਚਨਾ ਮਿਲਦਿਆਂ ਹੀ ਵਣ ਵਿਭਾਗ ਦਾ ਸਟਾਫ ਮੌਕੇ 'ਤੇ ਪਹੁੰਚਿਆ।

ਵਿਭਾਗ ਮੁਤਾਬਕ ਟੀਮ ਨੇ ਮੌਕੇ 'ਤੇ ਚਿੱਟੇ ਰੰਗ ਦੀ ਟਾਟਾ ਏਸ ਗੱਡੀ ਖੜ੍ਹੀ ਦੇਖੀ, ਜਿਸ ਵਿੱਚ ਕੁਝ ਅਣਪਛਾਤੇ ਵਿਅਕਤੀ ਕੱਟੀ ਹੋਈ ਖੈਰ ਦੀ ਲੱਕੜ ਦੇ ਟੁਕੜੇ ਲੱਦ ਰਹੇ ਸਨ। ਵਣ ਵਿਭਾਗ ਦੇ ਕਰਮਚਾਰੀਆਂ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹ ਲੱਕੜ ਨਾਲ ਭਰੀ ਗੱਡੀ ਮੌਕੇ 'ਤੇ ਹੀ ਛੱਡ ਕੇ ਭੱਜ ਗਏ।

ਵਣ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਪਿੱਛਾ ਕੀਤਾ ਗਿਆ, ਪਰ ਵਿਭਾਗ ਅਨੁਸਾਰ ਉਕਤ ਵਿਅਕਤੀ ਮੌਕੇ ਨੇੜੇ ਖੜ੍ਹੀ ਚਿੱਟੇ ਰੰਗ ਦੀ ਮਾਰੂਤੀ ਸਵਿਫਟ ਡਿਜ਼ਾਇਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।ਵਣ ਵਿਭਾਗ ਦੀ ਟੀਮ ਨੇ ਖੈਰ ਦੀ ਲੱਕੜ ਨਾਲ ਭਰੀ ਟਾਟਾ ਏਸ ਗੱਡੀ ਨੂੰ ਕਬਜ਼ੇ ਵਿੱਚ ਲੈ ਕੇ ਵਣ ਰੇਂਜ ਦਫ਼ਤਰ ਬਲਾਚੌਰ ਵਿਖੇ ਲਿਆਂਦਾ। ਵਿਭਾਗ ਵੱਲੋਂ ਮਾਮਲੇ ਸੰਬੰਧੀ ਅਗਲੀ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸਿੱਧ ਬਾਬਾ ਸੋਢਲ ਮੇਲੇ 'ਚ ਸਖ਼ਤ ਸੁਰੱਖਿਆ ਪ੍ਰਬੰਧ

**ਜਲੰਧਰ (ਸੁਰਿੰਦਰ ਕੁਮਾਰ)** ਸੀ ਪੀ ਤੇ ਡੀ ਸੀ ਪੀ ਜਲੰਧਰ 'ਚ ਉੱਤਰੀ ਭਾਰਤ ਦੇ ਪ੍ਰਸਿੱਧ ਸਿੱਧ ਬਾਬਾ ਸੋਢਲ ਮੇਲੇ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਹਾਈ ਅਲਰਟ 'ਤੇ ਹੈ।ਪੁਲਸ ਕਮਿਸ਼ਨਰ ਸਤਿੰਦਰ ਸਿੰਘ ਨੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਦੇ ਹੁਕਮ ਦਿੱਤੇ ਹਨ।ਮੇਲੇ ਦੌਰਾਨ ਮੇਲਾ ਮਾਰਗ ਤੇ ਮੰਦਰ



ਕੰਪਲੈਕਸ ਦੇ ਆਲੇ-ਦੁਆਲੇ ਕਰੀਬ 1000 ਮੁਲਾਜ਼ਮ 12-12 ਘੰਟੇ ਦੀਆਂ ਦੋ ਸ਼ਿਫਟਾਂ 'ਚ ਡਿਊਟੀ ਦੇਣਗੇ।ਸ਼ੱਕੀ ਵਿਅਕਤੀਆਂ ਤੇ ਜੇਬਕਤਰਿਆਂ 'ਤੇ ਨਜ਼ਰ ਰੱਖਣ ਲਈ ਸਿਵਲ ਕੱਪੜਿਆਂ 'ਚ ਵੀ ਪੁਲਸ ਤਾਇਨਾਤ ਰਹੇਗੀ। ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਟ੍ਰੈਫਿਕ ਰੂਟ ਪਲਾਨ ਜਾਰੀ ਹੋਵੇਗਾ ਅਤੇ ਥਾਂ-ਥਾਂ ਬੈਰੀਕੇਡਿੰਗ ਕੀਤੀ ਜਾਵੇਗੀ। ਮੰਦਰ ਦੇ ਸਾਹਮਣੇ ਪੁਲਸ ਕੰਟਰੋਲ ਰੂਮ ਬਣੇਗਾ ਅਤੇ ਗੁਪਤ ਥਾਵਾਂ 'ਤੇ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ, ਜਿਨ੍ਹਾਂ ਦੀ ਸਿੱਧੀ ਨਿਗਰਾਨੀ ਕੰਟਰੋਲ ਰੂਮ ਤੋਂ ਹੋਵੇਗੀ।ਇਸ ਤੋਂ ਪਹਿਲਾਂ ਡੀ ਸੀ ਪੀ ਮਨਪ੍ਰੀਤ ਸਿੰਘ ਢਿੱਲੋਂ ਨੇ ਮੰਦਰ ਕੰਪਲੈਕਸ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

## ਵਾਰਡ ਨੰਬਰ 14 ਤੋਂ ਸ਼ਰਧਾਲੂ ਹਰਿਦੁਆਰ ਤੇ ਰਿਸ਼ੀਕੇਸ਼ ਲਈ ਰਵਾਨਾ

**ਲਾਲੜੂ, (ਵਿਨੈ ਕੁਮਾਰ ਜੈਨ)** ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਸੰਗਤਾਂ ਨੂੰ ਵੱਖ-ਵੱਖ ਧਾਰਮਿਕ ਅਤੇ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਵਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਯੋਜਨਾ ਤਹਿਤ ਲਾਲੜੂ ਦੇ ਵਾਰਡ ਨੰਬਰ 14 ਤੋਂ ਸ਼ਰਧਾਲੂਆਂ ਨੂੰ



ਹਰਿਦੁਆਰ ਅਤੇ ਰਿਸ਼ੀਕੇਸ਼ ਧਾਮ ਦੇ ਦਰਸ਼ਨਾਂ ਲਈ ਬੱਸ ਰਾਹੀਂ ਰਵਾਨਾ ਕੀਤਾ ਗਿਆ।ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬੱਸ ਨੂੰ ਹਰੀ ਝੰਡੀ ਦਿਖਾ ਕੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਵਾਨਾ ਕੀਤਾ।ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਹਰਿਦੁਆਰ ਅਤੇ ਰਿਸ਼ੀਕੇਸ਼ ਦੇ ਪਵਿੱਤਰ ਧਾਮਾਂ ਦੀ ਯਾਤਰਾ ਲਈ ਰਵਾਨਾ ਹੋ ਰਹੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਸਮੂਹ ਸ਼ਰਧਾਲੂਆਂ ਨੂੰ ਯਾਤਰਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਪਵਿੱਤਰ ਯਾਤਰਾ ਸਾਰਿਆਂ ਲਈ ਸੁਖਦ, ਸੁਰੱਖਿਅਤ ਅਤੇ ਮੰਗਲਮਈ ਹੋਵੇ ਅਤੇ ਪਰਮਾਤਮਾ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ।

## ਸੰਤੋਸ਼ ਕਟਾਰੀਆ ਵੱਲੋਂ ਵਿਕਾਸ ਕਾਰਜਾਂ ਲਈ 16.50 ਲੱਖ ਦੀਆਂ ਗ੍ਰਾਂਟਾਂ ਦੇ ਚੈੱਕ ਭੇਟ

**ਬਲਾਚੌਰ (ਜਸਵਿੰਦਰ ਬੈਂਸ)** ਹਲਕਾ ਬਲਾਚੌਰ ਵਿੱਚ ਗ੍ਰਾਮੀਣ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੋਰ ਗਤੀ ਦੇਣ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡ ਬਛੌੜੀ ਅਤੇ ਪਿੰਡ ਕਰੀਮਪੁਰ ਚਾਹਵਾਲਾ ਵਿਖੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ



ਲਈ ਕੁੱਲ 16.50 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਪੰਚਾਇਤਾਂ ਅਤੇ ਪਿੰਡ ਦੇ ਮੋਹਤਬਰਾਂ ਨੂੰ ਸੌਂਪੇ ਗਏ। ਬੁਨਿਆਦੀ ਵਿਕਾਸ ਕਾਰਜਾਂ ਲਈ ਬਛੌੜੀ ਲਈ 11 ਲੱਖ ਰੁਪਏ ਅਤੇ ਪਿੰਡ ਕਰੀਮਪੁਰ ਚਾਹਵਾਲਾ ਲਈ 5.50 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ।ਚੈੱਕ ਭੇਟ ਕਰਨ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਹਲਕੇ ਦੇ ਹਰ ਪਿੰਡ ਦਾ ਬਿਨਾਂ ਕਿਸੇ ਪੱਖਪਾਤ ਤੋਂ ਸਰਵਪੱਖੀ ਵਿਕਾਸ ਕਰਵਾਉਣਾ ਅਤੇ ਗ੍ਰਾਮੀਣ ਖੇਤਰਾਂ ਦੇ ਲੋਕਾਂ ਨੂੰ ਸ਼ਹਿਰਾਂ ਵਾਂਗ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਸਭ ਤੋਂ ਪਹਿਲੀ ਤਰਜੀਹ ਹੈ।ਇਸ ਸਮੇਂ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਗਲੀਆਂ, ਨਾਲੀਆਂ, ਪੀਣ ਵਾਲੇ ਪਾਣੀ, ਸੜਕਾਂ ਅਤੇ ਹੋਰ ਜਨਤਕ ਥਾਵਾਂ ਦੇ ਸੁਧਾਰ ਰਾਹੀਂ ਗ੍ਰਾਮੀਣ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

## ਐੱਨ ਆਰ ਆਈ ਮਿਲਣੀ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਅਤੇ ਸ਼ਿਕਾਇਤਾਂ ਦਾ ਤੁਰੰਤ ਤੇ ਪ੍ਰਭਾਵਸ਼ਾਲੀ ਨਿਪਟਾਰਾ ਯਕੀਨੀ ਬਣਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 23 ਸਤੰਬਰ ਨੂੰ ਅੰਮ੍ਰਿਤਸਰ ਵਿਖੇ 'ਐੱਨ ਆਰ ਆਈ ਮਿਲਣੀ' ਕਰਵਾਈ ਜਾਵੇਗੀ। ਇਸ ਸੰਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਪੰਜਾਬ ਦੇ ਐੱਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਇਹ ਐੱਨ ਆਰ ਆਈ ਮਿਲਣੀ ਪਰਵਾਸੀ ਪੰਜਾਬੀਆਂ ਨੂੰ ਸੂਬਾ ਸਰਕਾਰ ਦੇ ਉੱਚ ਸਿਵਲ ਅਤੇ ਪੁਲਿਸ ਅਧਿਕਾਰੀਆਂ ਸਾਹਮਣੇ ਆਪਣੀਆਂ ਸ਼ਿਕਾਇਤਾਂ, ਮਸਲੇ ਅਤੇ ਸੁਝਾਅ ਸਿੱਧੇ ਤੌਰ 'ਤੇ ਰੱਖਣ ਦਾ ਮੌਕਾ ਪ੍ਰਦਾਨ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਪਹਿਲ ਦਾ ਮਕਸਦ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਿਆ ਜਾਣਾ ਤੇ ਸੰਬੰਧਤ ਵਿਭਾਗਾਂ ਦੇ ਆਪਸੀ ਤਾਲਮੇਲ ਰਾਹੀਂ ਉਨ੍ਹਾਂ ਦੇ ਸਮੇਂ ਸਿਰ ਨਿਪਟਾਰੇ ਲਈ ਹਰ ਸੰਭਵ ਯਤਨ ਯਕੀਨੀ ਬਣਾਉਣਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਐਨ.ਆਰ.ਆਈ. ਮਿਲਣੀ ਬੁੱਧਵਾਰ 23 ਸਤੰਬਰ ਨੂੰ ਸਵੇਰੇ 11 ਵਜੇ ਹੋਟਲ ਲੀ ਮੈਰੀਡੀਅਨ, ਨੇੜੇ ਰਾਜਾਸਾਂਸੀ ਹਵਾਈ ਅੱਡਾ, ਅੰਮ੍ਰਿਤਸਰ ਵਿਖੇ ਕਰਵਾਈ ਜਾਵੇਗੀ। ਇਸ ਸਮਾਗਮ ਵਿੱਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਪੰਜਾਬੀ ਹਿੱਸਾ ਲੈ ਸਕਣਗੇ ਅਤੇ ਸਬੰਧਤ ਅਧਿਕਾਰੀਆਂ ਸਾਹਮਣੇ ਆਪਣੇ ਮੁੱਦੇ ਪੇਸ਼ ਕਰ ਸਕਣਗੇ।

## ਦੁਆਬੇ 'ਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦਕ ਪਕੜ ਹੋ ਰਹੀ ਹੈ ਮਜ਼ਬੂਤ : ਚੀਮਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਲੜੀ ਤਹਿਤ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਵਿੱਚ ਪੱਛੜੀਆਂ ਸ਼੍ਰੇਣੀਆਂ ਵਿੰਗ ਦੀ ਜਥੇਬੰਦੀ ਦਾ ਵਿਸਥਾਰ ਕੀਤਾ ਗਿਆ। ਪਾਰਟੀ ਦੇ ਪੱਛੜੀਆਂ ਸ਼੍ਰੇਣੀਆਂ ਵਿੰਗ ਦੇ ਜ਼ਿਲ੍ਹਾ ਪ੍ਰਧਾਨ



ਭੁਪਿੰਦਰ ਸਿੰਘ ਮਹਿੰਦੀਪੁਰ ਨੇ ਜ਼ਿਲ੍ਹਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਜੀਵ ਤਲਵਾੜ, ਪੱਛੜੀਆਂ ਸ਼੍ਰੇਣੀਆਂ ਵਿੰਗ ਪੰਜਾਬ ਦੇ ਜਨਰਲ ਸਕੱਤਰ ਸ. ਬਿਕਰਮਜੀਤ ਸਿੰਘ ਕਲਸੀ, ਦੁਆਬਾ ਜ਼ੋਨ ਦੇ ਇੰਚਾਰਜ ਸਤਨਾਮ ਸਿੰਘ ਚਗਰਾ, ਹਲਕਾ ਇੰਚਾਰਜ ਸੇਵਾ ਨਿਰਤ ਜੰਗਲਾਤ ਆਫਿਸਰ ਸੰਜੀਵ ਕੁਮਾਰ ਅਤੇ ਹੋਰ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰੇ ਉਪਰੰਤ ਹਲਕਾ ਹੁਸ਼ਿਆਰਪੁਰ ਨਾਲ ਸਬੰਧਤ ਪੱਛੜੀਆਂ ਸ਼੍ਰੇਣੀਆਂ ਦੀ ਨਵੀਂ ਟੀਮ ਦਾ ਐਲਾਨ ਕੀਤਾ।ਨਵੀਂ ਟੀਮ ਵਿੱਚ ਸੁਖਵਿੰਦਰ ਸਿੰਘ ਕਲਸੀ, ਰਮੇਸ਼ ਕੁਮਾਰ ਸੈਣੀ ਅਤੇ ਰਵਿੰਦਰ ਮਿੰਟੂ ਨੂੰ ਜਿਲੇ ਦਾ ਸੀਨੀਅਰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਲਜ਼ਾਰੀ ਲਾਲ ਮਾਂਡਲਾ, ਕੁਲਵੰਤ ਸਿੰਘ ਜੋਗੀ ਅਤੇ ਹਰਭਜਨ ਵਧਾਵਨ ਨੂੰ ਜ਼ਿਲਾ ਹੁਸ਼ਿਆਰਪੁਰ ਦਾ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਅਵਤਾਰ ਸਿੰਘ ਤਾਰੀ, ਸ. ਹਰਭਜਨ ਅਨੰਦ, ਸ. ਤਰਸੇਮ ਸਿੰਘ, ਸੁਨੀਲ ਭਾਰਦਵਾਜ਼ ਅਤੇ ਤਿਲਕ ਰਾਜ ਚੌਹਾਨ ਨੂੰ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਇਸੇ ਤਰ੍ਹਾਂ ਸ. ਬਲਜਿੰਦਰ ਸਿੰਘ ਨੂੰ ਸਰਕਲ ਹੁਸ਼ਿਆਰਪੁਰ ਦਾ ਪੱਛੜੀਆਂ ਸ਼੍ਰੇਣੀਆਂ ਵਿੰਗ ਦਾ ਪ੍ਰਧਾਨ ਅਤੇ ਜਤਿੰਦਰ ਸਿੰਘ ਰੀਹਲ ਨੂੰ ਸਰਕਲ ਹੁਸ਼ਿਆਰਪੁਰ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਡਾ. ਚੀਮਾ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਵੱਲੋਂ ਜਥੇਬੰਦੀ ਨੂੰ ਜ਼ਮੀਨੀ ਪੱਧਰ ਤੱਕ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦੁਆਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦਕ ਪਕੜ ਮਜ਼ਬੂਤ ਹੋ ਰਹੀ ਹੈ ਅਤੇ ਵਰਕਰਾਂ ਦੀ ਸਰਗਰਮੀ ਪਾਰਟੀ ਨੂੰ ਹੋਰ ਤਾਕਤ ਦੇ ਰਹੀ ਹੈ।

## ਬੈਂਸ ਅਵਾਨ 'ਚ ਗਿਲਜੀਆਂ ਨੇ ਪਿੰਡ ਵਾਸੀਆਂ ਨੂੰ ਕੀਤਾ ਲਾਮਬੰਦ

**ਟਾਂਡਾ ਉੜਮੁੜ (ਜਸਵੀਰ ਕਾਜਲ)**- ਪਿੰਡ ਬੈਂਸ ਅਵਾਨ 'ਚ ਹੋਈ ਮੀਟਿੰਗ ਦੌਰਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਨੇ ਵਾਸੀਆਂ ਨੂੰ ਕਾਂਗਰਸ ਪਾਰਟੀ ਦੇ ਹੱਕ ਵਿਚ ਲਾਮਬੰਦ ਕੀਤੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਐਡਵੋਕੇਟ ਦਲਜੀਤ



ਸਿੰਘ ਗਿਲਜੀਆਂ ਅਤੇ ਪਿੰਡ ਦੀ ਪੰਚਾਇਤ ਮੌਜੂਦ ਸੀ।ਸਾਬਕਾ ਮੰਤਰੀ ਗਿਲਜੀਆਂ ਨੇ ਆਖਿਆ ਕਿ ਇਸ ਮੌਜੂਦਾ ਸਰਕਾਰ ਦੀ ਨਿਕੰਮੀ ਕਾਰਗੁਜਾਰੀ ਤੋਂ ਹਰੇਕ ਵਰਗ ਨਿਰਾਸ਼ ਹੈ।ਪੰਜਾਬ ਦੇ ਲੋਕ ਬਦਲਾਅ ਦੇ ਨਾਂਅ 'ਤੇ ਠੱਗੇ ਮਹਿਸੂਸ ਕਰ ਰਹੇ ਹਨ।ਉਨ੍ਹਾਂ ਆਖਿਆ ਕਿ ਬਿਜਲੀ ਸਪਲਾਈ ਦਾ ਬੁਰਾ ਹਾਲ ਅਤੇ ਪਿੰਡਾਂ ਦੀਆਂ ਸੰਪਰਕ ਸੜਕਾਂ ਦੇ ਹਲਾਤ ਮਾੜੇ ਹਨ।ਉਨ੍ਹਾਂ ਆਖਿਆ ਕਿ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕੇਵਲ ਕਾਂਗਰਸ ਪਾਰਟੀ ਦੀ ਸਰਕਾਰ ਹੀ ਕਰ ਸਕਦੀ ਹੈ।ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗਿਲਜੀਆਂ ਨੇ ਆਖਿਆ ਕਿ ਵਰਕਰ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਲੋਕਾਂ ਦਾ ਸਾਥ ਦੇਣ।ਇਸ ਮੌਕੇ ਸਾਬਕਾ ਸਰਪੰਚ ਅਮਰੀਕ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ ਨਿੱਕਾ, ਨੰਬਰਦਾਰ ਮਹਿੰਦਰ ਸਿੰਘ, ਸਰਪੰਚ ਜਸਪਾਲ ਸਿੰਘ, ਪੰਚ ਨਰਿੰਦਰ ਕੌਰ, ਲਖਵਿੰਦਰ ਸਿੰਘ ਲੱਖਾ, ਸੰਦੀਪ ਸਿੰਘ ਸਨੀ, ਹਰਪਾਲ ਸਿੰਘ, ਪੰਚ ਪਵਨਪ੍ਰੀਤ ਸਿੰਘ, ਬਲਦੇਵ ਸਿੰਘ, ਸਤਪਾਲ ਸਿੰਘ, ਬਲਕਾਰ ਸਿੰਘ, ਸੁੱਚਾ ਸਿੰਘ, ਲਾਲੀ, ਬਲਵਿੰਦਰ ਕੌਰ, ਕੁਲਵੰਤ ਕੌਰ, ਐਡਵੋਕੇਟ ਮਨਪ੍ਰੀਤ ਕੌਰ ਨੰਬਰਦਾਰ ਗੁਰਬਚਨ ਸਿੰਘ ਸਰੂਪ ਸਿੰਘ, ਤੁਲਸਾ ਸਿੰਘ, ਹਰਨੇਕ ਸਿੰਘ ਕੁਲਵਿੰਦਰ ਸਿੰਘ ਮੰਗਾ, ਡੀ ਐੱਸ ਪੀ ਜਸਵੀਰ ਸਿੰਘ ਕੁਲਵੀਰ ਸਿੰਘ ਰਾਜੂ ਆਦਿ ਮੌਜੂਦ ਸਨ।

## ਟੀਨੂੰ ਵੱਲੋਂ ਛੱਪੜ ਦੀ ਸਮੱਸਿਆ ਦੇ ਹੱਲ ਲਈ 25 ਲੱਖ ਦੀ ਗਰਾਂਟ ਦਾ ਐਲਾਨ

**ਅਲਾਵਲਪੁਰ (ਮਦਨ ਬੰਗੜ)**: ਪਿੰਡ ਸਿਕੰਦਰਪੁਰ ਵਿਖੇ ਬਲਾਕ ਪ੍ਰਧਾਨ ਚਰਨਜੀਤ ਸਿੰਘ ਦੀ ਦੇਖ-ਰੇਖ ਹੇਠ ਸਮਾਗਮ ਕਰਵਾਇਆ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਹਲਕਾ ਆਦਮਪੁਰ ਇੰਚਾਰਜ ਪਵਨ ਕੁਮਾਰ ਟੀਨੂ ਵੱਲੋਂ 'ਮਾਵਾਂ-ਧੀਆਂ ਸਤਿਕਾਰ ਸਕੀਮ' ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸਖੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉਹਨਾਂ ਦੇ ਨਾਲ ਬੀ.ਡੀ.ਪੀ.ਓ. ਆਦਮਪੁਰ ਗੁਰਪ੍ਰੀਤ ਸਿੰਘ ਭੁੱਲਰ, ਪੰਚਾਇਤ ਅਫਸਰ ਗੁਰਮੁਖ ਸਿੰਘ, ਦਲਜੀਤ



ਸਿੰਘ ਮਿਨਹਾਸ ਬਲਾਕ ਸੰਮਤੀ ਚੇਅਰਮੈਨ, ਜਸਪ੍ਰੀਤ ਜੱਸਾ ਜਾਹਲ, ਲਖਵੀਰ ਸਿੰਘ ਹਜ਼ਾਰਾਂ ਚੇਅਰਮੈਨ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਪਵਨ ਕੁਮਾਰ ਟੀਨੂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਅਤੇ ਲੋਕ ਭਲਾਈ ਦੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਸਿਕੰਦਰਪੁਰ ਦੀ ਸਭ ਤੋਂ ਵੱਡੀ ਸਮੱਸਿਆ ਐੱਸ.ਸੀ. ਮਹੱਲੇ ਵਿੱਚ ਸਥਿਤ ਗੰਦੇ ਪਾਣੀ ਦੇ ਛੱਪੜ ਦਾ ਮਸਲਾ ਵੀ ਵਿਚਾਰਿਆ ਗਿਆ।ਪਵਨ ਕੁਮਾਰ ਟੀਨੂ ਨੇ ਇਸ ਸਮੱਸਿਆ ਦੇ ਹੱਲ ਲਈ ਪਹਿਲਕਦਮੀ ਕਰਦਿਆਂ ਪਿੰਡ ਨੂੰ 25 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਗੰਦੇ ਪਾਣੀ ਦੇ ਮੌਜੂਦਾ ਛੱਪੜ ਨੂੰ ਦੂਜੇ ਵੱਡੇ ਛੱਪੜ ਵਿੱਚ ਸ਼ਿਫਟ ਕੀਤਾ ਜਾਵੇਗਾ। ਇਸ ਮੌਕੇ ਪੰਜ ਸਰਬਜੀਤ ਸਾਬੀ, ਪੰਚ ਗੁਰਬਖਸ਼ ਕੌਰ, ਸਤਨਾਮ ਸਿੰਘ, ਦਲਜੀਤ ਸਿੰਘ, ਸਰਬਜੀਤ ਸਿੰਘ, ਅਵਤਾਰ ਸਿੰਘ, ਕੁਲਬੀਰ ਸਿੰਘ, ਹਰਜਿੰਦਰ ਸਿੰਘ, ਧਰਮਵੀਰ ਬਿਰਦੀ, ਡਾ. ਬਰਿੰਦਰ ਬੱਧਣ, ਸਿਮਰਜੀਤ, ਬਹਾਦਰ ਸਿੰਘ, ਜਸਕਰਨ, ਗੁਰਪਿੰਦਰ ਸਿੰਘ ਚੀਮਾ, ਸਚਿਨ ਬਿਰਦੀ, ਰਕੇਸ਼ ਕੁਮਾਰ, ਹੈਪੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਸਾਈਂ ਜਸਵੀਰ ਦਾਸ ਸਾਬਰੀ ਦਾ 40ਵਾਂ ਮਨਾਇਆ



**ਬੰਗਾ (ਅਵਤਾਰ ਕਲੇਰ)**- ਹਜ਼ਰਤ ਪੀਰ ਬਾਬਾ ਭੋਲੇ ਸ਼ਾਹ ਅਤੇ ਹਜ਼ਰਤ ਪੀਰ ਬਾਬਾ ਨਿੱਕੂ ਸ਼ਾਹ ਸਾਬਰੀ ਦਰਬਾਰ ਪਿੰਡ ਖਾਨਖਾਨਾ ਦੇ ਗੱਦੀ ਨਸ਼ੀਨ ਸਾਈਂ ਜਸਬੀਰ ਦਾਸ ਸਾਬਰੀ ਪਿਛਲੇ ਦਿਨੀਂ ਪ੍ਰਲੋਕ ਸਿਧਾਰ ਗਏ ਸਨ। ਉਹਨਾਂ ਦਾ 40ਵਾਂ ਅਤੇ ਹੋਰ ਅੰਤਿਮ ਰਸਮਾਂ ਅੱਜ ਸੰਤ ਮਹਾਂਪੁਰਸ਼ਾਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਈਆਂ ਗਈਆਂ। ਸਾਈਂ ਪੱਪਲ ਸ਼ਾਹ ਭਰੋਮਜਾਰਾ ਵਲੋਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਕਵਾਲ ਪਾਰਟੀਆਂ ਵਲੋਂ ਹਾਜ਼ਰੀਆਂ ਭਰੀਆਂ ਗਈਆਂ। ਖ਼ਤਮ ਸ਼ਰੀਫ਼ ਪੜ੍ਹਿਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸਾਈਂ ਮਹਿਤਾਬ ਅਹਿਮਦ ਸ਼ਾਹ ਕਾਦਰੀ ਨਵਾਂਸ਼ਹਿਰ, ਬੀਬੀ ਤਾਰੋ ਸਾਬ, ਸਾਈ ਮਨਜੀਤ ਸਾਬਰੀ ਲਿੱਧੜਾਂ, ਬਾਬਾ ਸਾਧੂ ਸ਼ਾਹ ਚਿਸ਼ਤੀ ਕਟਾਰੀਆ, ਸਾਈਂ ਵਰੁਣ ਸੋਬਤੀ ਨਵਾਂਸ਼ਹਿਰ, ਸਾਈਂ ਅਵਿਨਾਸ਼ ਸ਼ਾਹ ਕਾਦਰੀ ਕੋਟ ਫਤੂਹੀ, ਕੁਲਵਿੰਦਰ ਦੇਵਾ ਸਲੋਹ, ਸਾਈਂ ਸੋਮੇ ਸ਼ਾਹ, ਬਾਬਾ ਪਿਆਰਾ ਫਗਵਾੜਾ, ਸਾਈਂ ਬਿੱਲੇ ਸ਼ਾਹ, ਪ੍ਰੀਤੀ ਮਾਈ, ਬਾਬਾ ਅਮਰੀਕ ਸਿੰਘ ਕਾਹਮਾ, ਸਰਪੰਚ ਦਵਿੰਦਰ ਸਿੰਘ, ਨਰਿੰਦਰ ਸਿੰਘ ਸਾਬਕਾ ਸਰਪੰਚ, ਡਾ ਦੇਸ ਰਾਜ, ਕਲਾਕਾਰ ਪਾਲੀ ਦੇਤਵਾਲੀਆ, ਸੁੱਖ ਚਮਕੀਲਾ, ਰਮੇਸ਼ ਚੌਹਾਨ, ਬਲਵੀਰ ਰਾਗਣੀ, ਪ੍ਰੀਆ ਹੰਸ ਬਿੱਟੂ ਮੇਹਟਾਂ ਵਾਲਾ, ਨੂਰ ਮੁਹੰਮਦ, ਕੁਲਰਾਜ ਮੁਹੰਮਦ ਤੋਂ ਇਲਾਵਾ ਭਾਰੀ ਗਿਣਤੀ ਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਬੂਟਿਆਂ ਦਾ ਲੰਗਰ ਲਗਾਇਆ ਗਿਆ।

## ਓ ਬੀ ਸੀ ਸੈੱਲ ਕਾਂਗਰਸ ਵੱਲੋਂ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਓ.ਬੀ.ਸੀ. ਸੈਲ ਕਾਂਗਰਸ ਦੇ ਜ਼ਿਲ੍ਹਾ ਕੋਆਰਡੀਨੇਟਰ ਭੁਪਿੰਦਰ ਸਿੰਘ ਦਿਹਾਣਾ ਦੀ ਅਗਵਾਈ ਹੇਠ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ।ਇਹ ਮੰਗ ਪੱਤਰ ਡਾ. ਅਨਿਲ ਜੈਹਿੰਦ (ਚੇਅਰਮੈਨ, ਇੰਡੀਆ ਓ.ਬੀ.ਸੀ.), ਕੰਵਰਦੀਪ ਸੈਣੀ (ਵਾਈਸ ਚੇਅਰਮੈਨ, ਇੰਡੀਆ ਓ.ਬੀ.ਸੀ.) ਅਤੇ ਅੰਗਦ ਸਿੰਘ ਨਵਾਂਸ਼ਹਿਰ (ਚੇਅਰਮੈਨ, ਪੰਜਾਬ ਓ ਬੀ ਸੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਿੱਤਾ ਗਿਆ ਹੈ।



ਮੰਗ ਪੱਤਰ ਦਾ ਮੁੱਖ ਉਦੇਸ਼ ਆਉਣ ਵਾਲੀ ਜਾਤੀ ਜਨਗਣਨਾ ਨੂੰ ਵਿਗਿਆਨਕ, ਸਹੀ, ਪਾਰਦਰਸ਼ੀ ਅਤੇ ਨੀਤੀ-ਨਿਰਮਾਣ ਲਈ ਉਪਯੋਗ ਬਣਾਉਣਾ ਹੈ। ਭੁਪਿੰਦਰ ਸਿੰਘ ਪ੍ਰੈਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕੇ ਓ ਬੀ ਸੀ ਵਰਗ ਲਈ ਇੱਕ ਵੱਖਰੀ ਅਤੇ ਸਪੱਸ਼ਟ ਸ਼੍ਰੇਣੀ ਬਣਾਈ ਜਾਣ ਦੀ ਲੋੜ ਹੈ ਅਤੇ ਹਰੇਕ ਮਾਨਤਾ ਪ੍ਰਾਪਤ ਜਾਤੀ ਤੇ ਭਾਈਚਾਰੇ ਲਈ ਵਿਲੱਖਣ ਵਿਗਿਆਨਕ ਜਾਤੀ ਕੋਡ ਅਤੇ ਸੂਬਾ-ਵਾਰ ਮਿਆਰੀਕ੍ਰਿਤ ਜਾਤੀ ਮਾਸਟਰ ਲਿਸਟਾਂ ਤਿਆਰ ਕੀਤੀਆਂ ਜਾਣ। ਐਡਵੋਕੇਟ ਰਣਜੀਤ ਕੁਮਾਰ ਇੰਚਾਰਜ ਵਿਧਾਨ ਸਭਾ ਹਲਕਾ ਚੱਬੇਵਾਲ ਨੇ ਮੰਗ ਕੀਤੀ ਕੇ ਜਾਤੀ ਜਨਗਣਨਾ ਦੀ ਵਿਧੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਸਮਾਜ ਸ਼ਾਸਤਰੀਆਂ, ਐਂਥਰੋਪੋਲੋਜਿਸਟਾਂ, ਜਨਸੰਖਿਆ ਵਿਗਿਆਨੀਆਂ, ਅੰਕੜਾ ਮਾਹਿਰਾਂ ਅਤੇ ਸਮਾਜਿਕ ਨਿਆਂ ਨਾਲ ਜੁੜੇ ਮਾਹਿਰਾਂ ਦੀ ਇੱਕ ਰਾਸ਼ਟਰੀ ਪੱਧਰੀ ਕਮੇਟੀ ਬਣਾਈ ਜਾਵੇ।

ਆਗੂਆਂ ਨੇ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਰਾਸ਼ਟਰੀ ਮਹੱਤਤਾ ਦੇ ਮਾਮਲੇ ਵਿੱਚ ਦਖ਼ਲਅੰਦਾਜ਼ੀ ਕਰਦਿਆਂ ਕੇਂਦਰ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸੁਝਾਵਾਂ 'ਤੇ ਅਮਲ ਕਰਨ ਲਈ ਉਚਿਤ ਦਿਸ਼ਾ-ਨਿਰਦੇਸ਼ ਦੇਣ।ਇਸ ਮੌਕੇ ਜਗਜੀਤ ਸਿੰਘ ਗਿੱਲ, ਆਰ ਕੇ ਅਟਵਾਲ ਐਡਵੋਕੇਟ, ਓਂਕਾਰ ਸੋਨੀ ਗਰਦਵਾਰ ਸਿੰਘ , ਸੁਖਮਿੰਦਰ ਸਿੰਘ, ਗੁਰਪ੍ਰੀਤ ਜੰਜੂਆ, ਬਲਜਿੰਦਰ ਸਿੰਘ, ਸੰਨੀ ਪੰਜੋੜਾ, ਕੈਲੂ ਦਿਹਾਣਾ, ਦੀਪੀ, ਸੋਨਾ ਅੱਤੇ ਬਾਕੀ ਸਾਥੀ ਹਾਜ਼ਰ ਸਨ।

## ਅਰਨੌਲੀ ਵਿਖੇ ਚੰਨੀ ਦਾ ਭਰਵਾਂ ਸਵਾਗਤ



**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਬਲਾਕ ਮੋਰਿੰਡਾ ਦੇ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪਿੰਡ ਅਰਨੌਲੀ ਵਿਖੇ ਕਾਂਗਰਸ ਕਮੇਟੀ ਅਰਨੌਲੀ ਦੇ ਪ੍ਰਧਾਨ ਨਰਾਤਾ ਸਿੰਘ ਫੌਜੀ ਦੀ ਅਗਵਾਈ ਹੇਠ ਭਰਵੀ ਮੀਟਿੰਗ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੌਜੂਦਾ ਸਰਕਾਰ ਹਰ ਮਸਲੇ ਤੇ ਫੇਲ ਹੋ ਚੁੱਕੀ ਹੈ । ਇਸ ਮੌਕੇ ਪ੍ਰਧਾਨ ਨਰਾਤਾ ਸਿੰਘ ਫੌਜੀ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜੀ ਆਇਆ ਕਰਦਿਆ ਸਾਥੀਆਂ ਨਾਲ ਮਿਲ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਵਿੰਦਰ ਸਿੰਘ ਕਕਰਾਲੀ, ਪਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾ, ਬਲਾਕ ਪ੍ਰਧਾਨ ਦਰਸ਼ਨ ਸੰਧੂ, ਕਾਂਗਰਸੀ ਆਗੂ ਹਰਜੋਤ ਸਿੰਘ ਢੰਗਰਾਲੀ, ਅਮਰਜੀਤ ਸਿੰਘ ਲੱਲਾ ਰੌਣੀ, ਡਾਇਰੈਕਟਰ ਬਲਜਿੰਦਰ ਸਿੰਘ ਧਾਲੀਵਾਲ, ਸਰਪੰਚ ਗੁਰਮੀਤ ਕੌਰ ਪੰਚਾਇਤ ਮੈਂਬਰ ਜਸਵੀਰ ਕੌਰ, ਪੰਚਾਇਤ ਮੈਂਬਰ ਰਣਧੀਰ ਕੌਰ, ਪੰਚਾਇਤ ਮੈਂਬਰ ਹਰਦੀਪ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ ਸੰਧੂ ਤੇ ਹਰਪ੍ਰੀਤ ਕੌਰ ਸੀਨੀਅਰ ਕਾਂਗਰਸੀ ਆਗੂ ਜਗਰੂਪ ਸਿੰਘ ਅਰਨੌਲੀ, ਡਾ. ਧਰਮਿੰਦਰ ਸਿੰਘ, ਹਰਜਿੰਦਰ ਸਿੰਘ ਸ਼ਿੰਦਾ, ਜਰਨੈਲ ਕੌਰ ਜਸਪ੍ਰੀਤ ਸਿੰਘ ਸੌਂਕੀ, ਗੁਰਜੰਟ ਸਿੰਘ ਜੰਟੀ, ਨੰਬਰਦਾਰ ਰਣਜੀਤ ਸਿੰਘ ਰਾਣਾ, ਦਫਤਰ ਸਕੱਤਰ ਜਗਤਾਰ ਸਿੰਘ ਅਰਨੌਲੀ ਹਾਜ਼ਰ ਸਨ।

## ਸਿਰਜਣਾ ਕੇਂਦਰ ਵੱਲੋਂ ਡਾ. ਬਾਵਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ (ਮਨਜੀਤ ਮਾਨ)**- ਕਪੂਰਥਲਾ ਸ਼ਹਿਰ ਦੀ ਮੰਨੀ ਪ੍ਰਮੰਨੀ ਸ਼ਖ਼ਸੀਅਤ ਅਤੇ ਸਮਾਜ ਸੇਵੀ ਡਾ. ਹਰਪਾਲ ਸਿੰਘ ਬਾਵਾ ਪਿਛਲੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਬਾਵਾ ਦੀ ਬੇਵਕਤੀ ਮੌਤ ਉੱਤੇ ਕਪੂਰਥਲਾ ਦੀ ਸਿਰਮੌਰ ਸਾਹਿਤਕ ਸੰਸਥਾ ਸਿਰਜਣਾ ਕੇਂਦਰ (ਰਜਿ.) ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਗਹਿਰਾ ਦੁੱਖ ਜ਼ਾਹਿਰ ਕੀਤਾ ਹੈ। ਜ਼ਿਕਰਯੋਗ ਹੈ ਕਿ ਸਵ. ਡਾ.ਹਰਪਾਲ ਸਿੰਘ ਬਾਵਾ ਅਲਾਇੰਸ ਕਲੱਬ ਦੇ ਗਵਰਨਰ ਰਹੇ ਅਤੇ ਉਨ੍ਹਾਂ ਨੇ ਸਮਾਜ ਨੂੰ ਲੰਬਾ ਸਮਾਂ ਆਪਣੀਆਂ ਵਡਮੁੱਲੀਆਂ ਸੇਵਾਵਾਂ ਦਿੱਤੀਆਂ। ਸਿਰਜਣਾ ਕੇਂਦਰ ਨਾਲ ਉਹ ਲੰਬੇ ਸਮੇਂ ਤੋਂ ਜੁੜੇ ਹੋਏ ਸਨ। ਸਮੁੱਚੇ ਕੇਂਦਰ ਨੇ ਬਾਵਾ ਪਰਿਵਾਰ ਨਾਲ ਗਹਿਰਾ ਦੁੱਖ ਸਾਂਝਾ ਕੀਤਾ ਹੈ। ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਅਤੇ ਜ਼ਿਲ੍ਹਾ ਚੇਅਰਮੈਨ ਕਰ ਤੇ ਆਬਕਾਰੀ ਵਿਭਾਗ ਕਪੂਰਥਲਾ ਕੰਵਰ ਇਕਬਾਲ ਸਿੰਘ, ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ, ਸੀਨੀਅਰ ਮੀਤ ਪ੍ਰਧਾਨ ਆਸ਼ੂ ਕੁਮਰਾ, ਮੀਤ ਪ੍ਰਧਾਨ ਮਲਕੀਤ ਸਿੰਘ ਮੀਤ, ਸਲਾਹਕਾਰ ਡਾ. ਸੁਰਿੰਦਰਪਾਲ ਸਿੰਘ, ਸੁਰਜੀਤ ਸਾਜਨ, ਅਵਤਾਰ ਸਿੰਘ ਗਿੱਲ, ਅਵਤਾਰ ਸਿੰਘ ਭੰਡਾਲ, ਮੈਡਮ ਪ੍ਰੋਮਿਲਾ ਅਰੋੜਾ, ਡਾ. ਆਸਾ ਸਿੰਘ ਘੁੰਮਣ, ਪ੍ਰੋ. ਕੁਲਵੰਤ ਸਿੰਘ ਔਜਲਾ, ਡਾ.ਪਰਮਜੀਤ ਸਿੰਘ ਮਾਨਸਾ,ਰਤਨ ਸਿੰਘ ਸੰਧੂ, ਮੰਗਲ ਸਿੰਘ ਭੰਡਾਲ, ਗੁਰਦੀਪ ਗਿੱਲ, ਅਵਤਾਰ ਸਿੰਘ ਗਿੱਲ, ਅਵਤਾਰ ਅਸੀਮ ਆਦਿ ਨੇ ਡਾ.ਹਰਪਾਲ ਸਿੰਘ ਬਾਵਾ ਦੇ ਵਿਛੋੜੇ ਉੱਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੇਵੀ ਤਲਾਬ ਵਿਖੇ ਉਲੀਕੇ ਡਾ. ਬਾਵਾ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਮੌਕੇ ਦੂਰੋਂ ਨੇੜਿਓਂ ਆਏ ਸਾਕ ਸਬੰਧੀਆਂ ਅਤੇ ਇਲਾਕਾ ਵਾਸੀਆਂ ਨੇ ਪਰਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ।



## ਮਹਾਂਕਾਲ ਦੀ ਮਹਾਂਆਰਤੀ 'ਚ ਸ਼ਰਧਾਲੂਆਂ ਦਾ ਸੈਲਾਬ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪ੍ਰਾਚੀਨ ਤੇ ਇਤਿਹਾਸਕ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ 'ਚ ਗਣਪਤੀ ਉਤਸਵ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਅੱਜ ਮੰਦਰ ਵਿਚ ਸਥਿਤ ਪ੍ਰਾਚੀਨ ਸ਼ਿਵਲਿੰਗ ਨੂੰ ਮਹਾਕਾਲ ਦਾ ਰੂਪ ਦੇ ਕੇ ਉਸਦੀ ਮਹਾਆਰਤੀ ਕੀਤੀ ਗਈ ਜਿਸ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਸੈਲਾਬ ਹੀ ਉਮੜ ਪਿਆ। ਪ੍ਰਬੰਧਕਾਂ ਨੇ ਦੱਸਿਆ ਕਿ ਲੁਧਿਆਣਾ ਤੋਂ ਸ੍ਰੀ ਤਪੇਸ਼ਵਰ ਮਹਾਕਾਲ ਮਹਾਆਰਤੀ ਕਰਨ ਵਾਲੇ ਭਗਤ ਵਿਸ਼ੇਸ਼ ਤੌਰ 'ਤੇ ਪੁੱਜੇ ਜਿਨ੍ਹਾਂ ਨੇ ਪਹਿਲਾਂ ਭਗਵਾਨ ਸ਼ਿਵ ਜੀ ਦੀ ਪੂਜਾ ਅਰਚਨਾ ਕੀਤੀ ਅਤੇ ਫਿਰ ਕੰਜਕਾਂ ਤੋਂ 108 ਜੋਤਾਂ ਜਗਾਈਆਂ ਗਈਆਂ। ਸ਼ਿਵ ਭਗਤ ਜੋਤਾਂ ਨਾਲ ਮਹਾਕਾਲ ਦੀ ਆਰਤੀ ਕਰਦੇ ਸਨ ਤੇ ਪਿੱਛੇ ਢੋਲ ਤੇ ਨਗਾਰਿਆਂ ਦੀ ਥਾਪ ਨਾਲ ਸਾਰਾ ਸ਼ਹਿਰ ਭਗਤੀ ਦੇ ਰੰਗ ਵਿਚ ਰੰਗਿਆ ਗਿਆ। ਮਹਾਕਾਲ ਆਰਤੀ ਵਿਚ ਪੁੱਜੇ ਸ਼ਰਧਾਲੂਆਂ ਨੇ ਇਸ ਦਾ ਪੂਰਾ ਆਨੰਦ ਲਿਆ ਤੇ ਫਿਰ ਜੋਤਾਂ ਦੇ ਦਰਸ਼ਨ ਕਰਕੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ। ਇਸ ਮੌਕੇ ਆਈ ਸੰਗਤ ਨੂੰ ਪ੍ਰਸ਼ਾਦਿ ਤੇ ਅਤੁੱਟ ਲੰਗਰ ਵੀ ਵਰਤਾਏ ਗਏ। ਸਮਾਗਮ ਵਿਚ ਪ੍ਰਬੰਧਕ ਕਮੇਟੀ ਤੋਂ ਇਲਾਵਾ ਰਾਮਲੀਲਾ ਕਮੇਟੀ ਦੇ ਪ੍ਰਧਾਨ ਅਸ਼ੋਕ ਸੂਦ, ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ, ਜ਼ਿਲ੍ਹਾ ਉਪ ਪ੍ਰਧਾਨ ਜੇ.ਪੀ. ਸਿੰਘ ਮੱਕੜ, ਡਾ. ਸੁਨੀਲ ਦੱਤ, ਡਾ. ਸੰਜੀਵ ਅਗਰਵਾਲ, ਸੰਜੇ ਜੈਨ, ਸਤੀਸ਼ ਮਿੱਤਲ, ਚੇਤਨ ਕੁਮਾਰ, ਵਿੱਕੀ ਕਪੂਰ ਵੀ ਹਾਜ਼ਰ ਸਨ।

## ਹਾਰਮਨੀ ਆਯੁਰਵੈਦਿਕ ਮੈਡੀਕਲ ਕਾਲਜ 'ਚ ਗਣੇਸ਼ ਉਤਸਵ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਾਰਮਨੀ ਆਯੁਰਵੇਦਿਕ ਮੈਡੀਕਲ ਕਾਲਜ ਤੇ ਹਸਪਤਾਲ ਦੇ ਹੋਸਟਲ ਪਰਿਸਰ ਵਿੱਚ ਬੀ.ਏ.ਐੱਮ.ਐੱਸ. ਦੇ ਵਿਦਿਆਰਥੀਆਂ ਵੱਲੋਂ ਗਣੇਸ਼ ਉਤਸਵ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ 'ਤੇ ਕਾਲਜ ਦੇ ਚੇਅਰਮੈਨ ਧਰਮਪਾਲ ਬਾਂਸਲ, ਡਾਇਰੈਕਟਰ ਕਿਰਨ ਬਾਂਸਲ ਤੇ ਸਮੂਹ ਸਟਾਫ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ। ਪ੍ਰੋਗਰਾਮ ਦੀ ਸ਼ੁਰੂਆਤ ਭਗਵਾਨ ਗਣੇਸ਼ ਜੀ ਦੀ ਵੰਦਨਾ ਅਤੇ ਆਰਤੀ ਨਾਲ ਕੀਤੀ ਗਈ। ਵਿਦਿਆਰਥੀਆਂ ਵੱਲੋਂ ਭਗਵਾਨ ਗਣੇਸ਼ ਜੀ ਨੂੰ ਲੱਡੂਆਂ ਦਾ ਭੋਗ ਲਗਾਇਆ ਗਿਆ, ਜਿਸ ਤੋਂ ਬਾਅਦ ਪ੍ਰਸਾਦ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵਿੱਚ ਵੰਡਿਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਧਰਮਪਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਭਗਵਾਨ ਗਣੇਸ਼ ਜੀ ਗਿਆਨ, ਬੁੱਧੀ ਤੇ ਵਿਦਵਤਾ ਦੇ ਪ੍ਰਤੀਕ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਯੁਰਵੇਦ ਦੀ ਡੂੰਘੀ ਸਿੱਖਿਆ ਹਾਸਲ ਕਰਕੇ ਆਪਣੇ ਖੇਤਰ ਵਿਚ ਮਾਹਰ ਤੇ ਯੋਗ ਡਾਕਟਰ ਬਣਨ ਤੇ ਸਮਾਜ ਦੀ ਸੇਵਾ ਲਈ ਅੱਗੇ ਆਉਣ। ਉਨ੍ਹਾਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਸੁਚੱਜੇ ਤੇ ਅਨੁਸ਼ਾਸਨਬੱਧ ਆਯੋਜਨ ਲਈ ਸਾਰਿਆਂ ਦੀ ਸ਼ਲਾਘਾ ਕੀਤੀ। ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਸਰਬੱਤ ਦੇ ਭਲੇ, ਗਿਆਨ ਤੇ ਸੁੱਖ-ਸਮ੍ਰਿੱਧੀ ਦੀ ਅਰਦਾਸ ਕੀਤੀ।

## ਰਾਜ ਬਖ਼ਸ਼ ਕੰਬੋਜ ਦੀ ਅਗਵਾਈ 'ਚ ਕਈ ਨੌਜਵਾਨ ਕਾਂਗਰਸ 'ਚ ਸ਼ਾਮਲ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-ਜਲਾਲਾਬਾਦ ਹਲਕੇ ਦੇ ਪਿੰਡ ਮੰਨੇ ਵਾਲਾ ਤੋਂ ਆਮ ਆਦਮੀ ਪਾਰਟੀ ਦੇ ਨੌਜਵਾਨ ਵਰਕਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓਬੀਸੀ ਡਿਪਾਰਟਮੈਂਟ ਦੇ ਸਾਬਕਾ ਚੇਅਰਮੈਨ ਰਾਜ ਬਖ਼ਸ਼ ਕੰਬੋਜ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਤੇ ਇਨ੍ਹਾਂ ਨੌਜਵਾਨਾਂ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ 'ਤੇ ਭਰੋਸਾ ਪ੍ਰਗਟ ਕੀਤਾ। ਕਾਂਗਰਸ ਨੇਤਾ ਰਾਜ ਬਖ਼ਸ਼ ਕੰਬੋਜ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਹਲਕਾ ਜਲਾਲਾਬਾਦ ਵਿੱਚ ਸਰਗਰਮ ਹੋ ਕੇ ਪਿੰਡ ਪਿੰਡ ਜਾ ਕੇ ਮੁਲਾਕਾਤਾਂ ਕਰਕੇ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨਾਲ ਜੁੜ ਰਹੇ ਲੋਕਾਂ ਨੂੰ ਪੂਰਾ ਮਾਨ-ਸਨਮਾਨ ਮਿਲੇਗਾ। ਇਸ ਮੌਕੇ ਉਨ੍ਹਾਂ ਨਾਲ ਸੁਮਿਤ ਡਾਬਲਾ ਪ੍ਰਧਾਨ ਬਲਾਕ ਕਾਂਗਰਸ ਜਲਾਲਾਬਾਦ ਸ਼ਹਿਰੀ, ਗੋਰਾ ਲਾਧੂਕਾ, ਜਗਦੀਸ਼ ਬਿੰਦ ਜੰਗਾ ਤੇ ਵਿਨੋਦ ਸੈਨ ਆਦਿ ਮੌਜੂਦ ਸਨ।

## ਸਮਾਜ ਸੇਵੀ ਪ੍ਰੀਤ ਅਮਨ ਵੱਲੋਂ ਮਾਤਾ-ਪਿਤਾ ਨੂੰ ਸਮਰਪਤ ਖ਼ੂਨਦਾਨ ਕੈਂਪ



**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ ਸੇਵੀ ਸੰਸਥਾ ਕੇਅਰਿੰਗ ਪੀਪਲਜ਼ ਸੰਗਰੂਰ ਦੇ ਪ੍ਰਧਾਨ ਸਮਾਜ ਸੇਵੀ ਪ੍ਰੀਤ ਅਮਨ ਸ਼ਰਮਾ ਵੱਲੋਂ ਆਪਣੇ ਸਵਰਗੀ ਪਿਤਾ ਸੁਖਦੇਵ ਸ਼ਰਮਾ ਤੇ ਮਾਤਾ ਕਾਂਤਾ ਦੇਵੀ ਜੀ ਦੀ ਮਿੱਠੀ ਯਾਦ ਤੇ ਆਪਣੇ ਜਨਮ ਦਿਨ ਦੀ ਖ਼ੁਸ਼ੀ 'ਚ 8ਵਾਂ ਵਿਸ਼ਾਲ ਖ਼ੂਨਦਾਨ ਕੈਂਪ ਕ੍ਰਿਸ਼ਨਾ ਇਨਕਲੇਵ ਬਾਜ਼ਾਰ ਸੰਗਰੂਰ ਵਿਖੇ ਲਗਾਇਆ ਗਿਆ।ਇਸ ਖ਼ੂਨਦਾਨ ਕੈਂਪ ਦੌਰਾਨ 76 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ।ਖ਼ੂਨਦਾਨ ਕੈਂਪ ਦੀ ਸ਼ੁਰੂਆਤ ਮੁੱਖ ਮਹਿਮਾਨ ਵਜੋਂ ਪਹੁੰਚੇ ਅਕਾਲੀ ਦਲ ਦੇ ਹਲਕਾ ਇੰਚਾਰਜ ਆਗੂ ਅਰਵਿੰਦ ਖੰਨਾ ਤੇ ਸਾਬਕਾ ਸੰਸਦੀ ਸਕੱਤਰ ਪ੍ਰਕਾਸ਼ ਚੰਦ ਗਰਗ ਵੱਲੋਂ ਕੀਤੀ ਗਈ।ਦੋਵਾਂ ਆਗੂਆਂ ਵੱਲੋਂ ਖ਼ੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਪ੍ਰੀਤ ਅਮਨ ਸ਼ਰਮਾ ਵੱਲੋਂ ਆਪਣੇ ਮਾਪਿਆਂ ਦੀ ਯਾਦ 'ਚ ਖ਼ੂਨਦਾਨ ਕੈਂਪ ਲਗਾ ਕੇ ਬਹੁਤ ਹੀ ਚੰਗਾ ਉੱਦਮ ਕੀਤਾ ਗਿਆ ਤੇ ਬਾਕੀ ਲੋਕਾਂ ਨੂੰ ਇਨ੍ਹਾਂ ਤੋਂ ਸਬਕ ਲੈਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਮਾਪਿਆਂ ਨੂੰ ਸੱਚੀ ਸ਼ਰਧਾਂਜਲੀ ਭੇਟ ਹੋਵੇਗੀ, ਉੱਥੇ ਹੀ ਬਲੱਡ ਬੈਂਕ 'ਚ ਖ਼ੂਨ ਦੀ ਪੂਰਤੀ ਹੋਵੇਗੀ।ਪ੍ਰੀਤ ਅਮਨ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਬਜ਼ੁਰਗਾਂ ਦੀ ਯਾਦ, ਜਨਮ ਦਿਨ ਜਾਂ ਹੋਰ ਖ਼ੁਸ਼ਹਾਲ ਮੌਕਿਆਂ 'ਤੇ ਖ਼ੂਨ ਦਾਨ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ, ਕਿਉਂਕਿ ਖ਼ੂਨ ਨੂੰ ਕਿਸੇ ਵੀ ਲੈਬ 'ਚ ਨਹੀਂ ਬਣਾਇਆ ਜਾ ਸਕਦਾ ਹੈ ਅਤੇ ਇਸ ਦਾ ਇੱਕ ਮਾਤਰ ਸ੍ਰੋਤ ਮਨੁੱਖ ਸਰੀਰ ਹੀ ਹੈ।ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਕੇ ਅਸੀਂ ਬਹੁਤ ਸਾਰੀਆਂ ਜ਼ਿੰਦਗੀਆਂ ਬਚਾ ਸਕਦੇ ਹਾਂ। ਇਸ ਲਈ ਨੌਜਵਾਨਾਂ ਨੂੰ ਵਧ ਚੜ੍ਹ ਕੇ ਬਿਨਾਂ ਡਰੇ ਤੇ ਵਹਿਮ ਭਰਮਾਂ 'ਚ ਪਏ ਖ਼ੂਨ ਦਾਨ ਕਰਨਾ ਚਾਹੀਦਾ ਤੇ ਖ਼ੂਨ ਦਾਨ ਪ੍ਰਤੀ ਦੂਜਿਆਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ।ਇਸ ਮੌਕੇ ਤੇਜਿੰਦਰ ਸਿੰਘ ਸੰਘਰੇੜੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਤਿੰਦਰ ਸਿੰਘ ਬਲਾਕ ਪ੍ਰਧਾਨ, ਇਕਬਾਲਜੀਤ ਸਿੰਘ ਪੂਨੀਆ ਅਕਾਲੀ ਆਗੂ, ਰਮਨਦੀਪ ਸਿੰਘ ਢਿੱਲੋਂ, ਧਰਮਿੰਦਰ ਸਿੰਘ ਦੁੱਲਟ, ਹਰਭਗਵਾਨ ਜੁਨਾਮ, ਸੁਧੀਰ ਮਿੱਤਲ, ਵਿਸ਼ਾਲ ਗਰਗ ਆਦਿ ਮੌਜੂਦ ਸਨ।

## 'ਮੇਰੀ ਪੰਜਾਬੀ, ਮੇਰਾ ਮਾਣ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੁੜਨ ਦਾ ਸੱਦਾ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਵਿਖੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਚਲਾਈ ਜਾ ਰਹੀ ਵੱਡੀ ਮੁਹਿੰਮ 'ਮੇਰੀ ਪੰਜਾਬੀ, ਮੇਰਾ ਮਾਣ' ਤਹਿਤ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਮਹੱਤਤਾ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਪ੍ਰਤੀ ਆਪਣਾ ਸਨੇਹ ਤੇ ਮਾਣ ਪ੍ਰਗਟ ਕਰਦਿਆਂ ਪੰਜਾਬੀ ਵਿੱਚ ਦਸਤਖ਼ਤ ਕੀਤੇ।ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਨਾਲ ਸਬੰਧਤ ਕਵਿਤਾਵਾਂ ਦਾ ਉਚਾਰਨ ਵੀ ਕੀਤਾ ਗਿਆ।ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਮਹੱਤਤਾ, ਪੰਜਾਬੀ ਵਿਰਸੇ ਨਾਲ ਇਸ ਦੇ ਗਹਿਰੇ ਸਬੰਧ ਤੇ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ, ਡਾਇਰੈਕਟਰ-ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ-ਬੋਲੀ, ਸੱਭਿਆਚਾਰ ਤੇ ਵਿਰਸੇ ਦੀ ਪਹਿਚਾਣ ਹੈ।ਇਸ ਲਈ ਹਰ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦਾ ਸਤਿਕਾਰ ਕਰਦਿਆਂ ਇਸ ਦੀ ਵਰਤੋਂ ਤੇ ਪ੍ਰਸਾਰ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਮੁਹਿੰਮ ਦੌਰਾਨ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਉਤਸ਼ਾਹ ਤੇ ਮਾਣ ਦੀ ਭਾਵਨਾ ਦੇਖਣ ਨੂੰ ਮਿਲੀ।

## ਰੂਪ ਵਾਟਿਕਾ ਸਕੂਲ ਦੇ ਵਿਦਿਆਰਥੀਆਂ ਐਥਲੈਟਿਕ ਮੀਟ 'ਚ ਮਾਰੀਆਂ ਮੱਲਾਂ



**ਜਗਰਾਓਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਦੀ ਐਥਲੈਟਿਕ ਮੀਟ, ਜੋ ਸਰਕਾਰੀ ਸਕੂਲ ਕਮਾਲਪੁਰਾ ਵੱਲੋਂ ਕਰਵਾਈ ਗਈ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਮੁਕਾਬਲਿਆਂ ਵਿੱਚ ਕਈ ਇਨਾਮ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਅੰਡਰ-14 ਵਰਗ ਵਿੱਚ ਪਾਰਸ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ਼ਾਟ-ਪੁੱਟ ਵਿੱਚ ਪਹਿਲਾ ਤੇ ਡਿਸਕਸ ਥਰੋ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸੇ ਵਰਗ ਵਿੱਚ ਲਕਸ਼ੇ ਚੋਪੜਾ ਨੇ ਲੰਬੀ ਛਾਲ ਵਿੱਚ ਤੀਜਾ ਤੇ ਮਿਅੰਕ ਗੁਪਤਾ ਨੇ ਡਿਸਕਸ ਥ੍ਰੋ ਵਿੱਚ ਤੀਜਾ ਸਥਾਨ ਹਾਸਲ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਅੰਡਰ-19 ਵਰਗ ਵਿੱਚ ਈਸ਼ਾਨ ਵਰਮਾ ਨੇ ਸ਼ਾਟ-ਪੁੱਟ ਵਿੱਚ ਦੂਜਾ ਤੇ ਡਿਸਕਸ ਥ੍ਰੋ ਵਿੱਚ ਵੀ ਦੂਜਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਅਰਸ਼ਦੀਪ ਸਿੰਘ ਨੇ 800 ਮੀਟਰ ਦੌੜ 'ਚ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ, ਲਗਨ ਤੇ ਅਨੁਸ਼ਾਸਨ ਸਦਕਾ ਇਹ ਉਪਲਬਧੀ ਹਾਸਲ ਹੋਈ ਹੈ ਅਤੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਖੇਡ ਅਧਿਆਪਕ ਨੂੰ ਵਧਾਈ ਦਿੱਤੀ। ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਖੇਡਾਂ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ ਲਈ ਸ਼ੁਭ-ਕਾਮਨਾਵਾਂ ਦਿੱਤੀਆਂ।

# ਲੰਬੀ ਹਲਕੇ ਦੇ ਪਿੰਡ ਭਾਗੂ ਵਿਖੇ 'ਮਾਨ ਦੇ ਮੁਨਾਫੇ' ਮੁਹਿੰਮ ਦੀ ਸ਼ੁਰੂਆਤ

### ਅਮੀਤ ਖੁੱਡੀਆਂ ਨੇ ਘਰ-ਘਰ ਜਾ ਕੇ ਯੋਜਨਾਵਾਂ ਬਾਰੇ ਕਰਵਾਇਆ ਜਾਣੂੰ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕੰਮਾਂ ਦਾ ਰਿਪੋਰਟ ਕਾਰਡ ਸਿੱਧਾ ਲੋਕਾਂ ਦੇ ਘਰਾਂ ਤੱਕ ਪਹੁੰਚਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਮਾਨ ਦੇ ਮੁਨਾਫੇ' ਤਹਿਤ ਸ੍ਰ. ਅਮੀਤ ਖੁੱਡੀਆਂ ਨੇ ਲੰਬੀ ਹਲਕੇ ਦੇ ਪਿੰਡ ਭਾਗੂ ਵਿਖੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਤੇ ਲੋਕ-ਭਲਾਈ ਦੀਆਂ ਯੋਜਨਾਵਾਂ ਬਾਰੇ ਜਾਣੂੰ ਕਰਵਾ ਕੇ ਹਲਕੇ ਵਿੱਚ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਨੇ 'ਮਾਨ ਦੇ ਮੁਨਾਫੇ' ਮੁਹਿੰਮ ਅਧੀਨ ਪੰਜਾਬ ਸਰਕਾਰ ਦੇ ਕੰਮਾਂ ਨਾਲ ਲੋਕਾਂ ਨੂੰ ਹੋ ਰਹੇ ਸਿੱਧੇ ਵਿੱਤੀ ਲਾਭਾਂ ਨੂੰ ਉਜਾਗਰ ਕੀਤਾ।ਉਨ੍ਹਾਂ ਕਿਹਾ ਕਿ ਮੁਫ਼ਤ ਬਿਜਲੀ, ਸਿਹਤ ਸੇਵਾਵਾਂ, ਸਿੱਖਿਆ ਤੇ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਸਮੇਤ ਵੱਖ-ਵੱਖ ਪਹਿਲਕਦਮੀਆਂ ਰਾਹੀਂ ਅੱਜ ਹਰ ਪ੍ਰਵਾਰ ਨੂੰ ਸਾਲਾਨਾ 1.82 ਲੱਖ ਰੁਪਏ ਦਾ ਲਾਭ ਮਿਲ ਰਿਹਾ ਹੈ ਅਤੇ ਹੁਣ ਪੰਜਾਬ ਸਰਕਾਰ ਵੱਲੋਂ ਸਾਲ 2022 ਤੋਂ ਹੁਣ ਤਕ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਹਰ ਘਰ ਤੱਕ ਪਹੁੰਚ ਕਰੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸੂਬੇ ਪ੍ਰਤੀ ਸੋਚ ਹਮੇਸ਼ਾ ਸਕਾਰਾਤਮਕ ਰਹੀ ਹੈ ਤੇ ਇਸ ਮੁਹਿੰਮ ਤਹਿਤ ਸਰਕਾਰ ਵੱਲੋਂ ਲੋਕਾਂ ਲਈ ਕੀਤੇ ਗਏ ਕੰਮਾਂ ਬਾਰੇ ਜਾਣੂੰ ਕਰਵਾਇਆ ਜਾਵੇਗਾ।ਇਸ ਮੌਕੇ ਸ੍ਰ. ਅਮੀਤ ਖੁੱਡੀਆਂ ਵੱਲੋਂ ਪਿੰਡ ਭਾਗੂ ਦੇ ਵੱਖ-ਵੱਖ ਘਰਾਂ ਵਿੱਚ ਜਾ ਕੇ ਪਰਵਾਰਾਂ ਨਾਲ ਮੁਲਾਕਾਤ ਕੀਤੀ ਤੇ ਬਜ਼ੁਰਗਾਂ, ਮਹਿਲਾਵਾਂ, ਨੌਜਵਾਨਾਂ ਤੇ ਬੱਚਿਆਂ ਸਮੇਤ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਲੋਕਾਂ ਦੇ ਵਿਚਾਰ ਸੁਣੇ, ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕੀਤੇ ਕੰਮਾਂ ਬਾਰੇ ਚਰਚਾ ਕੀਤੀ ਅਤੇ ਦੱਸਿਆ ਕਿ ਵੱਖ-ਵੱਖ ਯੋਜਨਾਵਾਂ 'ਤੇ ਪਹਿਲਕਦਮੀਆਂ ਆਮ ਪਰਿਵਾਰਾਂ ਨੂੰ ਕਿਵੇਂ ਸਿੱਧਾ ਲਾਭ ਪਹੁੰਚਾ ਰਹੀਆਂ ਹਨ।ਇਸ ਮੌਕੇ ਪਿੰਡ ਵਾਸੀਆਂ ਨੇ ਸ੍ਰੀ ਖੁੱਡੀਆ ਦਾ ਨਿੱਘਾ ਸਵਾਗਤ ਕਰਦਿਆਂ ਅਪਣੇ ਤਜਰਬੇ ਸਾਂਝੇ ਕੀਤੇ ਤੇ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਸਰਪੰਚ ਪਰਮ ਭਾਗੂ, ਸਾਬਕਾ ਸਰਪੰਚ ਜਸਵਿੰਦਰ ਸਿੰਘ ਭਾਗੂ, ਸੁਖਵਿੰਦਰ ਸਿੰਘ ਪੰਚ, ਜਸਵਿੰਦਰ ਸਿੰਘ ਪੰਚ, ਕਾਕਾ ਰਾਮ ਪੰਚ, ਚੇਅਰਮੈਨ ਦਰਸ਼ਨ ਲੰਬੀ, ਸੀਨੀਅਰ ਆਪ ਆਗੂ ਬੇਅੰਤ ਸਿੰਘ, ਚੇਅਰਮੈਨ ਹਰਪ੍ਰੀਤ ਸਿੰਘ ਮਾਨ, ਬਲਾਕ ਪ੍ਰਧਾਨ ਹਰਕੇਵਲ ਧਾਲੀਵਾਲ, ਜਸਵੀਰ ਸਿੰਘ ਪੰਚ ਪ੍ਰਤੀਨਿਧ, ਮੇਜਰ ਸਿੰਘ ਪੰਚ ਪ੍ਰਤੀਨਿਧ, ਖੁਸ਼ਦੀਪ ਸਿੰਘ ਯੂਥ ਪ੍ਰਧਾਨ, ਗੁਰਬਖਸ਼ ਸਿੰਘ ਸੀਨੀਅਰ ਆਪ ਆਗੂ, ਗਗਨਦੀਪ ਸਿੰਘ, ਪੀ.ਏ. ਲਵਪ੍ਰੀਤ ਚੰਨੂ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਚੰਦ ਫਤਿਹਪੁਰੀ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਮਾਨਸਾ (ਆਤਮਾ ਸਿੰਘ ਪਮਾਰ)**-ਰੋਜ਼ਾਨਾ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ, ਸੀਨੀਅਰ ਪੱਤਰਕਾਰ ਸ੍ਰੀ ਚੰਦ ਫਤਿਹਪੁਰੀ ਜੀ ਦੇ ਵਿਛੋੜੇ 'ਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ. 295) ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ, ਸਰਪ੍ਰਸਤ ਸੁਰਜੀਤ ਸਿੰਘ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਰਾਕੇਸ਼ ਮਹਿਤਾ ਤੇ ਲੀਗਲ ਅਡਵਾਈਜ਼ਰ ਜਸਵਿੰਦਰ ਸਿੰਘ ਭੋਗਲ ਨੇ ਕਿਹਾ ਕਿ ਸ੍ਰ. ਫਤਿਹਪੁਰੀ ਦਾ ਜਾਣਾ ਪੱਤਰਕਾਰੀ ਖੇਤਰ ਲਈ ਇੱਕ ਵੱਡਾ ਤੇ ਨਾ ਪੂਰਿਆ ਜਾਣ ਵਾਲਾ ਘਾਟਾ ਹੈ।ਆਗੂਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਲੰਬੇ ਪੱਤਰਕਾਰੀ ਜੀਵਨ 'ਚ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੇ ਮੁੱਦਿਆਂ ਨੂੰ ਉਭਾਰਨ ਦਾ ਯਤਨ ਕੀਤਾ।ਉਨ੍ਹਾਂ ਦੀ ਪੱਤਰਕਾਰੀ ਹਮੇਸ਼ਾ ਲੋਕ-ਹਿੱਤਾਂ, ਧੜੱਲੇ ਨਾਲ ਗੱਲ ਕਹਿਣ ਤੇ ਨਿੱਡਰਤਾ ਨੂੰ ਪ੍ਰਣਾਈ ਹੋਈ ਸੀ।ਐਸੋਸੀਏਸ਼ਨ ਨੇ ਪਰਿਵਾਰ, 'ਨਵਾਂ ਜ਼ਮਾਨਾ' ਅਦਾਰਾ ਤੋਂ ਇਲਾਵਾ ਇਸ ਦੇ ਸਮੁੱਚੇ ਪੱਤਰਕਾਰਾਂ ਤੇ ਪਾਠਕਾਂ ਨਾਲ ਵੀ ਹਮਦਰਦੀ ਪ੍ਰਗਟ ਕਰਦਿਆਂ ਫਤਿਹਪੁਰੀ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ।

## 'ਸਵੱਛ ਭਾਰਤ ਮਿਸ਼ਨ' ਤਹਿਤ ਸਫ਼ਾਈ ਗਤੀਵਿਧੀਆਂ ਨੂੰ ਤੇਜ਼ ਕੀਤਾ ਜਾਵੇ : ਇੰਜੀ. ਸੁਰਮੁਖ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-'ਸਵੱਛ ਭਾਰਤ ਮਿਸ਼ਨ' ਤਹਿਤ ਚਲਾਈ ਜਾ ਰਹੀ 'ਸਵੱਛਤਾ ਹੀ ਸੇਵਾ-2026' ਮੁਹਿੰਮ ਨੂੰ ਜ਼ਿਲ੍ਹਾ ਫਾਜ਼ਿਲਕਾ ਵਿੱਚ ਸਰਗਰਮੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਇੰਜੀ. ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਫਾਜ਼ਿਲਕਾ ਸੁਰਮੁਖ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਤਹਿਤ ਖਾਸ ਕਰ ਪੇਂਡੂ ਖੇਤਰਾਂ ਵਿੱਚ ਸਫ਼ਾਈ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਕਾਰਜਕਾਰੀ ਇੰਜੀ. ਸੁਰਮੁਖ ਸਿੰਘ ਨੇ ਕਿਹਾ ਕਿ 'ਸਵੱਛਤਾ ਹੀ ਸੇਵਾ-2026' ਮੁਹਿੰਮ ਦੇ ਮੁੱਖ ਸਤੰਭ 'ਸਵੱਛਤਾ ਵਿੱਚ ਭਾਗੀਦਾਰੀ-ਸਵੱਛ ਭਾਰਤ, ਵਿਕਸਿਤ ਭਾਰਤ' ਦੇ ਵਿਸ਼ੇ (ਥੀਮ) ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ ਪਹਿਲੂਆਂ ਨੂੰ ਕੇਂਦਰ ਵਿੱਚ ਰੱਖਦਿਆਂ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਵੱਲੋਂ ਸਾਂਝੇ ਤੌਰ 'ਤੇ ਸਫ਼ਾਈ, ਜਾਗਰੂਕਤਾ ਤੇ ਸਫ਼ਾਈ ਕਰਮਚਾਰੀਆਂ ਦੀ ਸੁਰੱਖਿਆ ਨਾਲ ਸਬੰਧਤ ਗਤੀਵਿਧੀਆਂ ਕਰਵਾਈਆਂ ਜਾਣ ਤਾਂ ਜੋ ਮੁਹਿੰਮ ਦੇ ਉਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਸਵੱਛ ਭਾਰਤ ਮਿਸ਼ਨ ਸਿਰਫ਼ ਸਫ਼ਾਈ ਤੱਕ ਸੀਮਤ ਮੁਹਿੰਮ ਨਹੀਂ, ਸਗੋਂ ਲੋਕਾਂ ਵਿੱਚ ਸਫ਼ਾਈ ਪ੍ਰਤੀ ਸਥਾਈ ਜਾਗਰੂਕਤਾ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਨੂੰ ਸਾਫ਼-ਸੁਥਰਾ ਰੱਖਣ ਲਈ ਸਰਕਾਰੀ ਵਿਭਾਗਾਂ ਦੇ ਯਤਨਾਂ ਦੇ ਨਾਲ-ਨਾਲ ਆਮ ਲੋਕਾਂ ਦੀ ਸਰਗਰਮ ਭਾਗੀਦਾਰੀ ਵੀ ਬੇਹੱਦ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ, ਕੂੜਾ-ਕਰਕਟ ਨਿਰਧਾਰਤ ਸਥਾਨਾਂ 'ਤੇ ਪਾਉਣ ਤੇ ਸਫ਼ਾਈ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ।

## ਅਮਨ ਜੈਨ ਪਲਾਈਵੁੱਡ ਦੀ ਦੁਕਾਨ 'ਤੇ ਗੋਲੀ ਚਲਾਉਣ ਵਾਲੇ ਗੈਂਗਸਟਰ ਗ੍ਰਿਫਤਾਰ



**ਜ਼ੀਰਾ (ਨਰਿੰਦਰ ਅਨੇਜਾ)**-ਭੁਪਿੰਦਰ ਸਿੰਘ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਨੇ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਮਨਜੀਤ ਸਿੰਘ ਪੀ.ਪੀ.ਐੱਸ. ਐੱਸ ਪੀ (ਡੀ) ਫਿਰੋਜ਼ਪੁਰ, ਬਲਜਿੰਦਰ ਸਿੰਘ ਡੀ ਐੱਸ ਪੀ (ਡੀ), ਜਸਪਾਲ ਸਿੰਘ ਡੀ.ਐੱਸ.ਪੀ. ਸਬ ਡਵੀਜ਼ਨ ਜ਼ੀਰਾ ਫਿਰੋਜ਼ਪੁਰ ਦੀ ਨਿਗਰਾਨੀ ਹੇਠਾਂ ਜ਼ਿਲ੍ਹਾ ਪੁਲਸ ਵੱਲੋਂ ਮਾੜੇ ਅਨਸਰਾਂ ਤੇ ਗੈਂਗਸਟਰਾਂ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦੇ ਹੋਏ ਇੰਸਪੈਕਟਰ ਜਸਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਜ਼ੀਰਾ ਤੇ ਸੀ.ਆਈ.ਏ. ਸਟਾਫ ਜ਼ੀਰਾ ਦੀਆਂ ਟੀਮਾਂ ਨੇ ਜ਼ੀਰਾ ਸ਼ਹਿਰ ਵਿੱਚ ਨਵਾਂ ਤਲਵੰਡੀ ਰੋਡ ਜ਼ੀਰਾ ਵਿਖੇ ਅਮਨ ਜੈਨ ਥਾਣਾ ਸਿਟੀ ਜ਼ੀਰਾ ਪਾਸੋਂ ਫਿਰੌਤੀ ਦੀ ਮੰਗ ਕਰਨ 'ਤੇ ਉਸ ਦੀ ਨਵਾਂ ਤਲਵੰਡੀ ਰੋਡ ਜ਼ੀਰਾ 'ਤੇ ਪਲਾਈਵੁਡ ਦੀ ਦੁਕਾਨ ਹੈ, ਉੱਤੇ ਫਾਇਰ ਕਰਨ ਵਾਲੇ ਮੋਟਰਸਾਈਕਲ ਸਵਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 02 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਦੋਸ਼ੀਆਂ ਦੇ ਨਾਮ ਬਲਵਿੰਦਰ ਸਿੰਘ ਉਰਫ ਬਿੱਲਾ ਪੁੱਤਰ ਸਾਹਿਬ ਸਿੰਘ ਵਾਸੀ ਬਸਤੀ ਕੂੰਨਾ ਵਾਲੀ ਜ਼ੀਰਾ, ਤੁਸ਼ਾਰ ਭੱਟੀ ਪੁੱਤਰ ਕੁਲਵੰਤ ਸਿੰਘ ਵਾਸੀ ਗੁਦਾਮਾ ਦੀ ਬੈਕ ਸਾਇਡ ਗੁਰੂ ਤੇਗ ਬਹਾਦਰ ਨਗਰ ਜ਼ੀਰਾ, ਜਸ਼ਨਦੀਪ ਸਿੰਘ ਉਰਫ ਜਸ਼ਨ ਪੁੱਤਰ ਗੁਰਜੰਟ ਸਿੰਘ ਵਾਸੀ ਬਸਤੀ ਕੂੰਨਾਂ ਵਾਲੀ ਜ਼ੀਰਾ, ਪੁਸ਼ਪਿੰਦਰ ਸਿੰਘ ਉਰਫ ਨੰਨੂ ਪੁੱਤਰ ਲਖਵਿੰਦਰ ਸਿੰਘ ਵਾਸੀ ਗੁਦਾਮਾ ਦੀ ਬੈਕ ਸਾਇਡ ਗੁਰੂ ਤੇਗ ਬਹਾਦਰ ਨਗਰ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਹਨ।ਉਨ੍ਹਾਂ ਪਾਸੋਂ ਇਕ ਪਿਸਟਲ 9 ਐਮ.ਐਮ ਗਲੋਕ, ਇਕ ਬੁਲਟ ਮੋਟਰਸਾਇਕਲ, ਇੱਕ ਸਪਲੈਂਡਰ ਮੋਟਰਸਾਇਕਲ, ਇਕ ਖੋਲ ਰੌਂਦ, ਇਕ ਰੌਂਦ ਦਾ ਸਿੱਕਾ, ਜਾਲ੍ਹੀ ਨੰਬਰ ਪਲੇਟਾਂ ਬਰਾਮਦ ਕੀਤੀਆਂ, ਤਫਤੀਸ਼ ਜਾਰੀ ਹੈ।

# ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਤ ਧਾਰਮਿਕ ਸਮਾਗਮ



**ਜਗਰਾਉਂ (ਸੰਜੀਵ ਅਰੋੜਾ)**-ਪਿੰਡ ਭੰਮੀਪੁਰਾ ਵਿਖੇ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵਿਧਾਨ ਸਭਾ ਹਲਕਾ ਜਗਰਾਉਂ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਰਿਟਾਇਰਡ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਐਡਵੋਕੇਟ ਸਰਪੰਚ ਗੁਰਮੇਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡ ਵਾਸੀਆਂ ਵੱਲੋਂ ਪ੍ਰੇਮ ਸਿੰਘ ਭੰਗੂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਸਮਾਗਮ ਦੌਰਾਨ ਪ੍ਰੇਮ ਸਿੰਘ ਭੰਗੂ ਨੇ ਬਾਬਾ ਸ੍ਰੀ ਚੰਦ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੇ ਉਨ੍ਹਾਂ ਵੱਲੋਂ ਦਰਸਾਇਆ ਗਿਆ ਮਾਰਗ ਸਮਾਜ ਨੂੰ ਸਦਭਾਵਨਾ, ਸੇਵਾ ਅਤੇ ਭਾਈਚਾਰੇ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਸਮਾਗਮ ਦੇ ਪ੍ਰਬੰਧਕਾਂ ਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਡੀ ਅਮੀਰ ਵਿਰਾਸਤ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਐਡਵੋਕੇਟ ਸਰਪੰਚ ਗੁਰਮੇਲ ਸਿੰਘ ਧਾਲੀਵਾਲ ਨੇ ਕਿਹਾ ਕਿ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਮੌਕੇ ਕਰਵਾਏ ਗਏ ਇਸ ਸਮਾਗਮ ਵਿੱਚ ਪ੍ਰੇਮ ਸਿੰਘ ਭੰਗੂ ਦਾ ਪਹੁੰਚਣਾ ਪਿੰਡ ਵਾਸੀਆਂ ਲਈ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਪ੍ਰੇਮ ਸਿੰਘ ਭੰਗੂ ਦਾ ਪਿੰਡ ਵਾਸੀਆਂ ਵੱਲੋਂ ਪਿਆਰ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਡੇਰਾ ਸ੍ਰੀ ਚੰਦ ਦੇ ਪ੍ਰਧਾਨ ਧਰਮਪਾਲ, ਸਰਪੰਚ ਜਗਦੀਸ਼ ਸ਼ਰਮਾ, ਰਿੰਟੂ, ਚਮਕੌਰ ਸਿੰਘ ਕੌਰਾ, ਭਜਨ ਸਿੰਘ ਉੱਪਲ, ਮਾਸਟਰ ਵਿਜੇ ਕੁਮਾਰ, ਏ.ਐੱਸ.ਆਈ ਪਰਮਿੰਦਰ ਸਿੰਘ, ਅਮਰਜੀਤ ਸਿੰਘ ਉੱਪਲ, ਕਰਮਜੀਤ ਸਿੰਘ ਧਾਲੀਵਾਲ, ਪਿੰਟੂ ਧਾਲੀਵਾਲ, ਕੁਲਦੀਪ ਸਿੰਘ, ਸਾਬਕਾ ਪੰਚ ਕੁਲਵੰਤ ਸਿੰਘ, ਪ੍ਰਧਾਨ ਸੰਦੀਪ ਸਿੰਘ, ਹਰਜਿੰਦਰ ਸਿੰਘ, ਆਤਮਾ ਸਿੰਘ, ਰੂਪ ਸਿੰਘ, ਜੁਗਰਾਜ ਸਿੰਘ, ਕਰਨੈਲ ਸਿੰਘ, ਗੇਜੀ ਸਮੇਤ ਹੋਰ ਪਤਵੰਤੇ ਅਤੇ ਪਿੰਡ ਵਾਸੀ ਹਾਜ਼ਰ ਸਨ।

## ਚੰਦ ਫਤਿਹਪੁਰੀ ਦੇ ਦੇਹਾਂਤ 'ਤੇ ਪ੍ਰੈੱਸ ਕਲੱਬ ਵੱਲੋਂ ਦੁੱਖ ਦਾ ਪ੍ਰਗਟਾਵਾ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਸ੍ਰੀ ਚੰਦ ਫ਼ਤਿਹਪੁਰੀ ਜੀ ਦੇ ਅਚਾਨਕ ਦੇਹਾਂਤ ਦੀ ਖ਼ਬਰ ਨੇ ਪੱਤਰਕਾਰੀ ਤੇ ਸਮਾਜਿਕ ਖੇਤਰ ਨਾਲ ਜੁੜੇ ਹਰ ਵਿਅਕਤੀ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ। ਇਸ ਦੁੱਖ ਦੀ ਘੜੀ ਵਿੱਚ ਪ੍ਰੈੱਸ ਕਲੱਬ ਰਾਏਕੋਟ ਦੇ ਪ੍ਰਧਾਨ ਸੰਜੀਵ ਭੱਲਾ, ਸਕੱਤਰ ਇਕਬਾਲ ਸਿੰਘ ਫੇਰੂਰਾਈਂ, ਸੁਸ਼ੀਲ ਕੁਮਾਰ, ਜਸਵੰਤ ਸਿੰਘ ਸਿੱਧੂ, ਆਰ ਜੀ ਰਾਏਕੋਟੀ, ਸੁਸ਼ੀਲ ਵਰਮਾ, ਅੰਮ੍ਰਿਤ ਪਾਸੀ, ਪਰਵੀਨ ਅੱਗਰਵਾਲ, ਨਾਮਪ੍ਰੀਤ ਗੋਗੀ, ਰਘਵੀਰ ਸਿੰਘ ਜੱਗਾ, ਗੁਰੀ ਤੇ ਸੁਖਦੇਵ ਸਿੰਘ ਜੱਟਪੁਰੀ ਕੌਂਸਲ ਮੱਲਾਂ ਆਦਿ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਵਿਛੋੜਾ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੈ, ਜਿਸ ਨੇ ਆਪਣੀ ਲੰਮੀ ਪੱਤਰਕਾਰੀ ਯਾਤਰਾ ਦੌਰਾਨ ਲੋਕਾਂ ਦੇ ਮੁੱਦਿਆਂ, ਸਮਾਜਿਕ ਸਰੋਕਾਰਾਂ ਤੇ ਆਪਣੇ ਵਿਚਾਰਾਂ ਨੂੰ ਨਿੱਡਰਤਾ ਨਾਲ ਸਾਹਮਣੇ ਰੱਖਿਆ।ਸ੍ਰੀ ਫ਼ਤਿਹਪੁਰੀ ਜੀ ਨੇ 'ਨਵਾਂ ਜ਼ਮਾਨਾ' ਨਾਲ ਆਪਣੀ ਲੰਮੀ ਸਾਂਝ ਰਾਹੀਂ ਪੰਜਾਬੀ ਪੱਤਰਕਾਰੀ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ।ਉਨ੍ਹਾਂ ਦਾ ਜਾਣਾ ਪਰਿਵਾਰ, ਸਨੇਹੀਆਂ, ਸਾਥੀਆਂ ਤੇ ਪੱਤਰਕਾਰੀ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

## ਜਸਮੇਲ ਸਿੰਘ ਅਤਲਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਮਾਨਸਾ (ਆਤਮਾ ਸਿੰਘ ਪਮਾਰ)**-ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਬ੍ਰਾਂਚ ਮਾਨਸਾ ਵੱਲੋਂ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ (ਵਿਗਿਆਨਕ) ਦੇ ਸੂਬਾ ਆਗੂ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਥੀ ਜਸਮੇਲ ਸਿੰਘ ਅਤਲਾ, ਜੋ ਜਲ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ 'ਚ ਬਤੌਰ ਟੈਕਨੀਸ਼ੀਅਨ ਗ੍ਰੇਡ (1) ਆਪਣੇ ਜੱਦੀ ਪਿੰਡ ਅਤਲਾ ਜਲ ਘਰ 'ਤੇ ਹੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ, ਦੀ ਹੋਈ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਦੁੱਖ ਦੀ ਘੜੀ 'ਚ ਸ਼ਰੀਕ ਹੁੰਦਿਆਂ ਪਰਵਾਰ ਨਾਲ ਖੜ੍ਹੇ ਹਨ।ਜਥੇਬੰਦੀ ਦੇ ਆਗੂਆਂ ਸਾਥੀ ਜਗਦੇਵ ਸਿੰਘ ਘੁਰਕਣੀ ਜ਼ਿਲ੍ਹਾ ਪ੍ਰਧਾਨ ਡੀ ਐੱਮ ਐਫ ਮਾਨਸਾ, ਪੈਨਸ਼ਨਰਜ਼ ਐਸੋਸੀਏਸ਼ਨ ਝੁਨੀਰ ਤੇ ਟੈਕਨੀਕਲ ਐਂਡ ਮਕੈਨੀਕਲ ਦੇ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ, ਪ੍ਰਧਾਨ ਬ੍ਰਾਂਚ ਮਾਨਸਾ ਇੰਦਰਜੀਤ ਗੋਗੀ, ਜਨਰਲ ਸਕੱਤਰ ਭੂਸ਼ਨ ਕੁਮਾਰ ਕੋਟੜਾ, ਜਗਦੇਵ ਸਿੰਘ ਮੀਰਪੁਰ, ਗੁਰਜੰਟ ਸਿੰਘ ਖਾਲਸਾ ਕੋਰਵਾਲਾ, ਕ੍ਰਿਸ਼ਨ ਜੀਤ ਰੋੜਕੀ, ਰਮੇਸ਼ਵਰ ਝੰਡਾ ਖੁਰਦ, ਸ਼ੀਤਲ ਸਿੰਘ ਉਡਤ, ਬੋਘ ਸਿੰਘ ਫਫੜੇ, ਸਵਰਨ ਸਿੰਘ ਕਲਾਣਾ, ਰਣਬੀਰ ਸਿੰਘ ਖਾਰਾ, ਦੀਪਕ ਕੁਮਾਰ ਸਰਦੂਲਗੜ੍ਹ, ਇੰਦਰਾਜ ਪੱਪੂ ਆਦਿ ਸਾਥੀਆਂ ਵੱਲੋਂ ਸਾਥੀ ਜੀ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸਾਥੀ ਜਸਮੇਲ ਸਿੰਘ ਅਤਲਾ ਦੀ ਆਤਮਿਕ ਸ਼ਾਂਤੀ ਨਮਿੱਤ ਰੱਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਗੁਰੂ ਘਰ ਅਤਲਾ ਖੁਰਦ (ਮਾਨਸਾ) ਵਿਖੇ 25 ਸਤੰਬਰ ਨੂੰ ਹੋਵੇਗੀ।

## ਨਸ਼ਾ ਮੁਕਤ ਪੰਜਾਬ ਯਾਤਰਾ 25 ਨੂੰ ਮੋਗਾ ਜ਼ਿਲ੍ਹੇ 'ਚ ਹੋਵੇਗੀ ਦਾਖ਼ਲ : ਡਾ. ਹਰਜੋਤ ਕਮਲ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਨਸ਼ਾ ਮੁਕਤ ਪੰਜਾਬ ਯਾਤਰਾ ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਸੂਬੇ ਭਰ ਵਿੱਚ ਜਨ-ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।ਇਹ ਯਾਤਰਾ 25 ਸਤੰਬਰ ਨੂੰ ਪੰਜਗਰਾਈਂ ਕਲਾਂ ਤੋਂ ਜ਼ਿਲ੍ਹਾ ਮੋਗਾ ਵਿੱਚ ਦਾਖ਼ਲ ਹੋਵੇਗੀ ਤੇ 25 ਤੋਂ 27 ਸਤੰਬਰ ਤੱਕ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚੋਂ ਹੁੰਦੀ ਹੋਈ ਚਾਰੇ ਵਿਧਾਨ ਸਭਾ ਹਲਕਿਆਂ ਵਿੱਚ ਜਾਵੇਗੀ।ਰਾਜ ਪੱਧਰ 'ਤੇ ਇਹ ਮੁਹਿੰਮ ਨਸ਼ਿਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਤੇ ਇਸ ਮੁੱਦੇ ਨੂੰ ਸਮਾਜਿਕ ਜਾਗਰੂਕਤਾ ਨਾਲ ਜੋੜਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਜਪਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਨਸ਼ਾ ਪੰਜਾਬ ਦੇ ਭਵਿੱਖ ਤੇ ਨੌਜਵਾਨ ਪੀੜ੍ਹੀ ਨਾਲ ਜੁੜਿਆ ਇੱਕ ਗੰਭੀਰ ਸਮਾਜਿਕ ਮੁੱਦਾ ਹੈ।ਇਸ ਲਈ ਨਸ਼ਿਆਂ ਵਿਰੁੱਧ ਸਮਾਜ ਦੇ ਹਰ ਵਰਗ ਨੂੰ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ।ਡਾ. ਹਰਜੋਤ ਕਮਲ ਨੇ ਕਿਹਾ ਕਿ ਭਾਜਪਾ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਇੱਕ ਵਿਸਥਾਰਤ ਰੋਡਮੈਪ ਤਿਆਰ ਹੈ, ਜਿਸ ਤਹਿਤ ਪਹਿਲੇ ਪੜਾਅ ਵਿੱਚ ਜਨ-ਜਾਗਰੂਕਤਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਅਗਲੇ ਪੜਾਅ ਵਿੱਚ ਭਾਜਪਾ ਵੱਲੋਂ ਦੇਸ਼ ਭਰ ਵਿੱਚ 315 ਨਸ਼ਾ ਛੁਡਾਊ ਕੇਂਦਰ ਸਥਾਪਤ ਕਰਨ ਦੀ ਯੋਜਨਾ ਦੱਸੀ ਗਈ ਹੈ, ਜਿਸ ਵਿੱਚ ਪੰਜਾਬ ਦੇ 16 ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਤੋਂ ਬਾਅਦ ਵਿੱਚ ਨੌਜਵਾਨਾਂ ਨੂੰ ਸਕਿੱਲ ਡਿਵੈਲਪਮੈਂਟ ਦੇ ਕੋਰਸਾਂ ਰਾਹੀਂ ਆਤਮ ਨਿਰਭਰ ਬਣਾਇਆ ਜਾਵੇਗਾ।ਡਾ. ਹਰਜੋਤ ਕਮਲ ਨੇ ਮੋਗਾ ਜ਼ਿਲ੍ਹੇ ਦੀਆਂ ਸਾਰੀਆਂ ਧਾਰਮਿਕ, ਸਮਾਜਿਕ, ਗੈਰ-ਸਰਕਾਰੀ ਸੰਸਥਾਵਾਂ, ਨੌਜਵਾਨ ਜਥੇਬੰਦੀਆਂ ਤੇ ਨਸ਼ਿਆਂ ਵਿਰੁੱਧ ਕੰਮ ਕਰ ਰਹੇ ਸੂਝਵਾਨ ਨਾਗਰਿਕਾਂ ਨੂੰ ਇਸ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।

# ਪੰਜਾਬ ਰਾਈਸ ਇੰਡਸਟਰੀ ਦੇ ਮਿੱਲਰਾਂ ਦੀ ਵਿਸ਼ੇਸ਼ ਮੀਟਿੰਗ

### ਭਾਰਤ ਭੂਸ਼ਣ ਬਿੰਟਾ ਮੁੜ ਪ੍ਰਧਾਨ ਚੁਣੇ, ਮਿੱਲਿੰਗ ਚਾਰਜ 50 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਉਣ ਵਾਲੇ ਝੋਨੇ ਦੇ ਖ਼ਰੀਦ ਸੀਜ਼ਨ ਤੋਂ ਪਹਿਲਾਂ ਪੰਜਾਬ ਰਾਈਸ ਇੰਡਸਟਰੀ ਨਾਲ ਜੁੜੇ ਪੰਜ ਜ਼ਿਲ੍ਹਿਆਂ ਦੇ ਮਿੱਲਰਾਂ ਦੀ ਇੱਕ ਵਿਸ਼ੇਸ਼ ਮੀਟਿੰਗ 'ਇਕ ਮੰਚ-ਇਕ ਆਵਾਜ਼, ਮਜ਼ਬੂਤ ਸਨਅਤ' ਦੇ ਬੈਨਰ ਹੇਠ ਬਾਘਾ ਪੁਰਾਣਾ ਵਿਖੇ ਹੋਈ।ਮੀਟਿੰਗ ਦੌਰਾਨ ਰਾਈਸ ਇੰਡਸਟਰੀ ਸਾਹਮਣੇ ਆ ਰਹੀਆਂ ਸਟੋਰੇਜ, ਮਿੱਲਿੰਗ, ਸਰਕਾਰੀ ਚੌਲਾਂ ਦੀ ਡਲਿਵਰੀ, ਆਵਾਜਾਈ ਤੇ ਨੀਤੀਗਤ ਸਮੱਸਿਆਵਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਪੰਜਾਬ ਰਾਈਸ ਇੰਡਸਟਰੀ ਐਸੋਸੀਏਸ਼ਨ ਦੀ ਨਵੀਂ ਕਾਰਜਕਾਰਨੀ ਦਾ ਗਠਨ ਵੀ ਕੀਤਾ ਗਿਆ।ਭਾਰਤ ਭੂਸ਼ਣ ਬਿੰਟਾ ਨੂੰ ਮੁੜ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ, ਜਦਕਿ ਬਾਲ ਕ੍ਰਿਸ਼ਨ ਬਾਲੀ ਨੂੰ ਚੇਅਰਮੈਨ, ਰਣਜੀਤ ਸਿੰਘ ਜੋਸਨ ਨੂੰ ਸੀਨੀਅਰ ਮੀਤ ਪ੍ਰਧਾਨ, ਇੰਦਰਜੀਤ ਗਰਗ ਜੌਲੀ ਨੂੰ ਜਨਰਲ ਸਕੱਤਰ, ਹਰੀ ਓਮ ਮਿੱਤਲ ਨੂੰ ਮੀਤ ਪ੍ਰਧਾਨ, ਕਮਲ ਗਰਗ ਫ਼ਿਰੋਜ਼ਪੁਰ ਨੂੰ ਅਹੁਦੇਦਾਰ ਤੇ ਰਾਜਿੰਦਰ ਗਰਗ ਨੂੰ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ।ਇਸ ਤੋਂ ਇਲਾਵਾ 31 ਮੈਂਬਰਾਂ ਵਾਲੀ ਸੂਬਾ ਕਾਰਜਕਾਰਨੀ ਦੇ ਗਠਨ ਦਾ ਵੀ ਐਲਾਨ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਤੇ ਚੇਅਰਮੈਨ ਬਾਲ ਕ੍ਰਿਸ਼ਨ ਬਾਲੀ ਨੇ ਕਿਹਾ ਕਿ ਪੰਜਾਬ ਦਾ ਰਾਈਸ ਮਿੱਲਰ ਹਮੇਸ਼ਾ ਸਰਕਾਰ ਦੇ ਨਾਲ ਖੜ੍ਹਾ ਰਿਹਾ ਹੈ ਅਤੇ ਸਰਕਾਰੀ ਚੌਲਾਂ ਦੀ ਡਲਿਵਰੀ ਤੋਂ ਪਿੱਛੇ ਹਟਣ ਦਾ ਕੋਈ ਸਵਾਲ ਨਹੀਂ।ਉਨ੍ਹਾਂ ਕਿਹਾ ਕਿ ਮਿੱਲਰਾਂ ਦਾ ਮੁੱਖ ਉਦੇਸ਼ ਸਰਕਾਰੀ ਪ੍ਰਬੰਧ ਵਿੱਚ ਸਹਿਯੋਗ ਕਰਦਿਆਂ ਝੋਨੇ ਦੇ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨਾ ਹੈ, ਪਰ ਸਰਕਾਰ ਨੂੰ ਵੀ ਇੰਡਸਟਰੀ ਦੀਆਂ ਜ਼ਮੀਨੀ ਸਮੱਸਿਆਵਾਂ ਨੂੰ ਸਮਝਣਾ ਚਾਹੀਦਾ ਹੈ।ਆਗੂਆਂ ਨੇ ਮੰਗ ਕੀਤੀ ਕਿ ਨਵੇਂ ਸੀਜ਼ਨ ਤੋਂ ਪਹਿਲਾਂ ਮਿੱਲਾਂ ਵਿਚ ਪਿਆ ਪੁਰਾਣਾ ਸਰਕਾਰੀ ਚੌਲ ਤੇ ਹੋਰ ਮਾਲ ਜਲਦ ਕਢਵਾਇਆ ਜਾਵੇ, ਤਾਂ ਜੋ ਨਵੇਂ ਝੋਨੇ ਲਈ ਲੋੜੀਂਦੀ ਸਟੋਰੇਜ ਉਪਲਬਧ ਹੋ ਸਕੇ।ਉਨ੍ਹਾਂ 'ਇੰਪਰੂਵਡ ਰਾਈਸ' ਕਾਰਨ ਵਧ ਰਹੇ ਮਜ਼ਦੂਰੀ, ਬਿਜਲੀ ਤੇ ਮਸ਼ੀਨਰੀ ਦੇ ਖ਼ਰਚਿਆਂ ਦਾ ਹਵਾਲਾ ਦਿੰਦਿਆਂ ਵਾਧੂ ਵਿੱਤੀ ਬੋਝ ਦੀ ਵਾਜਬ ਭਰਪਾਈ ਦੀ ਮੰਗ ਕੀਤੀ।ਐਸੋਸੀਏਸ਼ਨ ਨੇ ਮਿੱਲਿੰਗ ਚਾਰਜ 2.23 ਰੁਪਏ ਤੋਂ ਵਧਾ ਕੇ ਘੱਟੋ-ਘੱਟ 50 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮੰਗ ਰੱਖੀ।ਇਸ ਦੇ ਨਾਲ ਹੀ 40 ਕਿਲੋਮੀਟਰ ਤੋਂ ਵੱਧ ਦੂਰੀ 'ਤੇ ਸਰਕਾਰੀ ਚੌਲਾਂ ਦੀ ਡਿਲਿਵਰੀ ਹੋਣ 'ਤੇ ਅਸਲ ਦੂਰੀ ਦੇ ਆਧਾਰ 'ਤੇ ਭਾੜਾ ਦੇਣ, ਵਾਧੂ ਆਵਾਜਾਈ ਖ਼ਰਚੇ ਤੋਂ ਮਿੱਲਰਾਂ ਨੂੰ ਰਾਹਤ ਦੇਣ ਤੇ ਟੁੱਟੇ ਚੌਲਾਂ ਦੀ ਚੁਕਾਈ ਲਈ ਨਿਸ਼ਚਿਤ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕੀਤੀ ਗਈ।ਆਗੂਆਂ ਨੇ 'ਇੰਪਰੂਵਡ ਰਾਈਸ' ਦੀ ਮਾਤਰਾ ਕੁੱਲ ਕੇਂਦਰੀ ਪੂਲ ਚੌਲਾਂ ਦੇ 25 ਫੀਸਦੀ ਤੋਂ ਵੱਧ ਨਾ ਰੱਖਣ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵੱਲੋਂ ਲਗਭਗ 125 ਲੱਖ ਮੀਟ੍ਰਿਕ ਟਨ ਚੌਲ ਕੇਂਦਰੀ ਪੂਲ ਵਿੱਚ ਦਿੱਤੇ ਜਾਂਦੇ ਹਨ ਤਾਂ ਇੰਪਰੂਵਡ ਰਾਈਸ ਦੀ ਮਾਤਰਾ ਵੱਧ ਤੋਂ ਵੱਧ 30 ਲੱਖ ਮੀਟ੍ਰਿਕ ਟਨ ਤੱਕ ਸੀਮਤ ਕੀਤੀ ਜਾਵੇ।ਇਸ ਤੋਂ ਇਲਾਵਾ ਮਿੱਲਰਾਂ ਦੇ ਪਰਿਸਰ ਵਿੱਚ ਸਰਕਾਰੀ ਚੌਲ ਰੱਖਣ ਲਈ ਘੱਟੋ-ਘੱਟ 8 ਰੁਪਏ ਪ੍ਰਤੀ ਕੁਇੰਟਲ ਭੰਡਾਰਨ ਚਾਰਜ ਦੇਣ ਦੀ ਮੰਗ ਵੀ ਕੀਤੀ ਗਈ।ਸਟੇਜ ਦੀ ਭੂਮਿਕਾ ਵਿਜੇ ਸ਼ਰਮਾ ਨੇ ਨਿਭਾਈ। ਇਸ ਮੌਕੇ ਅਵਿਨਾਸ਼ ਗੁਪਤਾ ਮੋਗਾ, ਮੁਨੀਸ਼ ਗਰਗ ਟੀਨੀ, ਬਲਵਿੰਦਰ ਗਰਗ ਬਿੰਦਰ, ਰਾਜੀਵ ਮਿੱਤਲ ਰਿੰਕੂ, ਬਲਤੇਜ ਸਿੰਘ ਲੰਗੇਆਣਾ, ਕੇਵਲ ਗਰਗ, ਅਰੁਣ ਬਾਂਸਲ, ਪੰਕਜ ਗਰਗ, ਪ੍ਰਦੀਪ ਢੱਲ, ਮਹਾਵੀਰ ਬਾਂਸਲ, ਪ੍ਰਿੰਸ ਗਰਗ ਭਦੌੜ, ਦੀਪਕ ਅਵਾਲਾ, ਗੁਰਪ੍ਰੀਤ ਸਿੰਘ ਮਮਦੋਟ, ਸ਼ਿਵ ਆਹੂਜਾ, ਜਤਿੰਦਰ ਗੋਇਲ, ਉਗਰ ਸੈਨ ਮੌੜ, ਨਿਸ਼ਾਂਤ ਗਰਗ, ਪਰਵੀਨ ਬਾਂਸਲ, ਸੋਹਨ ਮਿੱਤਲ, ਅਸ਼ੋਕ ਮਿੱਤਲ, ਆਸ਼ੀਸ਼ ਗਰਗ, ਤਰਲੋਚਨ ਬਾਂਸਲ ਸਮੇਤ ਹੋਰ ਮਿੱਲਰ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਗਾਮੀ ਵਿਧਾਨ ਸਭਾ ਚੋਣਾਂ ਡਟ ਕੇ ਲੜੇਗਾ : ਖਾਲਸਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਪਿੰਡ ਵਰ੍ਹੇ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਥਾਵਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲਿਆ।ਪਾਰਟੀ ਦੇ ਉਮੀਦਵਾਰ ਤੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਇਕੱਤਰ ਹੋਏ ਪਾਰਟੀ ਵਰਕਰਾਂ ਨੇ ਅਹਿਦ ਲਿਆ ਕੇ ਉਹ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦੇਣਗੇ।ਸਮਾਗਮ ਨੂੰ ਸੰਬੋਧਨ ਕਰਦਿਆਂ ਬਲਰਾਜ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇੱਕੋ-ਇੱਕ ਅਜਿਹੀ ਸਿਆਸੀ ਪਾਰਟੀ ਹੈ, ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁੱਦੇ ਨੂੰ ਲੈ ਕੇ ਪਿਛਲੇ 40 ਸਾਲਾਂ ਤੋਂ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਲੋਕ ਸਭਾ ਵਿੱਚ ਆਪਣੇ ਕਾਰਜਕਾਲ ਦੌਰਾਨ ਦਿੱਤੇ ਗਏ ਭਾਸ਼ਣ ਤੇ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਕੌਮ ਦੇ ਚੁੱਕੇ ਗਏ ਮੁੱਦੇ ਅੱਜ ਵੀ ਇੱਕ ਮਿਸਾਲ ਹਨ।ਉਨ੍ਹਾਂ ਕਿਹਾ ਕਿ ਪਾਰਟੀ ਨੂੰ ਪੰਜਾਬ ਭਰ ਵਿੱਚ ਭਰਵਾਂ ਸਮਰਥਨ ਮਿਲ ਰਿਹਾ ਹੈ ਤੇ ਪਾਰਟੀ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਇੱਕ ਵੱਡੀ ਜਿੱਤ ਦਰਜ ਕਰਨ ਦੇ ਸਮਰੱਥ ਬਣ ਚੁੱਕੀ ਹੈ।ਇਸ ਮੌਕੇ ਪਿੰਡ ਵਰ੍ਹੇ ਦੇ ਨਿਵਾਸੀਆਂ ਵੱਲੋਂ ਬਲਰਾਜ ਸਿੰਘ ਖਾਲਸਾ ਤੇ ਹੋਰਨਾਂ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਉੱਪਰ ਸਨਮਾਨਤ ਕੀਤਾ ਗਿਆ।ਇਸ ਮੌਕੇ ਭੁਪਿੰਦਰ ਸਿੰਘ, ਬਲਜੀਤ ਸਿੰਘ, ਜਗਸੀਰ ਸਿੰਘ, ਜਗਤਾਰ ਸਿੰਘ, ਪਰਮਿੰਦਰ ਸਿੰਘ, ਮੰਗਲ ਸਿੰਘ ਪ੍ਰੀਤਮ ਸਿੰਘ, ਮਨੋਹਰ ਸਿੰਘ, ਪਰਮਿੰਦਰ ਸਿੰਘ, ਪ੍ਰਕਾਸ਼ ਸਿੰਘ, ਜਗਜੀਤ ਸਿੰਘ, ਗੁਰਚਰਨ ਸਿੰਘ, ਬਲਦੇਵ ਸਿੰਘ, ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਐੱਸ ਪੀ ਐੱਸ ਹਸਪਤਾਲ ਵੱਲੋਂ ਮੈਰਾਥਨ ਦੌੜ 27 ਨੂੰ, ਪੋਸਟਰ ਜਾਰੀ



**ਸਮਰਾਲਾ (ਸੁਰਜੀਤ ਸਿੰਘ)**-ਆਮ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਸਬੰਧੀ ਸੁਚੇਤ ਕਰਨ ਦੇ ਮਨਸੂਬੇ ਨੂੰ ਲੈ ਕੇ ਐੱਸ ਪੀ ਐੱਸ ਹਸਪਤਾਲ ਲੁਧਿਆਣਾ ਵੱਲੋਂ 12ਵੀਂ ਮੈਰਾਥਨ 'ਦਿਲ ਕੀ ਦੌੜ' ਦਾ ਆਯੋਜਨ 27 ਸਤੰਬਰ ਨੂੰ ਵਿਸ਼ਵ ਹਾਰਟ ਦਿਵਸ ਮੌਕੇ ਕੀਤਾ ਜਾ ਰਿਹਾ ਹੈ।ਇਹ ਦੌੜ ਸਤਿ ਗੁਰੂ ਪ੍ਰਤਾਪ ਸਿੰਘ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਸੰਧੂ ਦੀ ਨਿਰਦੇਸ਼ਨਾ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਾਰਵਾਈ ਜਾ ਰਹੀ ਹੈ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਣ ਵਾਲੀ ਇਸ ਮੈਰਾਥਨ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਸਬੰਧੀ ਐੱਸ ਪੀ ਐੱਸ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਸੰਧੂ ਵੱਲੋਂ ਇੱਕ ਪੋਸਟਰ ਜਾਰੀ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਸੀ ਈ ਓ ਯੋਗਿੰਦਰ ਨਾਥ ਅਵਧਿਆ ਨੇ ਦੱਸਿਆ ਕਿ ਪੁਰਸ਼ਾਂ ਦੀ ਮੈਰਾਥਨ 10 ਕਿਲੋਮੀਟਰ ਤੇ ਔਰਤਾਂ ਦੀ 5 ਕਿਲੋਮੀਟਰ ਦੀ ਦੌੜ ਕਾਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਦੌੜ ਵਿੱਚ ਭਾਰਤ ਭਰ ਤੋਂ ਦੌੜਾਕ ਪੁੱਜ ਰਹੇ ਹਨ।ਸੀ ਈ ਓ ਅਵਧਿਆ ਅਨੁਸਾਰ ਪੁਰਸ਼ਾਂ ਦਾ ਪਹਿਲਾ ਇਨਾਮ 51 ਹਾਜ਼ਰ, ਦੂਜਾ 31 ਹਾਜ਼ਰ ਤੇ ਤੀਜਾ ਇਨਾਮ 21 ਹਾਜ਼ਰ ਦਾ ਦਿੱਤਾ ਜਾਵੇਗਾ। ਇਸੇ ਤਰਾਂ ਔਰਤਾਂ ਦਾ ਪਹਿਲਾ ਇਨਾਮ 31 ਹਾਜ਼ਰ, ਦੂਜਾ 21 ਤੇ ਤੀਜਾ ਇਨਾਮ 11 ਹਾਜ਼ਰ ਦਾ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ 'ਦਿਲ ਕੀ ਦੌੜ' 27 ਸਤੰਬਰ ਨੂੰ ਸਵੇਰੇ 5 ਵਜੇ ਆਰੰਭ ਹੋਵੇਗੀ।ਇਸ ਮੌਕੇ ਮਾਰਕੀਟ ਹੈੱਡ ਸੁਧੀਰ ਠਾਕੁਰ ਤੇ ਹਸਪਤਾਲ ਦੇ ਲੋਕ ਸੰਪਰਕ ਅਧਿਕਾਰੀ ਲਖਵੀਰ ਸਿੰਘ ਬੱਦੋਵਾਲ ਮੌਜੂਦ ਸਨ।

## ਠੁੱਲੀਵਾਲ 'ਚ ਟਰਾਂਸਫਾਰਮਰਾਂ ਦੀ ਭੰਨ-ਤੋੜ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਠੁੱਲੀਵਾਲ ਵਿਖੇ ਬੀਤੀ ਰਾਤ ਚੋਰਾਂ ਨੇ ਤਿੰਨ ਕਿਸਾਨਾਂ ਦੇ ਖੇਤਾਂ ਵਿੱਚ ਲੱਗੇ ਬਿਜਲੀ ਟਰਾਂਸਫਾਰਮਰਾਂ ਦੀ ਭੰਨ-ਤੋੜ ਕਰਕੇ ਉਨ੍ਹਾਂ ਵਿੱਚੋਂ ਕੀਮਤੀ ਤੇਲ ਚੋਰੀ ਕਰ ਲਿਆ।ਘਟਨਾ ਕਾਰਨ ਕਿਸਾਨਾਂ ਵਿੱਚ ਸਹਿਮ ਤੇ ਰੋਸ ਪਾਇਆ ਜਾ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਚੋਰਾਂ ਨੇ ਪਿੰਡ ਠੁੱਲੀਵਾਲ ਤੋਂ ਖਿਆਲੀ ਨੂੰ ਜਾਂਦੀ ਲਿੰਕ ਸੜਕ ਤੇ ਕਲਿਆਣ ਰਜਵਾਹੇ ਦੀ ਪਟੜੀ ਨੇੜੇ ਅਤੇ ਹਮੀਦੀ ਨੂੰ ਜਾਂਦੀ ਲਿੰਕ ਸੜਕ ਨਾਲ ਲੱਗਦੇ ਖੇਤਾਂ ਵਿੱਚ ਵਾਰਦਾਤ ਨੂੰ ਅੰਜਾਮ ਦਿੱਤਾ।ਕਿਸਾਨ ਬੇਅੰਤ ਸਿੰਘ ਪੁੱਤਰ ਮੱਘਰ ਸਿੰਘ ਤੇ ਸਤਵਿੰਦਰ ਸਿੰਘ ਉਰਫ਼ ਕਾਲਾ ਦੇ ਖੇਤਾਂ ਵਿੱਚ ਲੱਗੇ 25-25 ਕੇ.ਵੀ. ਦੇ ਦੋ ਟਰਾਂਸਫਾਰਮਰਾਂ ਦੀ ਭੰਨ-ਤੋੜ ਕੀਤੀ ਗਈ।ਇਸੇ ਤਰ੍ਹਾਂ ਕਿਸਾਨ ਗੁਰਜੰਟ ਸਿੰਘ ਸੋਹੀ ਦੇ ਖੇਤ ਵਿੱਚ ਲੱਗੇ 16 ਕੇ.ਵੀ. ਟਰਾਂਸਫਾਰਮਰ ਨੂੰ ਵੀ ਨੁਕਸਾਨ ਪਹੁੰਚਾ ਕੇ ਉਸ ਵਿੱਚੋਂ ਤੇਲ ਚੋਰੀ ਕਰ ਲਿਆ ਗਿਆ।ਪੀੜਤ ਕਿਸਾਨਾਂ ਨੂੰ ਘਟਨਾ ਦਾ ਪਤਾ ਸਵੇਰੇ ਖੇਤਾਂ ਵਿੱਚ ਪਹੁੰਚਣ 'ਤੇ ਲੱਗਾ।ਕਿਸਾਨਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਕਾਬੂ ਕੀਤਾ ਜਾਵੇ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਬਿਜਲੀ ਵਿਭਾਗ ਤੋਂ ਟਰਾਂਸਫਾਰਮਰਾਂ ਦੀ ਜਲਦ ਮੁਰੰਮਤ ਕਰਕੇ ਬਿਜਲੀ ਸਪਲਾਈ ਬਹਾਲ ਕਰਨ ਦੀ ਮੰਗ ਵੀ ਕੀਤੀ।ਘਟਨਾ ਦੀ ਸੂਚਨਾ ਪੁਲਸ ਤੇ ਬਿਜਲੀ ਵਿਭਾਗ ਨੂੰ ਦੇ ਦਿੱਤੀ ਗਈ ਹੈ।

## ਕੋਹਲੀ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਹਲਕਾ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤ ਪਾਲ ਕੋਹਲੀ ਨੇ ਸਥਾਨਕ ਗੋਪਾਲ ਸਵੀਟਸ ਲੀਲਾ ਭਵਨ ਵਿਖੇ ਲੋਕ ਮਿਲਣੀ ਸਮੇਂ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਨੂੰ ਹੱਲ ਕੀਤਾ। ਉਨ੍ਹਾਂ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਤੇ ਪਾਰਟੀ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਇਤਿਹਾਸਕ ਯੋਜਨਾ ਤਹਿਤ ਸੂਬੇ ਭਰ ਦੀਆਂ 75 ਲੱਖ ਤੋਂ ਵੱਧ ਯੋਗ ਔਰਤਾਂ ਨੂੰ ਹਰ ਮਹੀਨੇ 1000 ਤੋਂ 1500 ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਪਿੰਡ-ਪਿੰਡ ਤੇ ਸ਼ਹਿਰੀ ਖੇਤਰਾਂ ਵਿੱਚ ਯੋਗ ਮਹਿਲਾਵਾਂ ਤੱਕ ਇਸ ਸਕੀਮ ਦਾ ਲਾਭ ਪੂਰੀ ਪਾਰਦਰਸ਼ਤਾ ਨਾਲ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਧੀਆਂ ਅੱਜ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ ਤੇ ਮਾਨ ਸਰਕਾਰ ਵੱਲੋਂ 29000 ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ 3 ਲੱਖ ਔਰਤਾਂ ਨੂੰ 631 ਕਰੋੜ ਰੁਪਏ ਦੇ ਵਿਆਜ-ਮੁਕਤ ਕਰਜ਼ੇ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਮਾਨ ਸਰਕਾਰ ਦਾ ਮੁੱਖ ਮਨੋਰਥ ਔਰਤਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾ ਕੇ ਸਮਾਜ ਵਿੱਚ ਉਨ੍ਹਾਂ ਦਾ ਮਾਣ-ਸਨਮਾਨ ਹੋਰ ਵਧਾਉਣਾ ਹੈ ਤੇ ਇਸ ਨੇਕ ਕਾਰਜ ਲਈ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 10 ਲੱਖ ਰੁਪਏ ਤੱਕ ਦੇ ਮੁਫ਼ਤ ਤੇ ਕੈਸ਼ਲੈੱਸ ਇਲਾਜ ਦੀ ਸੁਵਿਧਾ ਦੇ ਨਾਲ-ਨਾਲ ਸੂਬੇ ਭਰ ਵਿੱਚ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਨੇ ਸਿਹਤ ਖੇਤਰ 'ਚ ਲੋਕਾਂ ਨੂੰ ਵਧੀਆ ਤੇ ਮੁਫ਼ਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ।

## ਖੇਤੀਬਾੜੀ ਡਾਕਟਰਾਂ ਵੱਲੋਂ ਜ਼ਿਲ੍ਹਾ ਪੱਧਰੀ ਧਰਨੇ



**ਜਗਰਾਉਂ (ਅਮਿਤ ਖੰਨਾ)**-ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੀ ਪੂਰਤੀ ਨਾ ਹੋਣ ਕਰਕੇ ਪਲਾਂਟ ਡਾਕਟਰ ਸਰਵਿਸਜ਼ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੁੱਖ ਖੇਤੀਬਾੜੀ ਦਫਤਰਾਂ ਅੱਗੇ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ ਗਿਆ।ਪੀਡੀਐੱਸਏ ਲੁਧਿਆਣਾ ਦੇ ਪ੍ਰਧਾਨ ਡਾ. ਜਸਵੰਤ ਸਿੰਘ ਨੇ ਕਿਹਾ ਕਿ ਸਰਕਾਰ ਤੇ ਉੱਚ ਅਧਿਕਾਰੀਆਂ ਨਾਲ ਵਾਰ ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਸਾਡੀਆਂ ਹੱਕੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਤੇ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਖੇਤੀਬਾੜੀ ਵਿਭਾਗ ਪੰਜਾਬ ਦੀ ਖੇਤੀਬਾੜੀ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ ਤੇ ਖੇਤੀਬਾੜੀ ਵਿਭਾਗ ਵਿੱਚ ਟੈਕਨੀਕਲ ਪੋਸਟਾਂ ਦੇ ਹੋ ਰਹੇ ਨੁਕਸਾਨ ਨਾਲ ਪੰਜਾਬ ਦੀ ਖੇਤੀਬਾੜੀ ਦਾ ਵੀ ਨੁਕਸਾਨ ਹੋਵੇਗਾ।ਖੇਤੀਬਾੜੀ ਵਿਭਾਗ ਵਿੱਚ ਲਗਭਗ 100 ਦੇ ਕਰੀਬ ਖੇਤੀਬਾੜੀ ਅਫਸਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਤੇ 6 ਸਾਲ ਦੇ ਉਲਟਾ 14 ਸਾਲ ਬੀਤ ਜਾਣ ਦੇ ਬਾਵਜੂਦ ਖੇਤੀਬਾੜੀ ਵਿਕਾਸ ਅਫਸਰ ਆਪਣੀ ਪਹਿਲੀ ਤਰੱਕੀ ਦੀ ਰਾਹ ਤੱਕ ਰਹੇ ਹਨ, ਜਦਕਿ ਸਰਕਾਰ ਵੱਲੋਂ ਉਨ੍ਹਾਂ ਦੀ ਤਰੱਕੀ ਕਰਨ ਦੀ ਬਜਾਏ ਪੁਰਾਣੇ ਖੇਤੀਬਾੜੀ ਅਫਸਰਾਂ ਨੂੰ ਕੀ ਲਿੰਕ ਚਾਰਜ ਦੀ ਪੌਲਸੀ ਦੁਆਰਾ ਵੱਖ ਵੱਖ ਪੋਸਟਾਂ ਦਾ ਲੁਕਵੇਂ ਤੌਰ 'ਤੇ ਚਾਰਜ ਦੇ ਕੇ ਡੰਗ ਸਾਰਿਆ ਜਾ ਰਿਹਾ ਹੈ।ਖੇਤੀਬਾੜੀ ਵਿਭਾਗ ਦੇ ਅਫਸਰਾਂ ਦੀ ਵੈਟਰਨਰੀ ਅਫਸਰਾਂ ਨਾਲ 1986 ਤੋਂ ਚਲਦੀ ਜਾ ਰਹੀ ਪੇਪੈਰਟੀ ਨੂੰ ਜਾਣ ਬੁੱਝ ਕੇ 4.3.22 ਦੇ ਪੱਤਰ ਦਾ ਹਵਾਲਾ ਦੇ ਕੇ ਤੋੜਿਆ ਗਿਆ ਤੇ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਬਣਦੇ ਹੱਕਾਂ ਤੋਂ ਵਾਂਝਾ ਰੱਖਿਆ ਗਿਆ ਹੈ।ਇਸ ਤੋਂ ਇਲਾਵਾ ਹਾਲ ਹੀ ਵਿੱਚ ਟੈਕਨੀਕਲ ਕੇਡਰ ਦੇ 5 ਸੰਯੁਕਤ ਡਾਇਰੈਕਟਰ ਹੋਣ ਦੇ ਬਾਵਜੂਦ ਅੰਕੜਾ ਵਿੰਗ ਦੇ ਅਧਿਕਾਰੀ ਨੂੰ ਸੰਯੁਕਤ ਟਰੈਕਟਰ ਖੇਤੀਬਾੜੀ (ਇਨਪੁਟਸ) ਦੀ ਅਸਾਮੀ ਦਾ ਵਾਧੂ ਚਾਰਜ ਦੇ ਕੇ ਖੇਤੀਬਾੜੀ ਅਧਿਕਾਰੀਆਂ ਦੇ ਹੱਕਾਂ 'ਤੇ ਇੱਕ ਹੋਰ ਡਾਕਾ ਮਾਰਿਆ ਗਿਆ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਸਾਡੀਆਂ ਹੱਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਧਰਨੇ ਵਿੱਚ ਖੇਤੀਬਾੜੀ ਅਫ਼ਸਰ ਐਸੋਸੀਏਸ਼ਨ ਤੇ ਖੇਤੀਬਾੜੀ ਵਿਦਿਆਰਥੀ ਐਸੋਸੀਏਸ਼ਨ ਪੰਜਾਬ ਨੇ ਵੀ ਆਪਣਾ ਸਮੱਰਥਨ ਦਿੱਤਾ।

# ਅੱਠ ਮੁਲਜ਼ਮ 13 ਪਿਸਤੌਲਾਂ ਸਮੇਤ ਗ੍ਰਿਫ਼ਤਾਰ



ਛੇਹਰਟਾ/ਖਾਸਾ (ਮਨੋਜ ਕੁਮਾਰ)-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਅੱਠ ਵਿਅਕਤੀਆਂ ਨੂੰ 13 ਨਾਜਾਇਜ਼ ਪਿਸਤੌਲਾਂ ਤੇ 23 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਨਾਜਾਇਜ਼ ਹਥਿਆਰ ਸਪਲਾਈ ਕਰਨ ਵਾਲੇ ਛੇ ਨੈੱਟਵਰਕਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਦੀਪ ਸਿੰਘ ਉਰਫ਼ ਦੀਪ (24) ਤੇ ਧਰਮਿੰਦਰ ਸਿੰਘ ਉਰਫ਼ ਭਿੰਦਾ (34) ਦੋਵੇਂ ਵਾਸੀ ਪਿੰਡ ਰੰਗੜ (ਅੰਮ੍ਰਿਤਸਰ ਦਿਹਾਤੀ), ਅਮਿਤ (23) ਵਾਸੀ ਗੁਰੂ ਕੀ ਵਡਾਲੀ (ਅੰਮ੍ਰਿਤਸਰ), ਹਰਪ੍ਰੀਤ ਸਿੰਘ ਉਰਫ਼ ਹੈਪੀ ਨਿਆਣਾ (26) ਵਾਸੀ ਨਰਾਇਣਗੜ੍ਹ (ਅੰਮ੍ਰਿਤਸਰ), ਚਮਕੌਰ ਸਿੰਘ (30) ਵਾਸੀ ਪਿੰਡ ਵਾਂ ਤਾਰਾ ਸਿੰਘ (ਤਰਨਤਾਰਨ), ਕਰਨਪ੍ਰੀਤ ਸਿੰਘ (22) ਵਾਸੀ ਪਿੰਡ ਨੁਰਦੀ (ਤਰਨਤਾਰਨ), ਵਿੱਕੀ (27) ਵਾਸੀ ਕਟੜਾ ਕਰਮ ਸਿੰਘ (ਅੰਮ੍ਰਿਤਸਰ) ਅਤੇ ਵਰੁਣ ਕੁਮਾਰ ਉਰਫ਼ ਵਿੱਕੀ ਗਿੱਲ (33) ਵਾਸੀ ਭਾਈ ਮੰਝ ਸਿੰਘ ਰੋਡ (ਅੰਮ੍ਰਿਤਸਰ) ਵਜੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਗਏ ਪਿਸਤੌਲਾਂ ਵਿਚ ਦੋ .30 ਬੋਰ ਜ਼ਿਗਾਨਾ (ਤੁਰਕੀ ਦੇ ਬਣੇ), ਦੋ .30 ਬੋਰ (ਚੀਨ ਦੇ ਬਣੇ), ਇਕ 9 ਐੱਮ.ਐੱਮ. ਅਤੇ ਅੱਠ .30 ਬੋਰ ਦੇ ਪਿਸਤੌਲ ਸ਼ਾਮਲ ਹਨ। ਪਿਸਤੌਲਾਂ ਦੀ ਬਰਾਮਦਗੀ ਤੋਂ ਇਲਾਵਾ ਪੁਲਸ ਟੀਮਾਂ ਨੇ ਤਸਕਰੀ ਦੀਆਂ ਗਤੀਵਿਧੀਆਂ ਲਈ ਵਰਤੇ ਜਾ ਰਹੇ ਉਨ੍ਹਾਂ ਦੇ ਐਕਟਿਵਾ ਸਕੂਟਰ ਨੂੰ ਵੀ ਜ਼ਬਤ ਕਰ ਲਿਆ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ੀ ਤਸਕਰਾਂ ਨਾਲ ਜੁੜੇ ਹੋਏ ਸਨ ਅਤੇ ਗੈਰ-ਕਾਨੂੰਨੀ ਹਥਿਆਰ ਖਰੀਦ ਕੇ ਅੱਗੇ ਸਪਲਾਈ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਤੇ ਗੈਰ-ਕਾਨੂੰਨੀ ਹਥਿਆਰ ਸਪਲਾਈ ਨੈੱਟਵਰਕ ਵਿਚ ਸ਼ਾਮਲ ਹੋਰ ਮੁਲਜ਼ਮਾਂ ਦੇ ਸਬੰਧਾਂ ਦਾ ਵੀ ਪਤਾ ਲਗਾਇਆ ਹੈ।

ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ (ਸੀ.ਪੀ.) ਗੁਰਮੀਤ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਟੀਮਾਂ ਨੇ ਗੁਰਦੀਪ ਸਿੰਘ ਉਰਫ਼ ਦੀਪ ਅਤੇ ਧਰਮਿੰਦਰ ਸਿੰਘ ਉਰਫ਼ ਭਿੰਦਾ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਦੋ ਪਿਸਤੌਲ ਤੇ ਸੱਤ ਜ਼ਿੰਦਾ ਕਾਰਤੂਸ ਬਰਾਮਦ ਹੋਏ।

ਉਨ੍ਹਾਂ ਦੱਸਿਆ ਕਿ ਤਿੰਨ ਵੱਖ-ਵੱਖ ਕਾਰਵਾਈਆਂ ਵਿਚ ਪੁਲਸ ਟੀਮਾਂ ਨੇ ਮੁਲਜ਼ਮ ਅਮਿਤ, ਹਰਪ੍ਰੀਤ ਉਰਫ਼ ਹੈਪੀ ਤੇ ਚਮਕੌਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਅਤੇ ਹਰੇਕ ਦੇ ਕਬਜ਼ੇ ਵਿਚੋਂ ਤਿੰਨ-ਤਿੰਨ ਪਿਸਤੌਲਾਂ ਸਮੇਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਕ ਹੋਰ ਕਾਰਵਾਈ ਬਾਰੇ ਦੱਸਦਿਆਂ ਸੀ.ਪੀ. ਨੇ ਕਿਹਾ ਕਿ ਪੁਲਸ ਟੀਮ ਨੇ ਨਾਕਾਬੰਦੀ ਦੌਰਾਨ ਕਰਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਦੇ ਕਬਜ਼ੇ ਵਿਚੋਂ ਇਕ ਪਿਸਤੌਲ ਸਮੇਤ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਪੁਲਸ ਟੀਮ ਨੇ ਵਰੁਣ ਕੁਮਾਰ ਉਰਫ਼ ਵਿੱਕੀ ਗਿੱਲ ਤੇ ਗੌਰਵ ਨੂੰ ਵੀ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਪਿਸਤੌਲ ਸਮੇਤ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਇਸ ਸਬੰਧ ਵਿਚ ਅੰਮ੍ਰਿਤਸਰ ਵਿਚ ਛੇ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਜ਼ਿਲ੍ਹਾ ਸਵੀਪ ਟੀਮ ਤੇ ਵਿਧਾਨ ਸਭਾ ਹਲਕਾਵਾਰ ਸਵੀਪ ਕੋਆਰਡੀਨੇਟਰਾਂ ਦੀ ਰੀਵਿਊ ਮੀਟਿੰਗ



ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਪਠਾਨਕੋਟ ਡਾ. ਪੱਲਵੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਨੋਡਲ ਅਧਿਕਾਰੀ ਸਵੀਪ ਗੁਰੁਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਵੀਪ ਟੀਮ ਅਤੇ ਜ਼ਿਲ੍ਹੇ ਅੰਦਰ ਆਉਂਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਸਵੀਪ ਕੋਆਰਡੀਨੇਟਰਾਂ ਦੀ ਰੀਵਿਊ ਮੀਟਿੰਗ ਕਰਵਾਈ ਗਈ।ਮੀਟਿੰਗ ਦੌਰਾਨ ਜ਼ਿਲ੍ਹਾ ਸਵੀਪ ਟੀਮ ਅਤੇ ਵਿਧਾਨ ਸਭਾ ਹਲਕਾਵਾਰ ਗਠਿਤ ਸਵੀਪ ਟੀਮਾਂ ਵੱਲੋਂ ਪਿਛਲੇ ਸਮੇਂ ਦੌਰਾਨ ਐਸ ਆਈ ਆਰ ਸਬੰਧੀ ਕੀਤੀਆਂ ਗਈਆਂ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਦੀ ਸਮੀਖਿਆ ਕੀਤੀ ਗਈ।

ਇਸ ਤੋਂ ਇਲਾਵਾ ਵੋਟਰਾਂ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਸੰਖੇਪ ਸੁਧਾਈ ਪ੍ਰਕਿਰਿਆ ਅਤੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਧਿਕਾਰੀ ਸਵੀਪ ਗੁਰੁਪ੍ਰੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਪਿਛਲੇ ਸਮੇਂ ਦੌਰਾਨ ਸਵੀਪ ਟੀਮਾਂ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਦੇ ਨਤੀਜਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਐਸ ਆਈ ਆਰ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਵੱਧ ਤੋਂ ਵੱਧ ਯੋਗ ਨਾਗਰਿਕਾਂ ਨੂੰ ਵੋਟਰ ਸੂਚੀਆਂ ਨਾਲ ਜੋੜਨ ਲਈ ਸਵੀਪ ਪ੍ਰਕਿਰਿਆ ਬਾਰੇ ਜਾਗਰੂਕਤਾ ਦੇਣ ਲਈ ਸਵੀਪ ਟੀਮਾਂ ਵੱਲੋਂ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਐਸ ਆਈ ਆਰ ਦੇ ਨਾਲ-ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਭਵਿੱਖ ਵਿੱਚ ਕਰਵਾਈਆਂ ਜਾਣ ਵਾਲੀਆਂ ਜਾਗਰੂਕਤਾ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਦੀ ਰੂਪ-ਰੇਖਾ ਵੀ ਤਿਆਰ ਕੀਤੀ ਗਈ। ਉਨ੍ਹਾਂ ਸਵੀਪ ਕੋਆਰਡੀਨੇਟਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਤਾਲਮੇਲ ਨਾਲ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਚੋਣ ਪ੍ਰਕਿਰਿਆ ਨਾਲ ਜੋੜਨ ਲਈ ਉਪਰਾਲੇ ਕਰਨ।ਮੀਟਿੰਗ ਦੌਰਾਨ ਸਵੀਪ ਟੀਮਾਂ ਨੂੰ ਜ਼ਮੀਨੀ ਪੱਧਰ ਤੱਕ ਹੋਰ ਮਜ਼ਬੂਤ ਕਰਨ, ਨੌਜਵਾਨਾਂ, ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਅਤੇ ਹਰ ਯੋਗ ਨਾਗਰਿਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਸਹਾਇਕ ਜ਼ਿਲ੍ਹਾ ਨੋਡਲ ਅਧਿਕਾਰੀ ਸਵੀਪ ਬੀ. ਐਨ ਰਵਿਕਾਂਤ, ਸਹਾਇਕ ਜ਼ਿਲ੍ਹਾ ਨੋਡਲ ਅਧਿਕਾਰੀ ਸਵੀਪ ਹੇਮਮਾਸਟਰ ਸੰਜੀਵ ਕੁਮਾਰ, ਪ੍ਰਿੰਟ ਮੀਡੀਆ ਇੰਚਾਰਜ ਹਰਸਿਮਰਨਜੀਤ ਸਿੰਘ, ਸੋਸ਼ਲ ਮੀਡੀਆ ਇੰਚਾਰਜ ਵਿਵੇਕ ਡੋਗਰਾ, ਸੋਸ਼ਲ ਮੀਡੀਆ ਇੰਚਾਰਜ ਅਮਿਤ ਡੋਗਰਾ, ਹਲਕਾ ਸੁਜਾਨਪੁਰ ਦੇ ਕੋਆਰਡੀਨੇਟਰ ਦੀਪਕ ਕੁਮਾਰ, ਹਲਕਾ ਭੋਆ ਦੇ ਕੋਆਰਡੀਨੇਟਰ ਪ੍ਰਿੰਸੀਪਲ ਨਾਹਰ ਸਿੰਘ, ਹਲਕਾ ਪਠਾਨਕੋਟ ਦੇ ਕੋਆਰਡੀਨੇਟਰ ਮਨਜੀਤ ਸਿੰਘ ਅਤੇ ਪਰਮਜੀਤ ਸਿੰਘ ਬੈਂਸ ਵੀ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਵਕਾਲਤ ਦੇ ਪਹਿਲੂਆਂ ਬਾਰੇ ਦਿੱਤੀ ਜਾਣਕਾਰੀ



ਛੇਹਰਟਾ, (ਮਨੋਜ ਕੁਮਾਰ)-ਸ੍ਰੀ ਗੁਰੂ ਅਰਜਨ ਦੇਵ ਜੀ ਕਾਲਜ ਆਫ ਲਾਅ ਵਿਚ ਬੀ.ਏ. ਐੱਲ.ਐੱਲ.ਬੀ. ਦੇ ਵਿਦਿਆਰਥੀਆਂ ਲਈ ਮੂਟ ਕੋਰਟ 'ਤੇ ਵਿਸ਼ੇਸ਼ ਓਰੀਐਂਟੇਸ਼ਨ ਸੈਸ਼ਨ ਕਰਵਾਇਆ ਗਿਆ। ਇਸ ਮੌਕੇ ਐਡਵੋਕੇਟ ਵਰੁਣ ਚੁੱਘ ਤੇ ਐਡਵੋਕੇਟ ਸ਼ਗੁਨ ਚੁੱਘ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮੂਟ ਕੋਰਟ ਪ੍ਰਕਿਰਿਆ, ਕਾਨੂੰਨੀ ਖੋਜ, ਕੇਸ ਲਾਅ ਦਾ ਅਧਿਐਨ, ਡਰਾਫਟਿੰਗ ਤੇ ਵਕਾਲਤ ਨਾਲ ਸਬੰਧਤ ਮਹੱਤਵਪੂਰਨ ਪਹਿਲੂਆਂ 'ਤੇ ਮਾਰਗਦਰਸ਼ਨ ਕੀਤਾ।

ਸੈਸ਼ਨ ਦੌਰਾਨ ਦੋਵਾਂ ਵਕੀਲਾਂ ਨੇ ਕਾਨੂੰਨੀ ਅਧਿਐਨ ਦੇ ਨਾਲ-ਨਾਲ ਵਿਹਾਰਕ ਅਨੁਭਵ, ਤਰਕਪੂਰਨ ਸੋਚ, ਪ੍ਰਭਾਵਸ਼ਾਲੀ ਸੰਚਾਰ ਤੇ ਅਦਾਲਤੀ ਪ੍ਰਕਿਰਿਆਵਾਂ ਦੀ ਸਮਝ ਵਿਕਸਤ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਨਿਰੰਤਰ ਅਧਿਐਨ ਤੇ ਅਭਿਆਸ ਰਾਹੀਂ ਆਪਣੇ ਕਾਨੂੰਨੀ ਹੁਨਰਾਂ ਨੂੰ ਮਜ਼ਬੂਤ ਕਰਨ ਲਈ ਉਤਸ਼ਾਹਿਤ ਕੀਤਾ। ਕਾਲਜ ਮੈਨੇਜਮੈਂਟ ਤੇ ਫੈਕਲਟੀ ਨੇ ਵਿਦਿਆਰਥੀਆਂ ਨਾਲ ਆਪਣਾ ਕੀਮਤੀ ਸਮਾਂ, ਤਜਰਬਾ ਤੇ ਗਿਆਨ ਸਾਂਝਾ ਕਰਨ ਲਈ ਐਡਵੋਕੇਟ ਵਰੁਣ ਚੁੱਘ ਤੇ ਐਡਵੋਕੇਟ ਸ਼ਗੁਨ ਚੁੱਘ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਸਟਾਫ ਮੈਂਬਰ ਸਹਾਇਕ ਪ੍ਰੋਫੈਸਰ ਬਲਨੀਤ ਕੌਰ, ਐਸੋਸੀਏਟ ਪ੍ਰੋਫੈਸਰ ਦਿਸ਼ਾ ਤ੍ਰਿਖਾ, ਸਹਾਇਕ ਪ੍ਰੋਫੈਸਰ ਸਾਕਸ਼ੀ ਚੋਪੜਾ, ਹਰਪ੍ਰੀਤ ਕੌਰ, ਲਲਿਤ, ਉਬੈਦ ਤੇ ਬਲਜੀਤ ਕੌਰ ਮੌਜੂਦ ਸਨ।

# ਚੇਅਰਮੈਨ ਮਾਰਕੀਟ ਕਮੇਟੀ ਮਜੀਠਾ ਦੀ ਤਾਜਪੋਸ਼ੀ ਅੱਜ



ਮਜੀਠਾ (ਸੋਇਮ ਆਨੰਦ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬਲਬੀਰ ਸਿੰਘ ਚੰਦਰਾਏ ਚੇਅਰਮੈਨ ਮਾਰਕੀਟ ਕਮੇਟੀ ਮਜੀਠਾ ਦੀ ਤਾਜਪੋਸ਼ੀ 23 ਸਤੰਬਰ ਨੂੰ 10-30 ਵਜੇ ਸਵੇਰੇ ਹੋਵੇਗੀ। ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦੇ ਹੋਏ ਜਸਕਰਨ ਸਿੰਘ ਭੇਗੂ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਮਜੀਠਾ ਵੱਲੋਂ ਦੱਸਿਆ ਗਿਆ ਕਿ ਇਸ ਮੌਕੇ ਮੁੱਖ ਮਹਿਮਾਨ ਤਲਬੀਰ ਸਿੰਘ ਗਿੱਲ ਹਲਕਾ ਇੰਚਾਰਜ ਮਜੀਠਾ ਹੋਣਗੇ।

# ਨਵ-ਨਿਯੁਕਤ ਚੇਅਰਮੈਨ ਗਗਨਦੀਪ ਸਿੰਘ ਨੂੰ ਚੇਅਰਮੈਨ ਨੇ ਦਿੱਤੀ ਮੁਬਾਰਕਬਾਦ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮਾਰਕਿਟ ਕਮੇਟੀ ਗੁਰਦਾਸਪੁਰ ਦੇ ਨਵ-ਨਿਯੁਕਤ ਚੇਅਰਮੈਨ ਗਗਨਦੀਪ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਚੇਅਰਮੈਨ ਸ਼ਮਸ਼ੇਰ ਸਿੰਘ ਟਰੇਡ ਕਮਿਸ਼ਨ ਪੰਜਾਬ ਚੇਅਰਮੈਨ ਦੀਨਾਨਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਵਾਲੇ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਂਦਾ ਹੈ ਅਤੇ ਵੱਡੀਆਂ ਜ਼ਿੰਮੇਦਾਰੀਆਂ ਦੇ ਕੇ ਨਿਵਾਜਿਆ ਗਿਆ ਹੈ।

ਉਨ੍ਹਾਂ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਗਗਨਦੀਪ ਸਿੰਘ ਦੀ ਮਿਹਨਤ, ਲਗਨ ਅਤੇ ਪਾਰਟੀ ਪ੍ਰਤੀ ਸਮਰਪਣ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਇਸ ਮੌਕੇ ਬਲਜੀਤ ਸਿੰਘ ਖ਼ਾਲਸਾ, ਯੂਥ ਪ੍ਰਧਾਨ ਰਵਿੰਦਰ ਰੰਧਾਵਾ ਅਤੇ ਸਾਬਕਾ ਸਰਪੰਚ ਮਨਿੰਦਰ ਸਿੰਘ ਬਰਨਾਲਾ ਅਤੇ ਚੇਅਰਮੈਨ ਸਾਹਿਬਾਨ ਬਲਾਕ ਪ੍ਰਧਾਨ, ਸਰਪੰਚ ਸਾਹਿਬਾਨ ਅਤੇ ਵੱਖ ਵੱਖ ਵਿੰਗਾਂ ਦੇ ਅਹੁਦੇਦਾਰ ਸਹਿਬਾਨ ਵੱਲੋਂ ਗਗਨਦੀਪ ਸਿੰਘ ਨੂੰ ਗੁਰਦਾਸਪੁਰ ਮਾਰਕੀਟ ਕਮੇਟੀ ਦੇ ਚੇਅਰਮੈਨ ਵਜੋਂ ਤਾਜਪੋਸ਼ੀ ਹੋਣ 'ਤੇ ਵਧਾਈ ਦਿੱਤੀ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ 24 ਤੇ 25 ਨੂੰ ਹੋਣਗੇ ਡਰੋਨ ਸ਼ੋਅ



ਪਠਾਨਕੋਟ (ਦਵਿੰਦਰ ਸਿੰਘ)-ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਉਪ ਮੰਡਲ ਦਫ਼ਤਰ ਪਠਾਨਕੋਟ ਵਿਖੇ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਐਸ.ਡੀ.ਐਮ. ਪਠਾਨਕੋਟ ਮਨਦੀਪ ਮਾਨ ਨੇ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਮਨਦੀਪ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਾਲ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਦਿਆਂ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਜ਼ਿਲ੍ਹਾ ਪਠਾਨਕੋਟ ਵਿੱਚ ਵੀ ਵਿਸ਼ੇਸ਼ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 24 ਸਤੰਬਰ ਨੂੰ ਸ਼ਾਮ 7 ਵਜੇ ਮਲਟੀਪਰਪਜ਼ ਸਪੋਰਟਸ ਸਟੇਡੀਅਮ, ਲਮੀਨੀ, ਪਠਾਨਕੋਟ ਵਿਖੇ ਅਤੇ 25 ਸਤੰਬਰ ਨੂੰ ਸ਼ਾਮ 7 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ, ਤਾਰਾਗੜ੍ਹ ਵਿਖੇ ਡਰੋਨ ਸ਼ੋਅ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੋਵੇਂ ਸਥਾਨਾਂ 'ਤੇ ਹੋਣ ਵਾਲੇ ਡਰੋਨ ਸ਼ੋਅ ਸਬੰਧੀ ਪ੍ਰਸ਼ਾਸਨ ਵੱਲੋਂ ਲੋੜੀਂਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਐਸ.ਡੀ.ਐਮ. ਨੇ ਦੱਸਿਆ ਕਿ ਡਰੋਨ ਸ਼ੋਅ ਦੌਰਾਨ ਕਰੀਬ 500 ਡਰੋਨ ਆਸਮਾਨ ਵਿੱਚ ਉੱਡ ਕੇ ਰੋਸ਼ਨੀ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਸਬੰਧਤ ਵੱਖ-ਵੱਖ ਦ੍ਰਿਸ਼ ਪੇਸ਼ ਕਰਨਗੇ। ਇਹ ਵਿਸ਼ੇਸ਼ ਡਰੋਨ ਸ਼ੋਅ ਲੋਕਾਂ ਲਈ ਖਿੱਚ ਦਾ ਕੇਂਦਰ ਰਹੇਗਾ। ਮਨਦੀਪ ਮਾਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੋਵੇਂ ਸਥਾਨਾਂ 'ਤੇ ਪ੍ਰੋਗਰਾਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਉਨ੍ਹਾਂ ਜ਼ਿਲ੍ਹਾ ਪਠਾਨਕੋਟ ਦੀ ਸਮੁੱਚੀ ਜਨਤਾ ਨੂੰ ਇਨ੍ਹਾਂ ਡਰੋਨ ਸ਼ੋਅ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ।

# ਆਂਗਣਵਾੜੀ ਵਰਕਰਾਂ / ਹੈਲਪਰਾਂ ਨੇ ਉੱਚ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਨੂੰ ਸੌਂਪਿਆ ਮੰਗ ਪੱਤਰ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਬਲਾਕ ਅਜਨਾਲਾ ਅਤੇ ਮਜੀਠਾ ਦੀਆਂ ਆਂਗਣਵਾੜੀ ਵਰਕਰਾਂ / ਹੈਲਪਰਾਂ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਬਲਾਕ ਅਜਨਾਲਾ ਦੀ ਪ੍ਰਧਾਨ ਹਰਜਿੰਦਰ ਕੌਰ ਦੀ ਅਗਵਾਈ ਵਿੱਚ ਮੁੱਖ ਮੰਤਰੀ ਦੇ ਲੋਕ ਮਿਲਣੀ ਪ੍ਰੋਗਰਾਮ ਪਿੰਡ ਸੈਂਸਰਾਂ ਵਿਖੇ ਸਮਾਗਮ ਦੌਰਾਨ ਮੁੱਖ ਮੰਤਰੀ ਦੇ ਦਫਤਰ ਦੇ ਉੱਚ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਗਿਆ ਅਤੇ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਤੁਰੰਤ ਪੂਰਾ ਕਰਵਾਉਣ ਲਈ ਕਿਹਾ ਗਿਆ, ਜਿਵੇਂ ਕਿ 3 ਤੋਂ 6 ਸਾਲ ਦੇ ਬੱਚੇ ਆਂਗਣਵਾੜੀ ਕੇਂਦਰਾਂ ਵਿੱਚ ਵਾਪਸ ਕੀਤੇ ਜਾਣ, ਪ੍ਰਾਇਮਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰ ਨੂੰ ਦਰਜਾ ਚਾਰ ਮੁਲਾਜ਼ਮ ਐਲਾਨਿਆ ਜਾਵੇ, ਗਰੈਚੂਟੀ ਦਾ ਲਾਭ ਦਿੱਤਾ ਜਾਵੇ, ਐਕਸਗਰੇਸ਼ੀਆ ਗਰਾਂਟ ਵਰਕਰ ਲਈ 3 ਲੱਖ ਅਤੇ ਹੈਲਪਰ ਲਈ 2 ਲੱਖ ਕੀਤੀ ਜਾਵੇ, ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਨਾ ਕਰਨ ਸਬੰਧੀ, ਪ੍ਰਾਈਵੇਟ ਕੰਪਨੀਆਂ ਦੀ ਜਗ੍ਹਾ ਰਾਸ਼ਨ ਸਿੱਧਾ ਆਂਗਣਵਾੜੀ ਕੇਂਦਰਾਂ ਵਿੱਚ ਸਪਲਾਈ ਕੀਤਾ ਜਾਵੇ, ਤਾਂ ਜੋ ਰਾਸ਼ਨ ਕੇਂਦਰਾਂ ਵਿੱਚ ਠੀਕ ਪਹੁੰਚਾਇਆ ਜਾਵੇ, ਜਦੋਂ ਤੱਕ ਵਰਕਰਾਂ ਅਤੇ ਹੈਲਪਰਾਂ ਨੂੰ ਮੁਲਾਜ਼ਮਾਂ ਨਹੀਂ ਐਲਾਨਿਆ ਜਾਂਦਾ ਉਦੋਂ ਤੱਕ ਸਰਕਾਰ ਆਪਣੇ ਚੋਣ ਵਾਅਦੇ ਮੁਤਾਬਿਕ ਮਾਣਭੱਤੇ ਵਿੱਚ ਵਾਧਾ ਕਰੇ।ਇਸ ਮੌਕੇ ਜਸਬੀਰ ਕੌਰ ਭੋਮਾ ਬਲਾਕ ਮਜੀਠਾ ਦੀ ਪ੍ਰਧਾਨ ਬਲਵਿੰਦਰ ਕੌਰ, ਮਨਦੀਪ ਕੌਰ ਆਦਿ ਵਰਕਰ ਹਾਜ਼ਰ ਸਨ।

# ਐੱਸ ਆਈ ਆਰ ਡਿਊਟੀ ਕਰਨ 'ਚ ਲੱਗੇ ਬੀ ਐਲ ਓ ਤੰਗ-ਪ੍ਰੇਸ਼ਾਨ

ਵੇਰਕਾ (ਰਾਣਾ)-ਚੋਣ ਕਮਿਸ਼ਨ ਭਾਰਤ ਸਰਕਾਰ ਵੱਲੋਂ ਕਰਵਾਈ ਜਾ ਰਹੀ ਐੱਸ.ਆਈ.ਆਰ ਵਿੱਚ ਡਿਊਟੀ ਕਰ ਰਹੇ ਬੀ.ਐਲ.ਓ ਵੱਖ-ਵੱਖ ਸੰਬੰਧਤ ਆਪਣੇ ਦਫ਼ਤਰੀ ਅਮਲੇ-ਫੈਲੇ ਦੀਆਂ ਘੋਰ ਅਣਗਹਿਲੀਆਂ ਕਾਰਨ ਬੇਹੱਦ ਤੰਗ-ਪ੍ਰੇਸ਼ਾਨ ਹਨ। ਕਿਉਂਕਿ ਇੱਕ ਬੂਥ ਉੱਪਰ ਕੰਮ ਕਰ ਰਹੇ ਬੀ.ਐਲ.ਓ ਨੂੰ ਆਪਣੇ ਖੇਤਰ ਨਾਲ ਸੰਬੰਧਤ ਨਵੇਂ ਵੋਟਰਾਂ ਦੀ ਵੈਰੀਫਿਕੇਸ਼ਨ ਕਰਨ ਤੋਂ ਇਲਾਵਾ ਜਿਹੜੇ ਵੋਟਰ ਉਨ੍ਹਾਂ ਦੇ ਬੂਥ ਨਾਲ ਵੀ ਸਬੰਧ ਨਹੀਂ ਰੱਖਦੇ, ਉਨ੍ਹਾਂ ਦੀ ਵੋਟ ਤਸਦੀਕ ਕਰਨ ਲਈ ਦਫ਼ਤਰੀ ਅਮਲੇ-ਫੈਲੇ ਵੱਲੋਂ ਦਬਾਅ ਪਾਇਆ ਜਾਂਦਾ ਹੈ। ਇਸ ਬਾਬਤ ਪੀੜਤ ਬੀ.ਐਲ.ਓ ਦੱਸਦੇ ਹਨ ਕਿ ਉਹ ਆਪਣੇ ਬੂਥਾਂ ਵਿੱਚ ਨਵੇਂ ਵੋਟਰ ਬਣਾਉਣ ਮੌਕੇ ਉਨ੍ਹਾਂ ਦੇ ਆਂਢ-ਗੁਆਂਢ ਦੇ ਵੋਟਰਾਂ ਦੇ ਅਧਾਰ ਕਾਰਡ ਨਾਲ ਲੈਂਦੇ ਹਨ। ਤਾਂ ਜੋ ਜਾਣ ਵੋਟਰ ਦੀ ਸਹੀ ਵਾ ਰਹਾਇਸ਼ ਤਸਦੀਕ ਹੋਣ ਉਪਰੰਤ ਵੋਟ ਬਣ ਸਕੇ। ਪ੍ਰੰਤੂ ਜਿਹੜੇ ਬੂਥਾਂ ਵਿੱਚ ਉਨ੍ਹਾਂ ਦੀ ਡਿਊਟੀ ਲੱਗੀ ਵੀ ਨਹੀਂ ਹੋਈ। ਉਕਤ ਦਫਤਰਾਂ ਵੱਲੋਂ ਉਨ੍ਹਾਂ ਦੀਆਂ ਵੋਟਾਂ ਤਸਦੀਕ ਲਈ ਭੇਜ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵੋਟ ਤਸਦੀਕ ਕਰਨ ਤੋਂ ਅਸਮਰੱਥਤਾ ਪ੍ਰਗਟਾਉਣ ਉਪਰੰਤ ਸਾਨੂੰ ਧੀ ਉਨ੍ਹਾਂ ਦੇ ਬੀ.ਐਲ.ਓ ਲੱਗਣ ਦੇ ਨਾਦਰਸ਼ਾਹੀ ਫ਼ਰਮਾਨ ਜਾਰੀ ਕੀਤੇ ਜਾਂਦੇ ਹਨ। ਇਸ ਦੌਰਾਨ ਅਸੀਂ ਆਪਣੇ ਬੂਥਾਂ ਦੀਆਂ ਵੋਟਾਂ ਦਾ ਕੰਮ ਮੁਕੰਮਲ ਕਰੀਏ ਜਾਂ ਫਿਰ ਅਗਿਆਤ ਬੀ.ਐਲ.ਓ ਲੱਗੀਏ। ਜਦੋਂਕਿ ਉਪਰੋਕਤ ਦਰਖਤ ਮਸਲੇ ਲਈ ਐਸ.ਡੀ.ਐਮ ਦਫਤਰਾਂ ਦਾ ਆਪਣਾ ਹੀ ਅਮਲਾ-ਫੈਲਾ ਅਣਗਹਿਲੀ/ਲਾਪ੍ਰਵਾਹੀ ਵਾਸਤੇ ਕਸੂਰਵਾਰ ਹੈ।

ਕਾਬਲੇਗੌਰ ਹੈ ਕਿ ਇਸ ਮੌਕੇ ਦਫ਼ਤਰ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ 16 - ਅੰਮ੍ਰਿਤਸਰ ਪੱਛਮੀ ( ਅ.ਜ ) ਚੋਣ - ਹਲਕਾ- ਕਮ ਉਪ ਮੰਡਲ ਮੈਜਿਸਟ੍ਰੇਟ ਅੰਮ੍ਰਿਤਸਰ -1 ਨਾਲ ਸੰਬੰਧਤ ਬੀ.ਐਲ.ਓ ਸ਼ਬ ਤੋਂ ਵੱਧ ਪ੍ਰੇਸ਼ਾਨ ਹਨ। ਇਸ ਦੌਰਾਨ ਸਮੂਹ ਪੀੜਤ ਬੀ.ਐਲ.ਓ ਵੱਲੋਂ ਮਾਨਯੋਗ ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਅਤੇ ਮਾਨਯੋਗ ਜ਼ਿਲਾ ਮੈਜਿਸਟ੍ਰੇਟ ਕਮ ਚੋਣਕਾਰ ਅਫ਼ਸਰ ਅੰਮ੍ਰਿਤਸਰ ਪਾਸੋਂ ਫੌਰੀ ਇਨਸਾਫ ਲੈਣ ਲਈ ਗੁਹਾਰ ਲਗਾਈ ਹੈ।

# ਖਾਲਸਾ ਕਾਲਜ ਵਿਖੇ ਜੈਵਿਕ ਖੇਤੀ ਸੰਬੰਧੀ ਵਰਕਸ਼ਾਪ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਦੇ ਸਹਿਯੋਗ ਨਾਲ 'ਜੈਵਿਕ ਖੇਤੀ' ਵਿਸ਼ੇ 'ਤੇ ਇਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਜਿਸ 'ਚ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਰਾਜਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਵਰਕਸ਼ਾਪ 'ਚ ਸਥਾਨਕ ਕਿਸਾਨਾਂ ਦੇ ਨਾਲ-ਨਾਲ ਬੀ.ਐੱਸ.ਸੀ. (ਆਨਰਜ਼) ਦੇ ਵਿਦਿਆਰਥੀਆਂ ਨੇ ਭਾਗ ਲੈਂਦਿਆਂ ਟਿਕਾਊ ਖੇਤੀਬਾੜੀ ਨਾਲ ਸਬੰਧਤ ਮੁੱਖ ਸੰਕਲਪਾਂ ਅਤੇ ਤਰੀਕਿਆਂ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਵਰਕਸ਼ਾਪ ਦੌਰਾਨ ਜੈਵਿਕ ਖੇਤੀ ਨੂੰ ਇਕ ਅਜਿਹੀ ਏਕੀਕ੍ਰਿਤ ਖੇਤੀ ਪ੍ਰਣਾਲੀ ਵਜੋਂ ਪੇਸ਼ ਕੀਤਾ ਗਿਆ, ਜੋ ਕੁਦਰਤੀ ਵਾਤਾਵਰਨਕ ਚੱਕਰਾਂ ਨੂੰ ਮਹੱਤਵ ਦਿੰਦੀ ਹੈ ਅਤੇ ਰਸਾਇਣਕ ਤੇ ਸਿੰਥੈਟਿਕ ਇਨਪੁਟਸ ਦੀ ਵਰਤੋਂ ਤੋਂ ਪ੍ਰਹੇਜ਼ ਕਰਦੀ ਹੈ। ਇਸ ਮੌਕੇ ਡਾ. ਰਾਜਬੀਰ ਸਿੰਘ ਅਤੇ ਜੈਵਿਕ ਖੇਤੀ ਦੇ ਮਾਹਰਾਂ ਨੇ ਖੇਤੀ 'ਚ ਰੂੜੀ ਖਾਦ, ਕੰਪੋਸਟ, ਵਰਮੀਕੰਪੋਸਟ, ਹਰੀ ਖਾਦ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਮੁੜ ਵਰਤੋਂ ਆਦਿ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨਨ ਕੀਤੀ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਵਰਕਸ਼ਾਪ ਦੇ ਅੰਤ 'ਚ ਕਿਸਾਨਾਂ ਅਤੇ ਵਿਦਿਆਰਥੀਆਂ ਨਾਲ ਇਕ ਵਿਚਾਰ-ਵਟਾਂਦਰਾ ਸੈਸ਼ਨ ਕਰਵਾਇਆ ਗਿਆ।

ਉਨ੍ਹਾਂ ਕਿਹਾ ਕਿ ਉਕਤ ਵਰਕਸ਼ਾਪ ਦਾ ਆਯੋਜਨ ਖੇਤੀਬਾੜੀ ਵਿਭਾਗ ਮੁਖੀ ਡਾ. ਗੁਰਬਖ਼ਸ਼ ਸਿੰਘ, ਡਾ. ਕੰਵਲਜੀਤ ਸਿੰਘ, ਡਾ. ਅਮਰਜੀਤ ਕੌਰ, ਡਾ. ਲਵਲੀਨ ਕੌਰ, ਡਾ. ਨਵਜੋਤ ਸਿੰਘ ਢਿੱਲੋਂ, ਗੁਰਕੀਰਤ ਸਿੰਘ ਅਤੇ ਡਾ. ਗੁਰਬੀਰ ਸਿੰਘ (ਏ. ਬੀ. ਐੱਮ.) ਵੱਲੋਂ ਕੀਤਾ ਗਿਆ।

# ਸਾਂਸਦ ਰੰਧਾਵਾ ਵੱਲੋਂ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਨਿਗਰਾਨ ਕਮੇਟੀ ਦੀ ਮੀਟਿੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੀਆਂ ਕੇਂਦਰੀ ਸਕੀਮਾਂ ਦਾ ਜਾਇਜ਼ਾ ਲੈਣ ਲਈ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਮੋਨੀਟਰਿੰਗ (ਦਿਸ਼ਾ) ਕਮੇਟੀ ਦੀ ਮੀਟਿੰਗ ਸਥਾਨਕ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਹੋਈ। ਦਿਸ਼ਾ ਕਮੇਟੀ ਦੀ ਮੀਟਿੰਗ ਵਿੱਚ ਕਾਦੀਆਂ ਦੇ ਵਿਧਾਇਕ ਪ੍ਰਤਾਪ ਸਿੰਘ ਬਾਜਵਾ, ਫ਼ਤਹਿਗੜ੍ਹ ਚੂੜੀਆਂ ਦੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡੇਰਾ ਬਾਬਾ ਨਾਨਕ ਤੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਦਿਸ਼ਾ ਕਮੇਟੀ ਦੇ ਮੈਂਬਰ ਅਸ਼ੋਕ ਚੌਧਰੀ, ਰਾਜੇਸ਼ ਕਵਾਤਰਾ, ਹਰਵਿੰਦਰ ਸਿੰਘ ਅਤੇ ਅਨੀਤਾ ਕੁਮਾਰੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਉੱਪਲ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਸਹਾਇਕ ਕਮਿਸ਼ਨਰ (ਜ) ਕੁਲਦੀਪ ਚੰਦ, ਐੱਸ.ਪੀ (ਡੀ) ਗੁਰਦਾਸਪੁਰ ਮਨੋਜ ਕੁਮਾਰ ਠਾਕੁਰ, ਡੀ ਐੱਸ ਪੀ ਸਮੀਰ ਸਿੰਘ ਤੋਂ ਇਲਾਵਾ ਸਮੂਹ ਐੱਸ.ਡੀ.ਐੱਮਜ਼ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਸਾਂਸਦ ਗੁਰਦਾਸਪੁਰ, ਸੁਖਜਿੰਦਰ ਸਿੰਘ ਰੰਧਾਵਾ ਵਲੋਂ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨ ਕਮੇਟੀ ਦੀ ਮੀਟਿੰਗ ਦੌਰਾਨ ਐਮ.ਪੀ ਲੈਡ ਸਮੇਤ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਕੇਂਦਰੀ ਪ੍ਰਾਯੋਜਿਤ ਯੋਜਨਾਵਾਂ ਦੀ ਪ੍ਰਗਤੀ ਅਤੇ ਲਾਗੂ ਕਰਨ ਦੀ ਸਮੀਖਿਆ ਕੀਤੀ ਗਈ ਅਤੇ ਵੱਖ-ਵੱਖ ਯੋਜਨਾਵਾਂ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਦੀ ਜ਼ਮੀਨੀ ਸਥਿਤੀ, ਲੰਬਿਤ ਮਾਮਲਿਆਂ ਅਤੇ ਲੋਕਾਂ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਸਮੇਂ ਸਿਰ ਪਹੁੰਚਾਉਣ ਸਬੰਧੀ ਅਧਿਕਾਰੀਆਂ ਨਾਲ ਵਿਚਾਰ- ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਐੱਮ.ਪੀ ਲੈਡ ਸਕੀਮ, ਪ੍ਰਧਾਨ ਮੰਤਰੀ ਸਵੈ-ਨਿਧੀ ਯੋਜਨਾ, ਮਿਸ਼ਨ ਅੰਮ੍ਰਿਤ ਸਰੋਵਰ, ਮਗਨਰੇਗਾ, ਸਾਂਸਦ ਅਦਰਸ਼ ਗ੍ਰਾਮ ਯੋਜਨਾ, ਪ੍ਰਧਾਨ ਮੰਤਰੀ ਅਵਾਸ ਯੋਜਨਾ (ਪੇਂਡੂ ਤੇ ਸ਼ਹਿਰੀ), ਨੈਸ਼ਨਲ ਹੈਲਥ ਮਿਸ਼ਨ, ਇਨਟੈੱਗਰੇਟਿਡ ਚਾਈਲਡ ਡਿਵੈਲਪਮੈਂਟ ਸਕੀਮ, ਬੇਟੀ ਬਚਾਓ, ਬੇਟੀ ਪੜ੍ਹਾਓ, ਸਮੱਗਰਾ ਸਿੱਖਿਆ ਅਭਿਆਨ, ਮਿਡ ਡੇਅ ਮੀਲ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਰਾਸ਼ਟਰੀਯ ਬੁਢਾਪਾ ਪੈਨਸ਼ਨ ਸਕੀਮ, ਰਾਸ਼ਟਰੀਯ ਵਿਧਵਾ ਪੈਨਸ਼ਨ ਸਕੀਮ, ਰਾਸ਼ਟਰੀਯ ਡਿਸਏਬਲਡ ਪੈਨਸ਼ਨ ਸਕੀਮ, ਪ੍ਰਧਾਨ ਮੰਤਰੀ ਉਜਵਲਾ ਯੋਜਨਾ, ਸ਼ਿਆਮਾ ਪ੍ਰਸ਼ਾਦ ਮੁਖਰਜੀ ਅਰਬਨ ਮਿਸ਼ਨ, ਦੀਨ ਦਿਆਲ ਉਪਾਧਿਆਇ ਗ੍ਰਾਮੀਨ ਕੌਸ਼ਲਿਆ ਯੋਜਨਾ, ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਸਵੱਛ ਭਾਰਤ ਮਿਸ਼ਨ, ਜਲ ਸਪਲਾਈ ਅਤੇ ਸੈਨੀਟੇਸ਼ਨ ਦੀਆਂ ਸਕੀਮਾਂ ਅਤੇ ਜ਼ਿਲ੍ਹੇ ਵਿੱਚ ਚੱਲ ਰਹੀਆਂ ਹੋਰ ਵਿਕਾਸ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਜ਼ਿਲ੍ਹੇ ਦੇ ਹਰੇਕ ਲੋੜਵੰਦ ਤੱਕ ਪਹੁੰਚਾਇਆ ਜਾਵੇ। ਮੀਟਿੰਗ ਵਿੱਚ ਮਨਦੀਪ ਸਿੰਘ ਗਿੱਲ ਵਾਈਸ ਪ੍ਰਧਾਨ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ, ਨਗਰ ਕੌਂਸਲ ਗੁਰਦਾਸਪੁਰ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ, ਚਰਨਜੀਤ ਸਿੰਘ, ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਸਮੇਤ ਵੱਖ ਵੱਖ ਸ਼ਖਸੀਅਤਾਂ ਮੌਜੂਦ ਸਨ।

# ਨੰਬਰਦਾਰ ਪੱਖੋਕੇ ਨੂੰ ਸਦਮਾ, ਪਿਤਾ ਦਾ ਦੇਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ)-ਨੰਬਰਦਾਰ ਕੁਲਦੀਪ ਸਿੰਘ ਪੱਖੋਕੇ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਜੋਗਿੰਦਰ ਸਿੰਘ ਪੱਖੋਕੇ ਦਾ ਦੇਹਾਂਤ ਹੋ ਗਿਆ।ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੱਖੋਕੇ ਵਿਖੇ ਕਰ ਦਿੱਤਾ ਗਿਆ। ਉਨ੍ਹਾਂ ਦੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਿਧਾਨ ਸਭਾ ਖਡੂਰ ਸਾਹਿਬ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਰਿਟਾਇਰ ਡੀ ਐਸ ਪੀ ਰਤਨ ਸਿੰਘ ਪੱਖੋਕੇ, ਮੈਨੇਜਰ ਰਣਬੀਰ ਸਿੰਘ ਪੱਖੋਕੇ, ਮੀਤ ਪ੍ਰਧਾਨ ਪੰਜਾਬ ਕਾਂਗਰਸ ਪਾਰਟੀ ਰਾਜਬੀਰ ਸਿੰਘ ਪੱਖੋਕੇ, ਪੀ ਏ ਰਣਜੀਤ ਸਿੰਘ ਪਵਾਰ, ਮੈਨੇਜਰ ਨਵਤੇਜ ਸਿੰਘ, ਬਚਿੱਤਰ ਸਿੰਘ ਮੈਨੇਜਰ ਹੈਡ ਬ੍ਰਾਂਚ ਤਰਨ ਤਾਰਨ, ਮਲਕੀਤ ਸਿੰਘ ਪੱਖੋਕੇ, ਹਰਦੀਪ ਸਿੰਘ ਦੀਪੂ ਪੱਖੋਕੇ, ਪ੍ਰਗਟ ਸਿੰਘ ਪੱਖੋਕੇ, ਕੰਵਰਪਾਲ ਸਿੰਘ ਪੱਖੋਕੇ, ਬੁੱਧ ਸਿੰਘ ਪੱਖੋਕੇ, ਗੁਰਦੇਵ ਸਿੰਘ ਜਾਣੀਆ, ਤਰਸੇਮ ਸਿੰਘ ਜਾਣੀਆ, ਸਾਹਿਲਦੀਪ ਸਿੰਘ ਸਮਰਾ ਨੇ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ।ਜੋਗਿੰਦਰ ਸਿੰਘ ਪੱਖੋਕੇ ਦਾ ਅੰਤਿਮ ਅਰਦਾਸ ਸ਼ਰਧਾਂਜਲੀ ਸਮਾਗਮ 29 ਤਰੀਕ 12 ਤੋਂ 1 ਵਜੇ ਉਹਨਾਂ ਗ੍ਰਹਿ ਪਿੰਡ ਪੱਖੋਕੇ ਵਿਖੇ ਹੋਵੇਗਾ।

# ਜਨਗਣਨਾ-2027 ਦੇ ਫੇਜ਼-2 ਤਹਿਤ ਜ਼ਿਲ੍ਹੇ ਦੇ ਫੀਲਡ ਟ੍ਰੇਨਰਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ ਸ਼ੁਰੂ



ਗੁਰਦਾਸਪੁਰ (ਜਨਕ ਮਹਾਜਨ)-ਜਨਗਣਨਾ-2027 ਦੇ ਫੇਜ਼-2 ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਫੀਲਡ ਟ੍ਰੇਨਰਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ ਸ਼ੁਰੂ ਹੋ ਗਈ ਹੈ। ਪਹਿਲੇ ਬੈਚ ਵਿੱਚ 32 ਫੀਲਡ ਟ੍ਰੇਨਰਾਂ ਵੱਲੋਂ ਭਾਗ ਲਿਆ ਜਾ ਰਿਹਾ ਹੈ। ਇਹ ਟ੍ਰੇਨਿੰਗ ਪ੍ਰਿੰਸੀਪਲ ਸੈਂਸਜ ਓਪਰੇਸ਼ਨਜ਼ ਗੁਰਦਾਸਪੁਰ-ਕਮ-ਡਿਪਟੀ ਕਮਿਸ਼ਨਰ, ਗੁਰਦਾਸਪੁਰ ਅਦਿੱਤਿਆ ਉੱਪਲ ਦੀ ਅਗਵਾਈ ਹੇਠ ਕਰਵਾਈ ਜਾ ਰਹੀ ਹੈ। ਟ੍ਰੇਨਿੰਗ ਦੌਰਾਨ ਫੀਲਡ ਟ੍ਰੇਨਰਾਂ ਨੂੰ ਜਨਸੰਖਿਆ ਗਿਣਤੀ ਦੇ ਕਾਰਜ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ, ਪ੍ਰਕਿਰਿਆਵਾਂ ਅਤੇ ਜਨਗਣਨਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਪ ਅਰਥ ਅਤੇ ਅੰਕੜਾ ਸਲਾਹਕਾਰ ਵਿਨੋਦ ਬੇਰੀ ਨੇ ਦੱਸਿਆ ਕਿ ਇਸ ਟ੍ਰੇਨਿੰਗ ਤੋਂ ਬਾਅਦ ਇਹ ਫੀਲਡ ਟ੍ਰੇਨਰ ਅੱਗੇ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਟ੍ਰੇਨਿੰਗ ਪ੍ਰਦਾਨ ਕਰਨਗੇ। ਜਨਗਣਨਾ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਨਸੰਖਿਆ ਗਿਣਤੀ ਦਾ ਕਾਰਜ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ ਪੰਜਾਬ ਰਾਜ ਵਿੱਚ ਕੀਤਾ ਜਾਵੇਗਾ, ਜਦਕਿ ਰੀਵਿਜ਼ਨਲ ਰਾਊਂਡ 5 ਜਨਵਰੀ 2027 ਤੋਂ 9 ਜਨਵਰੀ 2027 ਤੱਕ ਚੱਲੇਗਾ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੇ ਜਨਗਣਨਾ ਵਿਭਾਗ ਦੇ ਕੋਆਰਡੀਨੇਟਰ ਵਿਸ਼ਵਾਸ ਸੋਮ, ਰਛਪਾਲ ਸਿੰਘ, ਜਨਗਣਨਾ ਵਿਭਾਗ ਗੁਰਦਾਸਪੁਰ ਤੋਂ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਿਨੋਦ ਬੇਰੀ, ਤਰਨਬੀਰ ਸਿੰਘ, ਮੈਡਮ ਰੇਨੂੰ ਬਾਲਾ, ਨੀਤੀਨ, ਰਣਵੀਰ ਕੌਰ ਅਤੇ ਮਨਦੀਪ ਸ਼ਰਮਾ ਹਾਜ਼ਰ ਸਨ। ਜ਼ਿਲ੍ਹਾ ਗੁਰਦਾਸਪੁਰ ਵਿੱਚ ਜਨਗਣਨਾ ਟ੍ਰੇਨਿੰਗ ਲਈ ਮਾਸਟਰ ਟ੍ਰੇਨਰ ਵਜੋਂ ਲੈਕਚਰਾਰ ਗੁਰਮੀਤ ਸਿੰਘ ਭੋਮਾ (ਸਟੇਟ ਐਵਾਰਡੀ), ਲੈਕਚਰਾਰ ਸ੍ਰੀ ਸੰਜੀਵ ਕੁਮਾਰ ਅਤੇ ਲੈਕਚਰਾਰ ਚਰਨਜੀਤ ਸਿੰਘ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

# ਰੰਧਾਵਾ ਵੱਲੋਂ ਨਸ਼ਿਆਂ ਖਿਲਾਫ਼ ਕਰਵਾਈ ਰੈਲੀ ਮੌਕੇ ਮਨਪ੍ਰੀਤ ਬਾਦਲ ਤੇ ਹੋਰ ਭਾਜਪਾ ਆਗੂਆਂ ਦਾ ਵਿਸ਼ੇਸ਼ ਸਨਮਾਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਯੁਵਰਾਜ ਗਾਰਡਨ ਵਿਖੇ ਕਿਸਾਨ ਮੋਰਚਾ ਭਾਜਪਾ ਜ਼ਿਲ੍ਹਾ ਪ੍ਰਧਾਨ ਜਸਦੀਪ ਸਿੰਘ ਰੰਧਾਵਾ ਵੱਲੋਂ ਨਸ਼ਿਆਂ ਖਿਲਾਫ ਕਰਵਾਈ ਗਈ ਰੈਲੀ ਦੌਰਾਨ ਭਾਜਪਾ ਦੇ ਕੌਮੀ ਸੀਨੀਅਰ ਆਗੂ ਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਭਾਜਪਾ ਦੇ ਸੂਬਾਈ ਜਨਰਲ ਸਕੱਤਰ ਰਜਨੀਸ਼ ਧੀਮਾਨ, ਭਾਜਪਾ ਪੰਜਾਬ ਦੇ ਮੀਤ ਪ੍ਰਧਾਨ ਅਤੇ ਯਾਤਰਾ ਕੋਆਰਡੀਨੇਟਰ ਰਵੀਕਰਨ ਸਿੰਘ ਕਾਹਲੋਂ, ਭਾਜਪਾ ਪੰਜਾਬ ਦੀ ਮੀਤ ਪ੍ਰਧਾਨ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਦਾ ਵਿਸ਼ੇਸ਼ ਤੌਰ 'ਤੇ ਮਾਣ ਸਨਮਾਨ ਕਰਦਿਆਂ ਉਨ੍ਹਾਂ ਨੂੰ ਯਾਦਗਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਰਾਜੂ ਪੰਡਿਤ, ਜ਼ਿਲ੍ਹਾ ਟਰੇਡ ਸੈੱਲ ਭਾਜਪਾ ਪ੍ਰਧਾਨ ਵਿਜੈ ਸੋਨੀ, ਐਡਵੋਕੇਟ ਰਸ਼ਪਾਲ ਸਿੰਘ ਰੰਧਾਵਾ, ਹਰਪਾਲ ਸਿੰਘ ਫੱਤੂਪੁਰ, ਭਗਵਾਨ ਸਿੰਘ ਠੇਠਰਕੇ, ਐਡਵੋਕੇਟ ਅਜੀਤ ਸਿੰਘ, ਬਲਰਾਮ ਸਿੰਘ, ਸੰਤੋਖ ਸਿੰਘ ਠੇਠਰਕੇ, ਹਰਪਾਲ ਸਿੰਘ ਭਲਵਾਨ,ਸਰਪੰਚ ਕਰਮਜੀਤ ਸਿੰਘ, ਕੰਵਲਜੀਤ ਸਿੰਘ, ਮਾਨਾ ਮਸੀਹ, ਪ੍ਰੀਤਮ ਸਿੰਘ ਠੇਠਰਕੇ, ਹਰਵਿੰਦਰ ਸਿੰਘ ਸੰਧੂ, ਕਮਲ ਜੋਤੀ ਅਤੇ ਪ੍ਰਦੀਪ ਸਮੇਤ ਹੋਰ ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।

# ਤਹਿਸੀਲ ਮਜੀਠਾ ਬਣੀ ਅਵਾਰਾ ਕੁੱਤਿਆਂ ਲਈ ਅਰਾਮਗਾਹ !

ਵੇਰਕਾ (ਰਾਣਾ)-ਤਹਿਸੀਲ ਮਜੀਠਾ, ਅੰਮ੍ਰਿਤਸਰ ਅਵਾਰਾ ਕੁੱਤਿਆਂ ਲਈ ਅੱਜ-ਕੱਲ੍ਹ ਅਰਾਮਗਾਹ ਬਣੀ ਹੋਈ ਹੈ। ਜਿੱਥੇ ਅਵਾਰਾ ਕੁੱਤੇ ਆ ਕੇ ਬੇਖੌਫ ਤੇ ਨਿਡਰ ਹੋਏ ਠੰਢੀ ਥਾਂ ਅਰਾਮ ਫਰਮਾਉਂਦੇ ਹਨ। ਜਿਸ ਬਾਬਤ ਸ਼ਾਇਦ ਤਹਿਸੀਲਦਾਰ ਅਤੇ ਸਮੂਹ ਸਟਾਫ ਬੇਖ਼ਬਰ ਹੋਏ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਣ ਦੀ ਉਡੀਕ ਵਿੱਚ ਹਨ। ਇੱਥੇ ਤਹਿਸੀਲ ਅੰਦਰ ਕੰਮ ਕਰਵਾਉਣ ਲਈ ਆਉਣ ਵਾਲੇ ਲੋਕ ਅਵਾਰਾ ਕੁੱਤਿਆਂ ਕਾਰਨ ਭੈ-ਭੀਤ ਨਜ਼ਰ ਆਉਂਦੇ ਹਨ।

ਸਭ ਤੋਂ ਵੱਧ ਔਰਤਾਂ ਤੇ ਉਨ੍ਹਾਂ ਨਾਲ ਆਉਂਦੇ ਛੋਟੇ ਬੱਚੇ ਸਹਿਮੇ ਹੁੰਦੇ ਹਨ। ਸਰਕਾਰ ਭਾਵੇਂ ਸਮੇਂ-ਸਮੇਂ ਅਵਾਰਾ ਕੁੱਤਿਆਂ ਪ੍ਰਤੀ ਆਪਣੇ ਫਰਜ਼ਾਂ ਦੀ ਪੂਰਤੀ ਤਾਂ ਕਰਦੀ ਹੈ, ਪ੍ਰੰਤੂ ਪ੍ਰਸ਼ਾਸਨਿਕ ਅਧਿਕਾਰੀ ਅਤੇ ਕਰਮਚਾਰੀਆਂ ਦੀ ਘੋਰ ਲਾਪ੍ਰਵਾਹੀ/ਅਣਗਹਿਲੀ ਕਈ ਤਰ੍ਹਾਂ ਦੇ ਸਵਾਲ ਵੀ ਉਤਪੰਨ ਕਰਦੀ ਹੈ। ਇਸ ਬਾਬਤ ਤਹਿਸੀਲ ਮਜੀਠਾ ਨਾਲ ਸੰਬੰਧਤ ਸਮੂਹ ਵਸਨੀਕਾਂ/ਲਾਭਪਾਤਰੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ, ਜ਼ਿਲਾ ਮੈਜਿਸਟ੍ਰੇਟ ਅੰਮ੍ਰਿਤਸਰ ਪਾਸੋਂ ਉਕਤ ਸੰਬੰਧੀ ਅਣਦੇਖੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ/ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਹੈਰੋਇਨ ਤੇ ਡਰੱਗ ਮਨੀ ਸਮੇਤ 5 ਕਾਬੂ





ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਐਸ ਆਈ ਅਵਤਾਰ ਸਿੰਘ ਐਸ ਐਚ ਓ ਤਰਸਿਕਾ ਵੱਲੋਂ ਸਮਾਜ ਵਿਰੋਧੀ ਅਨਸਰਾ, ਨਸ਼ਾਂ ਵੇਚਣ ਵਾਲਿਆ ਅਤੇ ਭਗੌੜੇ ਮੁਲਜ਼ਮਾਂ ਨੂੰ ਫੜਨ ਲਈ ਜਾਰੀ ਕੀਤੀ ਮੁਹਿਮ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਏ ਐੱਸ ਆਈ ਭੁਪਿੰਦਰ ਸਿੰਘ ਚੌਕੀ ਟਾਂਗਰਾ ਥਾਣਾ ਤਰਸਿੱਕਾ ਸਮੇਤ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਤਿੰਨ ਨੌਜਵਾਨ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ। ਇਨ੍ਹਾਂ ਆਪਣਾ ਨਾਂਅ ਅੰਮ੍ਰਿਤਪਾਲ ਸਿੰਘ, ਸੁਖਚੈਨ ਸਿੰਘ ਅਤੇ ਰਾਫਲ ਵਾਸੀਆਨ ਡੇਹਰੀਵਾਲ ਦੱਸਿਆ। ਇਨ੍ਹਾਂ ਪਾਸੋਂ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਕੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਅਤੇ ਐਸ.ਆਈ ਹਰਬੰਸ਼ ਸਿੰਘ ਥਾਣਾ ਤਰਸਿੱਕਾ ਸਮੇਤ ਪੁਲਸ ਪਾਰਟੀ ਗਸ਼ਤ ਦੇ ਸੰਬੰਧ ਵਿਚ ਜਾ ਰਹੇ ਸੀ ਤਾ ਤਿੰਨ ਨੌਜਵਾਨ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਜਿੰਨ੍ਹਾ ਨੇ ਆਪਣਾ ਨਾਂਅ ਬਲਦੇਵ ਸਿੰਘ ਉਰਫ ਦੇਬੂ, ਸੁਖਰਾਜ ਸਿੰਘ ਅਤੇ ਬਲਜਿੰਦਰ ਸਿੰਘ ਵਾਸੀਆਨ ਡੇਹਰੀਵਾਲ ਦੱਸਿਆ। ਇਨ੍ਹਾਂ ਪਾਸੋਂ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਕੇ ਐਨ ਡੀ ਪੀ ਐਸ ਐਕਟ ਥਾਣਾ ਤਰਸਿੱਕਾ ਵਿਖੇ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਮੀਰੀ ਪੀਰੀ ਖਾਲਸਾ ਮਾਰਚ ਨਗਰ ਕੀਰਤਨ ਅਗਲੇ ਪੜਾਵਾਂ ਲਈ ਰਵਾਨਾ



ਧਾਰੀਵਾਲ (ਮਨਦੀਪ ਵਿੱਕੀ)-ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋਏ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਨੂੰ ਸਮਰਪਤ ਮੀਰੀ ਪੀਰੀ ਖ਼ਾਲਸਾ ਮਾਰਚ ਮਹਾਨ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਬੀਤੀ ਰਾਤ ਕਰੀਬ 11 ਵਜੇ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਪਹੁੰਚਣ 'ਤੇ ਗੁਰਦੁਆਰਾ ਸਾਹਿਬ ਦੇ ਸਮੁੱਚੇ ਸਟਾਫ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਰਾਤ ਠਹਿਰਨ ਉਪਰੰਤ ਅੱਜ ਸਵੇਰੇ ਇਹ ਖਾਲਸਾ ਮਾਰਚ ਨਗਰ ਕੀਰਤਨ ਅਗਲੇ ਪੜਾਵਾਂ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੁਆਰਾ ਅਰਦਾਸ ਕਰਕੇ ਰਵਾਨਾ ਕੀਤਾ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮਾਂ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਗੁਰਵਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਮਨਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ ਲੰਗਾਹ ਸਾਬਕਾ ਮੰਤਰੀ ਪੰਜਾਬ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਕੰਵਲਪ੍ਰੀਤ ਸਿੰਘ ਕਾਕੀ, ਐਸ ਜੀ ਪੀ ਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਐਸ ਜੀ ਪੀ ਸੀ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਗੁਰਦੁਆਰਾ ਬੁਰਜ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਗੋਸਲ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਗੁਰਤਿੰਦਰਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਗਿਆਨੀ ਜਸਵਿੰਦਰ ਸਿੰਘ ਕਲੇਰ, ਗ੍ਰੰਥੀ ਬਾਬਾ ਗੁਰਦੇਵ ਸਿੰਘ ਕਲਿਆਣਪੁਰ, ਪ੍ਰਚਾਰਕ ਸਰਬਜੀਤ ਸਿੰਘ ਢੋਡੀਆਂ, ਡਾਕਟਰ ਰਣਜੀਤ ਸਿੰਘ ਬੇਦੀ ਕਲੋਨੀ, ਸਾਬਕਾ ਸੰਮਤੀ ਮੈਂਬਰ ਮਨਜੀਤ ਸਿੰਘ ਕੰਗ, ਗੁਰਜੀਤ ਸਿੰਘ ਮਿੰਟਾ ਆਲੋਵਾਲ, ਗੁਰਪ੍ਰੀਤ ਸਿੰਘ ਰਿਆੜ ਪ੍ਰਧਾਨ ਕੋਆਪਰੇਟਿਵ ਸੁਸਾਇਟੀ, ਨਰਿੰਦਰ ਸਿੰਘ ਵਾੜਾ, ਕੁਲਬੀਰ ਸਿੰਘ ਰਿਆੜ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਸ਼੍ਰੋਮਣੀ ਅਕਾਲੀ ਦਲ, ਬਾਬਾ ਨੱਥਾ ਸਿੰਘ ਸੰਧਵਾਂ, ਜਥੇਦਾਰ ਵੱਸਣ ਸਿੰਘ ਜਫਰਵਾਲ, ਮਨਜੀਤ ਸਿੰਘ ਬੁੱਟਰ, ਸੰਦੀਪ ਸਿੰਘ ਜਫਰਵਾਲ, ਹਰਮਨਦੀਪ ਸਿੰਘ ਜੌਹਲ, ਮੋਹਨਦੀਪ ਸਿੰਘ, ਦਿਲਬਾਗ ਸਿੰਘ ਗੁਰਦਾਸਨੰਗਲ, ਸਵਰਨ ਸਿੰਘ ਰਿਟਾਇਰਡ ਥਾਣੇਦਾਰ, ਸਾਹਿਬ ਸਿੰਘ ਸਾਬੀ ਦੀਨਾ ਨਗਰ, ਅਵਤਾਰ ਸਿੰਘ ਆਦਿ ਸ਼ਖਸੀਅਤ ਸਮੇਤ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਕੰਚਨਪ੍ਰੀਤ ਕੌਰ ਸਾਥੀਆਂ ਸਮੇਤ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਹੋਏ ਨਤਮਸਤਕ



ਝਬਾਲ ( ਮੱਖਣ ਮਨੋਜ )-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਤਰਨ ਤਾਰਨ ਦੇ ਇੰਚਾਰਜ ਬੀਬੀ ਕੰਚਨਪ੍ਰੀਤ ਕੌਰ ਸਾਥੀਆਂ ਸਮੇਤ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨੂੰ ਮੈਨੇਜਰ ਧਰਵਿੰਦਰ ਸਿੰਘ ਮਾਨੋਚਾਹਲ ਵੱਲੋਂ ਸਿਰੋਪਾਓ ਭੇਂਟ ਕੀਤਾ ਗਿਆ। ਬੀਬੀ ਕੰਚਨਪ੍ਰੀਤ ਕੌਰ ਨੇ ਦੱਸਿਆ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਰੈਲੀ ਦੀ ਸਫਲਤਾ ਦਾ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਗੁਰੂ ਘਰ ਨਤਮਸਤਕ ਹੋਏ ਹਨ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਸਰਪੰਚ ਪਰਮਜੀਤ ਸਿੰਘ ਗੱਗੋਬੂਹਾ, ਪੂਰਨ ਸਿੰਘ ਅੱਡਾ ਝਬਾਲ, ਗੁਰਪ੍ਰੀਤ ਸਿੰਘ ਬੱਬੂ ਸਰਪੰਚ, ਜਰਨੈਲ ਕੌਂਸਲ ਮੈਂਬਰ ਮਨਜਿੰਦਰ ਸਿੰਘ ਐਮਾ, ਸੋਨੂੰ ਬਰਾੜ ਸਰਪੰਚ ਦੋਦੇ, ਹਰੀ ਸਿੰਘ ਕਸੇਲ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ,ਅਮਰਿੰਦਰ ਸਿੰਘ ਮਾਣਕ, ਸਾਬਕਾ ਸਰਪੰਚ ਗੁਰਿੰਦਰ ਸਿੰਘ ਬਾਬਾ ਲੰਗਾਹ, ਬਲਦੇਵ ਸਿੰਘ ਝਬਾਲ, ਪ੍ਰਭਜੋਤ ਸਿੰਘ ਕੋਟ, ਸਰਪੰਚ ਅਵਤਾਰ ਸਿੰਘ ਬੁਰਜ, ਮਨੋਜ ਅਗਨੀਹੋਤਰੀ, ਅਮਰਜੀਤ ਸ਼ਰਮਾ, ਹਰਜਿੰਦਰ ਸਿੰਘ ਕੋਹਲੀ, ਗੁਰਮੁਖ ਸਿੰਘ ਖੈਰਦੀ, ਗੁਰਜੀਤ ਸਿੰਘ ਜੱਜ , ਰਿਸੀਵਰ ਕੁਲਦੀਪ ਸਿੰਘ ਸਰਾਂ, ਰੂਬੀ ਝਬਾਲ, ਸੁਰਜਨ ਸਿੰਘ ਝਬਾਲ, ਸਰਬਜੀਤ ਸਿੰਘ ਝਬਾਲ, ਸ਼ਨੀ ਪੀ.ਏ., ਮੀਤ ਮੈਨੇਜਰ ਦਿਲਬਾਗ ਸਿੰਘ ਝਬਾਲ, ਸਿਕੰਦਰ ਸਿੰਘ ਪੰਡੋਰੀ, ਹਰਪਾਲ ਸਿੰਘ ਬੁਰਜ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ ਹਾਜ਼ਰ ਸਨ।

# ਸੀ ਪੀ ਐਮ ਵੱਲੋਂ ਵਿਧਾਇਕਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ



ਪਠਾਨਕੋਟ ( ਦਵਿੰਦਰ ਸਿੰਘ)-ਪਠਾਨਕੋਟ ਜ਼ਿਲ੍ਹੇ ਦੇ ਪਿੰਡ ਐਮੇ ਵਿਖੇ ਨਰੋਟ ਜੈਮਲ ਸਿੰਘ ਦੇ ਸੀ ਪੀ ਐਮ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਕਾਮਰੇਡ ਰਾਮ ਸਰਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਨੂੰ ਤਹਿਸੀਲ ਸਕੱਤਰ ਕਾ. ਰਾਮ ਸਰਨ, ਜ਼ਿਲ੍ਹਾ ਸਕੱਤਰ ਕਾ. ਸੁਰਿੰਦਰ ਸਹਿਗਲ, ਸੀਨੀਅਰ ਆਗੂ ਕਾ. ਸਤ ਪ੍ਰਕਾਸ਼ ਤੇ ਗਣੇਸ਼ ਰਾਜ ਨੇ ਸੰਬੋਧਨ ਕੀਤਾ। ਜਨਰਲ ਬਾਡੀ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਕਾ. ਸਹਿਗਲ ਨੇ ਦੱਸਿਆ ਕਿ 30 ਸਤੰਬਰ ਤੋਂ 6 ਅਕਤੂਬਰ ਤੱਕ ਪਾਰਟੀ ਵੱਲੋਂ ਜ਼ਿਲ੍ਹੇ ਦੇ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ ਅਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਹਨਾਂ ਦੀ ਤਿਆਰੀ ਵਜੋਂ ਇਹ ਜਨਰਲ ਬਾਡੀ ਮੀਟਿੰਗ ਕੀਤੀ ਗਈ ਹੈ। ਮੰਗ ਪੱਤਰ ਦੀਆਂ ਮੰਗਾਂ ਬਾਰੇ ਜਾਣਕਾਰੀ ਦੇਂਦਿਆਂ ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਿਰਤੀਆਂ ਦੇ 29 ਕਨੂੰਨਾਂ ਨੂੰ ਰੱਦ ਕਰਕੇ 4 ਕੋਡ ਬਣਾ ਦਿੱਤੇ ਹਨ। ਜਿਹੜੇ ਕਨੂੰਨ ਕਿਰਤੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਗੁਲਾਮ ਬਣਾ ਦੇਣਗੇ। ਉਹ ਆਪਣੇ ਹੱਕਾਂ ਦੀ ਰਾਖੀ ਲਈ, ਛੰਟੀ ਵਿਰੁੱਧ, ਉਜਰਤ ਦੇ ਭੁਗਤਾਨ ਲਈ ਸੰਘਰਸ਼ ਨਹੀਂ ਕਰ ਸਕਣਗੇ। ਉਹਨਾਂ ਦੇ ਕੰਮ ਦੇ ਘੰਟੇ 12 ਕਰ ਦਿੱਤੇ ਹਨ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਚਾਰ ਕੋਡ ਨੂੰ ਰੱਦ ਕਰਕੇ 29 ਲੇਬਰ ਕਨੂੰਨ ਬਹਾਲ ਕੀਤੇ ਜਾਣ, ਮਨਰੇਗਾ ਕਨੂੰਨ ਦਾ ਨਾਂ ਬਦਲਕੇ ਲਿਆਂਦਾ ਕਨੂੰਨ ਮਨਰੇਗਾ ਵਿੱਚ ਕੰਮ ਦੀ ਗਰੰਟੀ ਨਹੀਂ ਦੇਂਦਾ। ਕੰਮ ਕਰਵਾਉਣ ਦੇ ਸਾਰੇ ਅਧਿਕਾਰ ਪੰਚਾਇਤਾਂ ਤੋਂ ਵਾਪਸ ਲੈ ਕੇ ਕੇਂਦਰ ਨੂੰ ਦੇ ਦਿੱਤੇ ਹਨ। ਇਸ ਨਾਲ ਮਨਰੇਗਾ ਵਿੱਚ ਕੰਮ ਕਰਦੇ ਮਜ਼ਦੂਰ ਬੇਰੁਜ਼ਗਾਰ ਹੋ ਜਾਣਗੇ। ਉਹਨਾਂ ਨੇ ਮੰਗ ਕੀਤੀ ਕਿ ਬੀਜ ਬਿੱਲ 2026 ਨੂੰ ਰਦ ਕੀਤਾ ਜਾਵੇ। ਉਹਨਾਂ ਬਿਜਲੀ ਬਿੱਲ 2025 ਨੂੰ ਵੀ ਰੱਦ ਕਰਨ ਦੀ ਮੰਗ ਕੀਤੀ। ਉਹਨਾਂ ਨੇ ਮੰਗ ਕੀਤੀ ਕਿ ਲਾਲ ਲਕੀਰ ਅੰਦਰ ਘਰਾਂ ਦੇ ਹੱਕ ਮਾਲਕੀ ਮਜ਼ਦੂਰਾਂ ਨੂੰ ਦਿੱਤੇ ਜਾਣ। ਇਸ ਤੋਂ ਇਲਾਵਾ ਲੋਕਾਂ ਦੀਆਂ ਮੰਗਾਂ ਸਬੰਧੀ ਸਾਰੇ ਵਿਧਾਇਕਾਂ ਦੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ। ਇਸ ਨਾਲ ਆਉਣ ਵਾਲੇ ਜਨਤਕ ਮੁੱਦਿਆਂ ਤੇ ਸੰਘਰਸ਼ ਦੀ ਸ਼ੁਰੂਆਤ ਹੋਵੇਗੀ। ਤਹਿਸੀਲ ਸਕੱਤਰ ਕਾ. ਰਾਮ ਸਰਨ ਨੇ ਭਰੋਸਾ ਦਿੱਤਾ ਕਿ ਸਾਡੇ ਜ਼ੁੰਮੇ ਲੱਗੇ ਕੋਟੇ ਨੂੰ ਪੂਰਾ ਕੀਤਾ ਜਾਵੇਗਾ।

# ਜ਼ਿਲਾ ਪੱਧਰ 'ਤੇ ਪੈਨਸ਼ਨ ਅਦਾਲਤ 24 ਨੂੰ

ਬਟਾਲਾ ( ਡਾਕਟਰ ਮਲਵਿੰਦਰ ਸਿੰਘ)-ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਪੈਨਸ਼ਨ ਅਦਾਲਤ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫਸਰ ਗੁਰਦਾਸਪੁਰ ਦੀ ਸੁਪਰਵੀਜ਼ਨ ਹੇਠ 24 ਸਤੰਬਰ ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਬਲਾਕ ਬੀ ਕਮਰਾ ਨੰਬਰ 416) ਗੁਰਦਾਸਪੁਰ ਵਿਖੇ ਲਗਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਕੁਲਦੀਪ ਚੰਦ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਿਭਾਗਾਂ ਤੇ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਪੈਨਸ਼ਨ ਸਬੰਧੀ ਆਪਣੀ ਸ਼ਿਕਾਇਤ ਕਿਸੇ ਕੰਮ ਵਾਲੇ ਦਿਨ ਜ਼ਿਲ੍ਹਾ ਸਲਾਈਟਲੀ ਕੰਪਲੈਕਸ ਬਲਾਕ ਬੀ ਕਮਰਾ ਨੰਬਰ 202 ਵਿਖੇ 23 ਸਤੰਬਰ ਤੱਕ ਦੇ ਸਕਦੇ ਹੋ ਤਾਂ ਜੋ ਸ਼ਿਕਾਇਤ ਦੇ ਨਿਪਟਾਰੇ ਲਈ ਸਬੰਧਤ ਵਿਭਾਗ ਦੇ ਮੁਖੀ ਨੂੰ ਬੁਲਾਇਆ ਜਾ ਸਕੇ ।

# 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਮਿਲ ਰਿਹਾ ਭਰਵਾਂ ਹੁੰਗਾਰਾ : ਔਲਖ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਉੱਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਬਲਦੇਵ ਸਿੰਘ ਔਲਖ ਨੇ ਕਿਹਾ ਕਿ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ ਪੰਜਾਬ ਦੀ ਜਵਾਨੀ, ਪਰਵਾਰਾਂ ਅਤੇ ਭਵਿੱਖ ਨੂੰ ਬਚਾਉਣ ਦੀ ਲੜਾਈ ਹੈ। 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਮਿਲ ਰਿਹਾ ਹੁੰਗਾਰਾ ਦਰਸਾਉਂਦਾ ਹੈ ਕਿ ਲੋਕ ਨਸ਼ਿਆਂ ਵਿਰੁੱਧ ਠੋਸ ਅਤੇ ਨਿਰਣਾਇਕ ਕਾਰਵਾਈ ਚਾਹੁੰਦੇ ਹਨ । ਇਸ ਮੌਕੇ ਡੇਰਾ ਬਾਬਾ ਨਾਨਕ ਦੇ ਯੁਵਰਾਜ ਗਾਰਡਨ ਵਿਖੇ ਕਿਸਾਨ ਮੋਰਚਾ ਭਾਜਪਾ ਜ਼ਿਲ੍ਹਾ ਪ੍ਰਧਾਨ ਜਸਦੀਪ ਸਿੰਘ ਰੰਧਾਵਾ ਵੱਲੋਂ ਕਰਵਾਈ ਗਈ ਰੈਲੀ ਦੌਰਾਨ ਸਰਦਾਰ ਔਲਖ ਨੇ ਕਿਹਾ ਕਿ 'ਆਪ' ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੁਝ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵੇ ਕੀਤੇ ਸਨ। ਸਾਢੇ ਚਾਰ ਸਾਲ ਬਾਅਦ ਵੀ ਨਸ਼ਿਆਂ ਦੀ ਸਮੱਸਿਆ ਕਾਇਮ ਰਹਿਣ 'ਤੇ ਸਰਕਾਰ ਨੂੰ ਆਪਣੇ ਵਾਅਦਿਆਂ ਦਾ ਹਿਸਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਡੇ ਤਸਕਰਾਂ, ਸਪਲਾਇਰਾਂ, ਵਿੱਤੀ ਸਰੋਤਾਂ ਅਤੇ ਗੈਂਗ ਨੈੱਟਵਰਕਾਂ 'ਤੇ ਕਾਨੂੰਨ ਅਨੁਸਾਰ ਪ੍ਰਭਾਵਸ਼ਾਲੀ ਕਾਰਵਾਈ ਕੀਤੇ ਬਿਨਾਂ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਨਸ਼ਾ ਮੁਕਤ ਭਾਰਤ ਦੇ ਸੰਕਲਪ ਤਹਿਤ ਭਾਜਪਾ ਪੰਜਾਬ ਵਿੱਚ ਵੀ ਨਸ਼ਿਆਂ ਵਿਰੁੱਧ ਜਾਗਰੂਕਤਾ ਅਤੇ ਕਾਰਵਾਈ ਦੇ ਮੁੱਦੇ ਨੂੰ ਉਠਾ ਰਹੀ ਹੈ। ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਤੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਦੀ ਬਰਬਾਦੀ ਨੂੰ ਸਿਰਫ਼ ਬਿਆਨਾਂ ਨਾਲ ਨਹੀਂ ਰੋਕਿਆ ਜਾ ਸਕਦਾ। ਭਾਜਪਾ ਦੇ ਸੂਬਾਈ ਜਨਰਲ ਸਕੱਤਰ ਰਜਨੀਸ਼ ਧਿਮਾਨ ਨੇ ਕਿਹਾ ਕਿ ਨਸ਼ਿਆਂ ਦੀ ਲੜਾਈ ਨਸ਼ਾ ਪੀੜਤ ਨੌਜਵਾਨਾਂ ਵਿਰੁੱਧ ਨਹੀਂ, ਸਗੋਂ ਤਸਕਰਾਂ, ਸਪਲਾਇਰਾਂ ਅਤੇ ਪੂਰੇ ਨੈੱਟਵਰਕ ਵਿਰੁੱਧ ਹੋਣੀ ਚਾਹੀਦੀ ਹੈ।ਭਾਜਪਾ ਪੰਜਾਬ ਦੇ ਮੀਤ ਪ੍ਰਧਾਨ ਅਤੇ ਯਾਤਰਾ ਕੋਆਰਡੀਨੇਟਰ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਲਈ ਤਿੰਨ ਮੋਰਚਿਆਂ 'ਤੇ ਕੰਮ ਕਰਨਾ ਜ਼ਰੂਰੀ ਹੈ-ਸਪਲਾਈ ਚੇਨ ਤੋੜਨਾ, ਨਸ਼ਾ ਪੀੜਤਾਂ ਦਾ ਪ੍ਰਭਾਵਸ਼ਾਲੀ ਇਲਾਜ ਤੇ ਪੁਨਰਵਾਸ ਅਤੇ ਨੌਜਵਾਨਾਂ ਲਈ ਰੁਜ਼ਗਾਰ, ਖੇਡਾਂ ਤੇ ਸਿਹਤਮੰਦ ਮੌਕੇ ਪੈਦਾ ਕਰਨਾ। ਭਾਜਪਾ ਪੰਜਾਬ ਦੀ ਮੀਤ ਪ੍ਰਧਾਨ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਕਿ 'ਨਸ਼ਾ ਮੁਕਤ ਪੰਜਾਬ ਯਾਤਰਾ' ਪੰਜਾਬ ਦੀ ਜਵਾਨੀ ਅਤੇ ਨਸ਼ੇ ਤੋਂ ਪੀੜਤ ਪਰਵਾਰਾਂ ਦੀ ਆਵਾਜ਼ ਬਣ ਰਹੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਉਸ ਦੀ ਊਰਜਾ ਨੂੰ ਸੂਬੇ ਅਤੇ ਦੇਸ਼ ਦੀ ਤਰੱਕੀ ਨਾਲ ਜੋੜਨਾ ਸਮੇਂ ਦੀ ਲੋੜ ਹੈ। ਇਸ ਮੌਕੇ ਕਿਸਾਨ ਮੋਰਚਾ ਭਾਜਪਾ ਜ਼ਿਲ੍ਹਾ ਪ੍ਰਧਾਨ ਜਸਦੀਪ ਸਿੰਘ ਰੰਧਾਵਾ ਅਤੇ ਆੜ੍ਹਤੀ ਪਰਵਿੰਦਰ ਸਿੰਘ ਘਣੀਆਂ ਦੀ ਅਗਵਾਈ ਵਿੱਚ ਬੀ ਜੇ ਪੀ ਪਾਰਟੀ ਵਰਕਰਾਂ ਵੱਲੋਂ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ । ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ,ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਰਾਜੂ ਪੰਡਿਤ, ਜ਼ਿਲ੍ਹਾ ਟਰੇਡ ਸੈੱਲ ਭਾਜਪਾ ਪ੍ਰਧਾਨ ਵਿਜੈ ਸੋਨੀ, ਐਡਵੋਕੇਟ ਰਸ਼ਪਾਲ ਸਿੰਘ ਰੰਧਾਵਾ, ਹਰਪਾਲ ਸਿੰਘ ਫੱਤੂਪੁਰ,ਭਗਵਾਨ ਸਿੰਘ ਠੇਠਰਕੇ,ਐਡਵੋਕੇਟ ਅਜੀਤ ਸਿੰਘ,ਬਲਰਾਮ ਸਿੰਘ, ਸੰਤੋਖ ਸਿੰਘ ਠੇਠਰਕੇ, ਹਰਪਾਲ ਸਿੰਘ ਭਲਵਾਨ,ਸਰਪੰਚ ਕਰਮਜੀਤ ਸਿੰਘ, ਕੰਵਲਜੀਤ ਸਿੰਘ, ਮਾਨਾ ਮਸੀਹ, ਪ੍ਰੀਤਮ ਸਿੰਘ ਠੇਠਰਕੇ, ਹਰਵਿੰਦਰ ਸਿੰਘ ਸੰਧੂ, ਕਮਲ ਜੋਤੀ ਅਤੇ ਪ੍ਰਦੀਪ ਸਮੇਤ ਹੋਰ ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।

## ਚੰਦ ਫ਼ਤਿਹਪੁਰੀ ਦੇ ਵਿਛੋੜੇ ਨਾਲ ਸਮਾਜ ਸੁਹਿਰਦ ਤੇ ਬੇਬਾਕ ਪੱਤਰਕਾਰ ਤੋਂ ਹੋਇਆ ਵਾਂਝਾ : ਇਪਟਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਵਿਸ਼ਨ ਗਰਗ, ਸੁਰਜੀਤ ਮਜਾਰੀ)**- ਇਪਟਾ ਪੰਜਾਬ ਨੇ ਕਿਹਾ ਹੈ ਕਿ ਪੱਤਰਕਾਰ, ਲੇਖਕ, ਸੰਪਾਦਕ ਅਤੇ ਰਾਜਨੀਤਕ-ਸਮਾਜਿਕ ਕਾਰਕੁਨ ਚੰਦ ਫ਼ਤਿਹਪੁਰੀ ਦੇ ਵਿਛੋੜੇ ਨਾਲ ਸਮਾਜ ਸੰਵੇਦਨਸ਼ੀਲ ਇਨਸਾਨ ਅਤੇ ਸੁਹਿਰਦ ਤੇ ਬੇਬਾਕ ਪੱਤਰਕਾਰ ਤੋਂ ਵਾਂਝਾ ਹੋ ਗਿਆ ਹੈ। ਇਪਟਾ ਪੰਜਾਬ ਦੇ ਪ੍ਰਧਾਨ ਨਾਟਕਕਾਰ ਸੰਜੀਵਨ ਸਿੰਘ ਨੇ ਕਿਹਾ ਕਿ ਚੰਦ ਫ਼ਤਿਹਪੁਰੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ ਬਾਰੇ ਨਵਾਂ ਜ਼ਮਾਨਾ ਅਖ਼ਬਾਰ ਵਿਚ ਲਗਾਤਾਰ ਲੇਖ ਅਤੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਲਿਖਤਾਂ ਵਿੱਚ ਅਕਸਰ ਮੌਜੂਦਾ ਹਕੂਮਤੀ ਨੀਤੀਆਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਜਮਹੂਰੀ ਹੱਕਾਂ ਦੀ ਰਾਖੀ ਵਰਗੇ ਵਿਸ਼ੇ ਪ੍ਰਮੁੱਖ ਹੁੰਦੇ ਸਨ। ਉਹ ਲੋਕਾਂ ਦੇ ਦੁੱਖ-ਦਰਦ, ਹੱਕਾਂ ਅਤੇ ਸਮਾਜਿਕ ਅਤੇ ਰਾਜਨੀਤਿਕ ਸਰੋਕਾਰਾਂ ਨਾਲ ਜੁੜੇ ਉਭਾਰਨ ਵਾਲੇ ਚੰਗੇ ਪੱਤਰਕਾਰ ਵਿੱਚ ਸ਼ਾਮਿਲ ਸਨ। ਇਪਟਾ ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸਕੱਤਰ ਕਮਲਨੈਣ ਸਿੰਘ ਸੇਖੋਂ, ਇਪਟਾ ਕਾਰਜ ਰਾਜਿੰਦਰ ਸਿੰਘ ਰੋਜ਼ੀ, ਅਮਨ ਭੋਗਲ, ਦਲਬਾਰ ਸਿੰਘ, ਗੁਰਦਿਆਲ ਨਿਰਮਾਣ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਬਿੱਟੂ ਔਲਖ, ਡਾ. ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ, ਇੰਦਜੀਤ ਮੋਗਾ ਅਤੇ ਸਰਘੀ ਪਰਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਨ 'ਕੁੱਕੂ', ਨਰਦਿੰਰ ਨਸਰੀਨ, ਗੁਰਵਿੰਦਰ ਬਾਕਰਪੁਰੀਆ ਅਤੇ ਰਿੱਤੂਰਾਗ ਨੇ ਚੰਦ ਫਤਿਹਪੁਰੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਕਿਹਾ ਕਿ ਉਹ ਪੰਜਾਬੀ ਪੱਤਰਕਾਰੀ, ਲੇਖਣੀ ਅਤੇ ਖੱਬੀ ਲਹਿਰ ਨਾਲ ਤਕਰੀਬਨ ਢਾਈ ਦਹਾਕੇ ਤੱਕ ਜੁੜੇ ਰਹੇ।

## ਚਾਵਲਾ 'ਤੇ ਲੱਗੇ ਗੰਭੀਰ ਦੋਸ਼ਾਂ ਤੇ ਸੁਖਬੀਰ ਬਾਦਲ ਚੁੱਪ ਕਿਉਂ : ਬਲਤੇਜ ਪੰਨੂ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਮੰਗਲਵਾਰ ਨੂੰ ਬਹਿਰੀਨ ਦੀ ਇੱਕ ਔਰਤ ਵੱਲੋਂ ਅਕਾਲੀ ਨੇਤਾ ਅਮਰਜੀਤ ਸਿੰਘ ਚਾਵਲਾ ਅਤੇ ਹੋਰਾਂ ਵਿਰੁੱਧ ਲਗਾਏ ਗਏ ਗੰਭੀਰ ਦੋਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐੱਸ ਜੀ ਪੀ ਸੀ ਲੀਡਰਸ਼ਿਪ, ਸੀਨੀਅਰ ਅਕਾਲੀ ਨੇਤਾਵਾਂ, ਕਾਂਗਰਸ ਨੇਤਾਵਾਂ ਅਤੇ ਭਾਜਪਾ ਨੇਤਾਵਾਂ ਦੀ ਲਗਾਤਾਰ ਚੁੱਪ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ, ਕਾਂਗਰਸੀ ਨੇਤਾ ਸੁਖਪਾਲ ਸਿੰਘ ਖਹਿਰਾ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਜਪਾ ਦੇ ਸੀਨੀਅਰ ਨੇਤਾਵਾਂ ਦੀ ਚੁੱਪ 'ਤੇ ਵੀ ਪ੍ਰਸ਼ਨ ਚੁੱਕੇ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ, 'ਬਹਿਰੀਨ ਤੋਂ ਆਈ ਇੱਕ ਔਰਤ ਨੇ ਗੰਭੀਰ ਦੋਸ਼ ਲਗਾਏ ਹਨ ਕਿ ਅਕਾਲੀ ਨੇਤਾ ਅਤੇ ਐੱਸ ਜੀ ਪੀ ਸੀ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਉਸ ਨੂੰ ਬੰਧਕ ਬਣਾ ਕੇ ਰੱਖਿਆ ਅਤੇ ਧਮਕਾਇਆ। ਸ਼ਿਕਾਇਤ ਤੋਂ ਬਾਅਦ ਐੱਫਆਈਆਰ ਦਰਜ ਕੀਤੀ ਗਈ ਸੀ ਅਤੇ ਇਹ ਮੁੱਦਾ ਹੁਣ ਕਈ ਦਿਨਾਂ ਤੋਂ ਚੱਲ ਰਿਹਾ ਹੈ। ਅਮਰਜੀਤ ਸਿੰਘ ਚਾਵਲਾ ਨੇ ਐੱਸ ਜੀ ਪੀ ਸੀ ਮੈਂਬਰਸ਼ਿਪ ਅਤੇ ਹੋਰ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਸਵਾਲ ਇਹ ਹੈ ਕਿ ਕੀ ਐਸਜੀਪੀਸੀ ਤੋਂ ਉਨ੍ਹਾਂ ਦਾ ਅਸਤੀਫਾ ਅਸਲ ਵਿੱਚ ਪ੍ਰਵਾਨ ਕੀਤਾ ਗਿਆ ਹੈ? ਅਮਰਜੀਤ ਸਿੰਘ ਚਾਵਲਾ ਖਿਲਾਫ ਆਨੰਦਪੁਰ ਸਾਹਿਬ ਥਾਣੇ 'ਚ ਜਬਰ-ਜਨਾਹ, ਗੈਰ-ਕਾਨੂੰਨੀ ਢੰਗ ਨਾਲ ਬੰਧਕ ਬਣਾਉਣ ਅਤੇ ਅਪਰਾਧਿਕ ਧਮਕੀਆਂ ਦੇਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।' ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਸਿੱਧਾ ਸਵਾਲ ਪੁੱਛਦਿਆਂ ਬਲਤੇਜ ਪੰਨੂ ਨੇ ਕਿਹਾ, 'ਸੁਖਬੀਰ ਸਿੰਘ ਬਾਦਲ ਅਜੇ ਵੀ ਚੁੱਪ ਕਿਉਂ ਹਨ? ਅਕਾਲੀ ਦਲ ਦੇ ਮੁੱਖ ਜਥੇਬੰਦਕ ਅੰਗਾਂ ਆ ਕੇ ਇਸ ਮੁੱਦੇ 'ਤੇ ਕੁੱਝ ਬੋਲ ਕਿਉਂ ਨਹੀਂ ਰਹੇ? ਪੰਨੂ ਨੇ ਪੁੱਛਿਆ ਕਿ ਐੱਸ ਜੀ ਪੀ ਸੀ ਨੇ ਇਸ ਗੰਭੀਰ ਮਾਮਲੇ ਵਿਰੁੱਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜੋ ਅਜਿਹੇ ਮਾਮਲਿਆਂ ਵਿੱਚ ਜ਼ਰੂਰੀ ਮੰਨੀ ਜਾਂਦੀ ਹੈ। ਉਨ੍ਹਾਂ ਨੇ ਤਰਕ ਦਿੱਤਾ 'ਕੀ ਸਿੱਖ ਸਿਧਾਂਤਾਂ ਅਤੇ ਮਰਿਆਦਾ ਨਾਲ ਜੁੜੇ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਅਜਿਹੇ ਦੋਸ਼ਾਂ ਤੋਂ ਬਾਅਦ ਗੁਰਦੁਆਰਿਆਂ ਦੇ ਬਾਹਰ ਰਹਿਣਾ ਚਾਹੀਦਾ ਹੈ? ਜੇਕਰ ਇਹ ਦੋਸ਼ ਸੱਚ ਹਨ ਤਾਂ ਇਹ ਗੰਭੀਰ ਮਾਮਲਾ ਹੈ, ਤਾਂ ਇਸ ਨੂੰ ਲਾਗੂ ਕਰਨ ਲਈ ਇੱਕ ਸਖ਼ਤ ਫ਼ੈਸਲਾ ਕਿਉਂ ਨਹੀਂ ਲਿਆ ਗਿਆ?' ਬਲਤੇਜ ਪੰਨੂ ਨੇ ਕਿਹਾ ਕਿ ਅਕਾਲੀ ਨੇਤਾ ਵਿਰਸਾ ਸਿੰਘ ਵਲਟੋਹਾ ਦੇ ਵਤੀਰੇ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਜਿੱਥੇ ਸਿੱਖ ਸਿਧਾਂਤਾਂ ਬਾਰੇ ਬੋਲਣ ਵਾਲੇ ਲੋਕ ਚੁੱਪ ਹਨ, ਉੱਥੇ ਹੀ ਵਿਰਸਾ ਸਿੰਘ ਵਲਟੋਹਾ ਇਸ ਮਾਮਲੇ 'ਚ ਸਾਹਮਣੇ ਆ ਕੇ ਔਰਤ ਬਾਰੇ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਸਵਾਲ ਕੀਤਾ 'ਵਿਰਸਾ ਸਿੰਘ ਵਲਟੋਹਾ ਨੇ ਜਨਤਕ ਤੌਰ 'ਤੇ ਅਮਰਜੀਤ ਸਿੰਘ ਚਾਵਲਾ ਦਾ ਬਚਾਅ ਕੀਤਾ ਸੀ ਅਤੇ ਬਹਿਰੀਨ ਦੀ ਔਰਤ ਨੂੰ ਪੰਜਾਬ ਲਿਆਉਣ ਵਿੱਚ ਆਪਣੀ ਭੂਮਿਕਾ ਬਾਰੇ ਉੱਠੇ ਸਵਾਲਾਂ ਨੂੰ ਖਾਰਜ ਕਰ ਦਿੱਤਾ ਸੀ। ਵਿਰਸਾ ਸਿੰਘ ਵਲਟੋਹਾ ਉਸ ਔਰਤ ਅਤੇ ਉਸ ਦੇ ਅਤੀਤ ਬਾਰੇ ਇੰਨਾ ਕੁਝ ਕਿਵੇਂ ਜਾਣਦੇ ਸਨ?'

## ਬੇਲਰ ਰੇਕਰ ਤੇ ਟਰੈਕਟਰ ਲਿਆਉਣ ਵਾਲੀ ਕਾਹਨਾ ਢੇਸੀਆਂ ਸੁਸਾਇਟੀ ਬਲਾਕ ਰੁੜਕਾ ਕਲਾਂ ਦੀ ਬਣੀ ਪਹਿਲੀ ਸੁਸਾਇਟੀ



**ਗੁਰਾਇਆ (ਬਿੰਦਰ ਸੁਮਨ)** ਬਲਾਕ ਰੁੜਕਾ ਕਲਾਂ ਅਧੀਨ ਪੈਂਦੇ ਪਿੰਡ ਕਾਹਨਾ ਢੇਸੀਆਂ ਵਿਖੇ ਪ੍ਰਧਾਨ ਅਮਰੀਕ ਸਿੰਘ ਅਤੇ ਸੈਕਟਰੀ ਜਸਪਾਲ ਸਿੰਘ ਦੇ ਉੱਦਮ ਅਤੇ ਖੇਤੀਬਾੜੀ ਮਹਿਕਮੇ ਦੇ ਸਹਿਯੋਗ ਨਾਲ ਪਿੰਡ ਦੀ ਸੁਸਾਇਟੀ ਵਿੱਚ ਨਿਊ ਹੌਲੈਂਡ ਕੰਪਨੀ ਦਾ ਬੇਲਰ ਰੇਕਰ ਅਤੇ ਟਰੈਕਟਰ ਲਿਆਂਦਾ ਗਿਆ। ਕਾਹਨਾ ਢੇਸੀਆਂ ਸੁਸਾਇਟੀ ਬਲਾਕ ਰੁੜਕਾ ਕਲਾਂ ਦੀ ਪਹਿਲੀ ਸੁਸਾਇਟੀ ਬਣ ਗਈ ਹੈ ਜਿਸ ਕੋਲ ਬੇਲਰ ਅਤੇ ਰੇਕਰ ਦੀ ਸੁਵਿਧਾ ਹੈ। ਪਿੰਡ ਰਾਜ ਗੋਮਲ ਦੇ ਕਿਸਾਨ ਸੁਖਵਿੰਦਰ ਸਿੰਘ ਦੇ ਖੇਤਾਂ ਵਿੱਚ ਬਾਸਮਤੀ ਦੀ ਪਰਾਲੀ ਦੀਆਂ ਗੰਡਾਂ ਬਣਾ ਕੇ ਕਿਸਾਨਾਂ ਨੂੰ ਵਿਖਾਇਆ ਵੀ ਗਿਆ। ਸੁਸਾਇਟੀ ਪ੍ਰਧਾਨ ਅਮਰੀਕ ਸਿੰਘ ਅਨੁਸਾਰ ਕਾਹਨਾ ਢੇਸੀਆਂ ਪਿੰਡ ਦੇ ਕਿਸਾਨ ਬਹੁਤ ਹਿੰਮਤੀ ਹਨ । ਪਿੰਡ ਵਾਲਿਆਂ ਦੇ ਸਹਿਯੋਗ ਸਦਕਾ ਉਹਨਾਂ ਦੇ ਪਿੰਡ ਦੀ ਸੁਸਾਇਟੀ ਵਿੱਚ ਬੇਲਰ ਲੈ ਕੇ ਆਉਣ ਦੀ ਹਿੰਮਤ ਪੈਦਾ ਕੀਤੀ ਜਾਵੇਗਾ ਜਿਸ ਨਾਲ ਕਿਸਾਨਾਂ ਨੂੰ ਵੱਡੀ ਸਹੂਲਤ ਮਿਲੇਗੀ । ਪਿੰਡ ਰਾਜ ਗੋਮਲ ਦੇ ਕਿਸਾਨ ਸੁਖਵਿੰਦਰ ਸਿੰਘ ਨੇ ਸੁਸਾਇਟੀ ਦੇ ਬੇਲਰ ਦੀ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇਸ ਵਾਰ 40 ਏਕੜ ਏਰੀਆ ਦੀ ਪਰਾਲੀ ਦੀ ਗੱਠਾ ਬਣਾਉਣਗੇ।

ਪਿੰਡ ਦੇ ਉੱਘੇ ਕਿਸਾਨ ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ, ਜਸਪਾਲ ਸਿੰਘ, ਮਨਜੀਤ ਸਿੰਘ, ਹਰਵਿੰਦਰ ਸਿੰਘ ਅਤੇ ਅਰਵਿੰਦਰ ਸਿੰਘ ਸੁਸਾਇਟੀ ਦਾ ਬੇਲਰ ਵਰਤਣ ਵਿੱਚ ਦਿਲਚਸਪੀ ਦਿਖਾਈ ਅਤੇ ਇਸ ਨੂੰ ਕਿਸਾਨਾਂ ਲਈ ਵੱਡੀ ਸਹੂਲਤ ਦੱਸੀ ।

## ਪੀਰ ਲੱਖ ਦਾਤਾ ਮੇਲਾ 25 ਤੋਂ

**ਬੰਗਾ (ਅਵਤਾਰ ਕਲੇਰ)** ਦਰਬਾਰ ਗੌਂਸਪਾਕ ਪੀਰ ਗਿਆਰ੍ਹਵੀਂ ਵਾਲੀ ਸਰਕਾਰ-ਪੀਰ ਲੱਖ ਦਾਤਾ ਦਰਬਾਰ ਨਵੀਂ ਆਬਾਦੀ ਨਵਾਂ ਸ਼ਹਿਰ ਵਿਖੇ 27ਵਾਂ ਸਲਾਨਾ ਮੇਲਾ 25-26 ਸਤੰਬਰ ਨੂੰ ਗੱਦੀ ਨਸ਼ੀਨ ਬੀਬੀ ਬਲਜੀਤ ਕੌਰ ਕਾਦਰੀ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਚੌਧਰੀ ਰਾਮ ਰਤਨ ਨੇ ਦੱਸਿਆ ਕਿ ਮੇਲੇ ਚ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਉਹਨਾਂ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ 25 ਸਤੰਬਰ ਸ਼ਾਮ ਨੂੰ ਚਿਰਾਗਾਂ ਦੀ ਰਸਮ ਅਤੇ ਮਹਿੰਦੀ ਦੀ ਰਸਮ ਅਦਾ ਕੀਤੀਆਂ ਜਾਣਗੀਆਂ। ਉਪਰੰਤ ਪੰਜਾਬ ਦੇ ਨਾਮਵਰ ਕਵਾਲ ਮਹਿਫ਼ਲ ਸਜਾਉਣਗੇ। ਗੱਦੀ ਨਸ਼ੀਨ ਬੀਬੀ ਬਲਜੀਤ ਕੌਰ ਕਾਦਰੀ ਨੇ ਦੱਸਿਆ ਕਿ 26 ਸਤੰਬਰ ਨੂੰ ਸਵੇਰੇ ਨਮਾਜ਼ ਕਲਾਮ ਪੜ੍ਹਿਆ ਜਾਵੇਗਾ ਅਤੇ ਝੰਡੇ ਦੀ ਰਸਮ ਅਦਾ ਹੋਵੇਗੀ। ਉਪਰੰਤ ਪ੍ਰਸਿੱਧ ਪੰਜਾਬੀ ਗਾਇਕ ਆਪਣੇ ਧਾਰਮਿਕ ਗੀਤਾਂ ਨਾਲ ਹਾਜ਼ਰੀ ਲਗਵਾਉਣਗੇ। ਬਾਬਾ ਜੀ ਦੇ ਦਰਬਾਰ ਦੇ ਸੇਵਾਦਾਰਾਂ ਵਲੋਂ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ।



## ਪੀਰ ਬਾਬਾ ਮਲੰਗ ਸ਼ਾਹ ਖਾਕੀ ਦਰਬਾਰ 'ਤੇ ਜੋੜ ਮੇਲਾ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)**- ਪੀਰ ਬਾਬਾ ਮਲੰਗ ਸ਼ਾਹ ਖਾਕੀ ਦਰਬਾਰ (ਨੂਰਪੁਰ) ਨਡਾਲੀ ਵਿਖੇ ਸਾਈਂ ਸਵਰੂਪ ਸ਼ਾਹ ਦੀ ਯਾਦ ਨੂੰ ਸਮਰਪਤ ਜੋੜ ਮੇਲਾ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਦਰਬਾਰ 'ਤੇ ਚਾਦਰ, ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਕਰਨ ਉਪਰੰਤ ਮਹਿਫਲ ਏ ਕਵਾਲ ਸਜਾਈ ਗਈ, ਜਿਸ ਵਿਚ ਕਵਾਲ ਪਾਰਟੀ ਕਰਾਂਮਤ ਅਲੀ ਤੋਂ ਇਲਾਵਾ ਲਵਿਸ ਚੋਹਾਨ, ਅਸ਼ਵਿਨ ਸੂਫੀ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ ਅਤੇ ਬਾਆਦ ਵਿਚ ਬਿਲੋ ਨਕਾਲ ਪਾਰਟੀ ਵਲੋਂ ਆਪਣਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਚਾਹ ਪਕੌੜਿਆਂ ਦਾ ਅਤੇ ਅਤੁੱਟ ਲੰਗਰ ਵੀ ਵਰਤਿਆ।

## ਕੇਂਦਰ ਸਰਕਾਰ ਵੱਲੋਂ ਫਾਸ਼ੀ ਹੱਲੇ ਦਾ ਜਵਾਬ ਦੇਣ ਲਈ ਰੈਲੀ 26 ਨੂੰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**- ਕੇਂਦਰ ਦੀ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਵਿਰੁੱਧ ਫਾਸ਼ੀ ਹੱਲੇ ਦਾ ਜਵਾਬ ਦੇਣ ਲਈ 26 ਸਤੰਬਰ ਨੂੰ ਮੋਗਾ ਵਿੱਚ ਕੀਤੀ ਜਾ ਰਹੀ ਰੈਲੀ ਦੀ ਤਿਆਰੀ ਲਈ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਅਤੇ ਜਾਗੋ ਕੱਢੀਆਂ ਜਾ ਰਹੀਆਂ ਹਨ। ਇਸੇ ਕੜੀ ਵਜੋਂ ਮੰਡ ਖੇਤਰ ਦੇ



ਪਿੰਡ ਬੀਟਲਾਂ ਰਾਏਪੁਰ ਰਾਈਆਂ, ਰਾਏਪੁਰ ਗੁਜਰਾਂ ਅਤੇ ਸਤਰੁਜ ਕੰਡੇ ਵਸੇ ਡੇਰਿਆਂ ਉੱਤੇ 500 ਤੋਂ ਵੱਧ ਲੀਫਲੇਟ ਵੰਡੇ ਗਏ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸਾਬਕਾ ਸਰਪੰਚ ਬਚਨ ਸਿੰਘ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਘੱਟ ਗਿਣਤੀ ਭਾਈਚਾਰਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦਾ ਫਾਸ਼ੀ ਹਮਲਾ ਬਹੁਪੱਖੀ ਅਤੇ ਬਹੁਪਰਤੀ ਹੈ। ਇਹ ਹੱਲਾ ਧਾਰਮਿਕ ਅਤੇ ਕੌਮੀਅਤ ਘੱਟ ਗਿਣਤੀਆਂ ਵਿਰੁੱਧ ਸੇਧਤ ਹੈ ਇਹ ਫਾਸ਼ੀਵਾਦੀ ਹਮਲਾ ਸੰਘ ਦਾ ਮਨੂਵਾਦ ਅਤੇ ਕਾਰਪੋਰੇਟ ਦੀ ਲੁੱਟ ਤੇ ਖੜਾ ਹੈ। ਧਾਰਮਿਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਈਸਾਈਆਂ ਅਤੇ ਸਿੱਖਾਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਧਰਮ ਪਰਿਵਰਤਨ ਦੇ ਬਹਾਨੇ ਹੇਠ ਘੱਟ ਗਿਣਤੀ ਇਸਾਈਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੰਘ ਸਿੱਖਾਂ ਵਿੱਚ ਘੁਸਪੈਠ ਕਰਕੇ ਸਿੱਖ ਸੰਸਥਾਵਾਂ ਤੇ ਕਬਜ਼ਾ ਕਰ ਰਿਹਾ ਹੈ, ਇੱਕੋ ਸਿਵਲ ਕੋਡ ਬਣਾ ਕੇ ਸਿੱਖਾਂ (ਅਨੰਦ ਮੈਰਿਜ ਐਕਟ), ਇਸਾਈਆਂ ਦੇ ਨਿੱਜੀ ਕਾਨੂੰਨ (ਪਰਸਨ ਲਾਅਜ) ਨੂੰ ਭਾਜਪਾ ਖਤਮ ਕਰਨ ਜਾ ਰਹੀ ਹੈ। ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਕੇ ਗੁਆਂਢੀ ਦੇਸ਼ਾਂ ਚੋਂ ਆਉਣ ਵਾਲੇ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ।

ਚੋਣ ਸੂਚੀਆਂ ਵਿੱਚ ਵਿਸ਼ੇਸ਼ ਸੁਧਾਈ ਦੇ ਬਹਾਨੇ ਘੱਟ ਗਿਣਤੀਆਂ ਤੋਂ ਵੋਟ ਦਾ ਹੱਕ ਅਤੇ ਨਾਗਰਿਕਤਾ ਦਾ ਹੱਕ ਖੋਇਆ ਜਾ ਰਿਹਾ ਹੈ ਵੱਖ-ਵੱਖ ਬਹਾਨਿਆ ਹੇਠ ਦਲਿਤਾਂ ਦੇ ਰਖਵੇਕਰਨ ਨੂੰ ਖੋਰਾ ਲਾਇਆ ਜਾ ਰਿਹਾ ਹੈ ਜਿਸ ਦੇ ਵਿਰੋਧ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ-ਲੈਨਿਨਵਾਦੀ (ਨਿਊ ਡੈਮੋਕਰੇਸੀ) ਵੱਲੋਂ ਕੀਤੀ ਜਾ ਰਹੀ ਪੰਜਾਬ ਪੱਧਰੀ ਰੈਲੀ ਭਾਜਪਾ ਦੇ ਫਾਸ਼ੀਵਾਦ ਦੇ ਹਮਲੇ ਦਾ ਪੰਜਾਬ ਵਿੱਚ ਮੁੱਢ ਸਾਬਤ ਹੋਵੇਗੀ। ਇਸ ਮੁਹਿੰਮ ਵਿੱਚ ਮੌਲਵੀ ਮੁਨਵਰ ਦੀਨ, ਮੁਹੰਮਦ ਯਾਕੂਬ, ਬਸ਼ੀਰ ਖਾਨ, ਗੁਲਾਮ ਮੁਹੰਮਦ, ਹਸਨ ਦੀਨ, ਰਜਿੰਦਰ ਸਿੰਘ ਮੰਡ, ਜਸਬੀਰ ਸਿੰਘ, ਬਖਸ਼ੀਸ਼ ਸਿੰਘ ਆਦਿ ਸ਼ਾਮਿਲ ਸਨ ।

## ਸੱਭਿਆਚਾਰਕ ਮੇਲਾ ਕਰਵਾਇਆ

**ਕਪੂਰਥਲਾ (ਮਨਜੀਤ ਮਾਨ)** ਦਰਬਾਰ ਦੇ ਪ੍ਰਧਾਨ ਜੋਨੀ ਵੜੈਚ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਰਾਜਵਿੰਦਰ ਕੌਰ ਥਿਆੜਾ ਨੇ ਮੇਲਾ ਪ੍ਰਬੰਧਕ ਕਮੇਟੀ ਨੂੰ ਆਪਣੇ ਅਖਤਿਆਰੀ ਫੰਡ ਵਿੱਚੋਂ ਗ੍ਰਾਂਟ ਦਿਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸੱਭਿਆਚਾਰਕ ਮੇਲੇ ਦੌਰਾਨ ਗਾਇਕ ਮਨਜੀਤ ਪਪੂ , ਅਮਰੀਕ ਮਾਈਕਲ ਅਤੇ ਨੂਰ ਸਿੱਧੂ ਤੇ ਦਲਵਿੰਦਰ ਦਿਆਲਪੁਰੀ, ਸਾਬੀ ਰਜਾਪੁਰੀਆ, ਲਵਿਸ਼ ਚੌਹਾਨ , ਸਾਬੀ ਬਰਾੜ , ਨੀਟੂ ਸ਼ਟਰਾਂ ਵਾਲਾ , ਵਿਨੋਦ ਪੱਪੀ , ਸ਼ਾਇਦ ਵਿੱਕੀ , ਮਹਿਰਾ ਬ੍ਰਦਰ ਐਂਡ ਸਿਸਟਰ, ਸ਼ਿਵਾਨੀ ਹੰਸ, ਮਿਸ ਸੁਰੰਜਨਾ ਟਾਂਡਾ, ਸਿਮਰਨ ਸਹੋਤਾ , ਚਰਨਜੀਤ ਚੀਮਾ ਅਤੇ ਸੁਰਿੰਦਰ ਨੂਰੀ ਅਤੇ ਹੋਰ ਕਲਾਕਾਰਾਂ ਨੇ ਹਾਜ਼ਰ ਲਵਾਈ। ਇਸ ਮੇਲੇ ਵਿੱਚ ਰਾਜਵਿੰਦਰ ਕੌਰ ਥਿਆੜਾ ਇੰਚਾਰਜ ਹਲਕਾ ਕੈਂਟ ਆਮ ਆਦਮੀ ਪਾਰਟੀ ਨੇ ਕਲਾਕਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਕੌਂਸਲਰ ਬਲਰਾਜ ਠਾਕੁਰ , ਪ੍ਰਿੰਸ ਬਾਘਾ ਪ੍ਰਧਾਨ ਵਾਰਡ ਨੰਬਰ 36 ਖੁਖੀ ਢਾਬ ਬਾਬਾ ਰਾਜੂ ਸਾਬਰੀ ਖੁਰਲਾ ਕਿੰਗਰਾ, ਬਾਬਾ ਕਰਨੈਲ, ਬਾਬਾ ਜੋਗੀ ਵੜੈਚ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਨਰੇਸ਼ ਬੱਤਰਾ, ਪ੍ਰਧਾਨ ਜੋਨੀ ਵੜੈਚ, ਬੰਸੀ ਲਾਲ ਵੜੈਚ ਚੰਡੀਗੜ੍ਹ, ਸੋਹਣ ਲਾਲ, ਹਰਵੀਰ ਡਾਕਟਰ ਮੱਖਣ ਵੜੈਚ, ਸਵਰਨ ਕੁਮਾਰ



ਵੜੈਚ, ਅਮਿਤ ਵੜੈਚ, ਦਲੀਪ ਕੁਮਾਰ, ਦੀਪੂ ਵੜੈਚ, ਰਾਜ ਕੁਮਾਰ ਵੜੈਚ ਲੁਧਿਆਣਾ, ਵਿਜੇ ਕੁਮਾਰ ਮੰਡ, ਰਕੇਸ਼ ਕੁਮਾਰ ਵੜੈਚ, ਅਨਿਲ ਕੁਮਾਰ, ਜਗਦੀਸ਼ ਸਰਪੰਚ, ਮੋਹਨ ਲਾਲ, ਸਾਹਿਲ ਵੜੈਚ, ਮਨਪ੍ਰੀਤ ਸਿੰਘ , ਲਵਪ੍ਰੀਤ ਵੜੈਚ, ਖੁਰਲਾ ਕਿੰਗਰਾ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਤੇ ਹਾਜ਼ਰ ਸਨ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵੀ ਸੰਗਤਾਂ ਨੂੰ ਛਕਾਏ ਗਏ।

## ਚੰਦ ਫ਼ਤਿਹਪੁਰੀ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਜਲੰਧਰ (ਰਾਜੇਸ਼ ਥਾਪਾ)**- ਕਿਰਤੀ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਅਖ਼ਬਾਰ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਚੰਦ ਫ਼ਤਿਹਪੁਰੀ ਦੇ ਬੇਵਕਤੀ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ,ਜਨਰਲ ਸਕੱਤਰ ਮਨੋਜ ਕੁਮਾਰ ਸਰੋਏ,ਵਿੱਤ ਸਕੱਤਰ ਓਮ ਪ੍ਰਕਾਸ਼, ਪ੍ਰੈੱਸ ਸਕੱਤਰ ਕਰਮਜੀਤ ਸੋਨੂ, ਸੀਨੀਅਰ ਮੀਤ ਪ੍ਰਧਾਨ ਕਰਨੈਲ ਫਿਲੌਰ, ਸੰਜੀਵ ਕੁਮਾਰ ਕੰਡਲ, ਤਰਸੇਮ ਮਾਧੋਪੁਰੀ, ਜਗੀਰ ਸਿੰਘ ਸਹੋਤਾ, ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਜਲੰਧਰ ਦੇ ਆਗੂਆਂ ਕੁਲਦੀਪ ਸਿੰਘ ਕੌੜਾ, ਬਲਵਿੰਦਰ ਕੁਮਾਰ,ਤਾਰਾ ਸਿੰਘ ਬੀਕਾ, ਨਿਰਮੋਲਕ ਸਿੰਘ ਹੀਰਾ,ਪਵਨ ਮਸੀਹ, ਕੁਲਦੀਪ ਵਾਲੀਆ,ਬਾਲ ਕ੍ਰਿਸ਼ਨ, ਸੂਰਤੀ ਲਾਲ, ਗੁਰਨਾਮ ਚੰਦ, ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜਲੰਧਰ ਦੀ ਪ੍ਰਧਾਨ ਕਮਲਜੀਤ ਕੌਰ, ਸੀਨੀਅਰ ਮੀਤ ਪ੍ਰਧਾਨ ਅਵਤਾਰ ਕੌਰ ਬਾਸੀ, ਜਨਰਲ ਸਕੱਤਰ ਸੁਰਿੰਦਰ ਕੌਰ ਸਹੋਤਾ,ਵਿੱਤ ਸਕੱਤਰ ਚਰਨਜੀਤ ਮਾਹਲ, ਪ੍ਰੈੱਸ ਸਕੱਤਰ ਸਿਮਰਨਜੀਤ ਪਾਸਲਾ ਆਦਿ ਨੇ ਕਿਹਾ ਕਿ ਜਿੱਥੇ ਚੰਦ ਫ਼ਤਿਹਪੁਰੀ ਦੇ ਪਰਿਵਾਰ, ਸਕੇ ਸੰਬੰਧੀਆਂ ਨੂੰ ਵੱਡਾ ਘਾਟਾ ਪਿਆ ਹੈ ਉੱਥੇ ਨਵਾਂ ਜ਼ਮਾਨਾ ਅਖ਼ਬਾਰ ਅਤੇ ਖੱਬੇ ਪੱਖੀ ਲਹਿਰ ਨੂੰ ਵੀ ਕਦੇ ਵੀ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਆਗੂਆਂ ਨੇ ਦੱਸਿਆ ਕਿ ਉਹਨਾਂ ਦਾ ਸ਼ਰਧਾਂਜਲੀ ਸਮਾਗਮ 27 ਸੰਤਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਜਾਵੇਗਾ।

## ਨਸ਼ਾ ਮੁਕਤ ਭਾਰਤ ਅਭਿਆਨ ਦੇ ਛੇ ਸਾਲ ਪੂਰੇ ਹੋਣ ਮੌਕ ਜਾਗਰੂਕਤਾ ਰੈਲੀ

**ਮੋਹਾਲੀ (ਗੁਰਜੀਤ ਬਿੱਲਾ)** ਨਸ਼ਾ ਮੁਕਤ ਭਾਰਤ ਅਭਿਆਨ ਦੇ ਛੇ ਸਾਲ ਪੂਰੇ ਹੋਣ ਮੌਕੇ ਐਸ ਐਮ ਐਚ ਐਸ ਸਰਕਾਰੀ ਕਾਲਜ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਜਾਗਰੂਕਤਾ ਗਤੀਵਿਧੀ ਕਰਵਾਈ ਗਈ। ਇਹ ਗਤੀਵਿਧੀ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਹੇਠ ਏ.ਐਨ.ਓ. ਲੈਫਟੀਨੈਂਟ ਡਾ. ਸੁਖਵਿੰਦਰ ਸਿੰਘ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ। ਇਸ ਮੌਕੇ ਐਨ.ਸੀ.ਸੀ. ਕੈਡਿਟਾਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਦਾ ਸੰਦੇਸ਼ ਦੇਣ ਲਈ ਜਾਗਰੂਕਤਾ ਰੈਲੀ ਕੱਢੀ ਗਈ।ਕੈਡਿਟਾਂ ਅਤੇ ਸਟਾਫ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿੱਖਿਆ, ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਜਾਗਰੂਕਤਾ ਗਤੀਵਿਧੀ ਵਿੱਚ ਪ੍ਰੋਫੈਸਰ ਰਸ਼ਮੀ ਪ੍ਰਭਾਕਰ, ਪ੍ਰੋਫੈਸਰ ਗੁਰਪ੍ਰੀਤ ਕੌਰ, ਪ੍ਰੋਫੈਸਰ ਸ਼ਰਨਜੀਤ ਸਿੰਘ, ਪ੍ਰੋਫੈਸਰ ਅਮਰੀਸ਼ ਠਾਕੁਰ, ਪ੍ਰੋਫੈਸਰ ਸਿਮਰਪ੍ਰੀਤ ਕੌਰ ਅਤੇ ਪ੍ਰੋਫੈਸਰ ਸਰਬਜੀਤ ਕੌਰ ਸਮੇਤ ਕਾਲਜ ਦੇ ਸਟਾਫ ਮੈਂਬਰਾਂ ਨੇ ਵੀ ਸਰਗਰਮੀ ਨਾਲ ਭਾਗ ਲਿਆ।



## 26 ਨੂੰ ਮੋਹਾਲੀ ਪਹੁੰਚਣਗੇ ਹਰਸਿਮਰਤ ਬਾਦਲ

**ਮੋਹਾਲੀ (ਗੁਰਜੀਤ ਬਿੱਲਾ)** 'ਮਾਵਾਂ-ਧੀਆਂ ਨੂੰ ਇਨਸਾਫ਼ ਦਿਵਾਓ' ਦੇ ਮੁੱਦੇ ਨੂੰ ਲੈ ਕੇ 26 ਸਤੰਬਰ ਨੂੰ ਮੋਹਾਲੀ ਵਿਖੇ ਹੋਣ ਵਾਲੇ ਪ੍ਰੋਗਰਾਮ ਦੀਆਂ ਤਿਆਰੀਆਂ ਨੂੰ ਲੈ ਕੇ ਹਲਕਾ ਮੋਹਾਲੀ ਦੇ ਪਿੰਡ ਮਨੌਲੀ ਵਿੱਚ ਮੀਟਿੰਗ ਕੀਤੀ ਗਈ।ਇਸ ਮੌਕੇ ਬੀਬੀ ਹਰਜਿੰਦਰ ਕੌਰ ਸੋਹਾਣਾ ਨੇ ਨੌਜਵਾਨ ਗੁਰਦੀਪ ਸਿੰਘ ਵਿੱਕੀ ਮਨੌਲੀ ਦੇ ਸੱਦੇ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਸ਼ਿਰਕਤ ਕੀਤੀ। ਮਨੌਲੀ ਪਰਵਾਰ ਵੱਲੋਂ ਬੀਬੀ ਹਰਜਿੰਦਰ ਕੌਰ ਸੋਹਾਣਾ ਦਾ ਪਿਆਰ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ।ਚਾਹ-ਪਾਣੀ ਸਾਂਝਾ ਕਰਦਿਆਂ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਗਈ ਅਤੇ 26 ਸਤੰਬਰ ਨੂੰ ਮੋਹਾਲੀ ਵਿਖੇ ਬੀਬੀ ਹਰਸਿਮਰਤ ਕੌਰ ਬਾਦਲ ਦੇ ਆਗਮਨ ਸਬੰਧੀ ਪ੍ਰੋਗਰਾਮ ਦੀਆਂ ਤਿਆਰੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਬੀਬੀ ਹਰਜਿੰਦਰ ਕੌਰ ਸੋਹਾਣਾ ਨੇ ਕਿਹਾ ਕਿ ਮਾਵਾਂ-ਧੀਆਂ ਨਾਲ ਜੁੜੇ ਮੁੱਦਿਆਂ 'ਤੇ ਆਵਾਜ਼ ਬੁਲੰਦ ਕਰਨਾ ਅਤੇ ਉਨ੍ਹਾਂ ਦੇ ਹੱਕਾਂ ਲਈ ਇਨਸਾਫ਼ ਦੀ ਮੰਗ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।



## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਕੇਸ ਸਟੱਡੀ ਵਿਸ਼ਲੇਸ਼ਣ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਐਂਟਰਪ੍ਰੇਨਿਓਰਸ਼ਿਪ ਡਿਵੈਲਪਮੈਂਟ ਸੈੱਲ ਵੱਲੋਂ ਕਮਰਸ ਵਿਭਾਗ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਕੇਸ ਸਟੱਡੀ ਵਿਸ਼ਲੇਸ਼ਣ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਮਨੋਰਥ ਵਿਦਿਆਰਥੀਆਂ ਵਿੱਚ ਵਿਸ਼ਲੇਸ਼ਣਾਤਮਕ ਸੋਚ, ਰਚਨਾਤਮਕਤਾ ਅਤੇ ਅੱਜ ਦੇ ਪ੍ਰਤੀਯੋਗੀ ਦੌਰ ਵਿੱਚ ਉੱਭਰ ਰਹੇ ਨਵੀਨਤਾਕਾਰੀ ਬਿਜ਼ਨਸ ਮਾਡਲਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਦੇਸ਼-ਵਿਦੇਸ਼ ਦੇ ਵਿਲੱਖਣ ਅਤੇ ਸਫਲ ਕਾਰੋਬਾਰਾਂ 'ਤੇ ਆਪਣੀਆਂ ਕੇਸ ਸਟੱਡੀਜ਼ ਪੇਸ਼ ਕੀਤੀਆਂ।ਡਾ. ਵਰਿੰਦਰਜੀਤ ਸਿੰਘ ਅਤੇ ਕਨਵੀਨਰ ਲਵਪ੍ਰੀਤ ਨੇਗੀ 'ਤੇ ਆਧਾਰਿਤ ਜੱਜਾਂ ਦੇ ਪੈਨਲ ਦੁਆਰਾ ਕੀਤਾ ਗਿਆ।ਜੱਜ ਸਾਹਿਬਾਨਾਂ ਨੇ ਵਿਦਿਆਰਥੀਆਂ ਦੀ ਮੌਲਿਕਤਾ, ਪ੍ਰਸਤੁਤੀਕਰਨ, ਵਿਸ਼ਲੇਸ਼ਣ ਦੀ ਡੂੰਘਾਈ ਅਤੇ ਵਿਚਾਰਾਂ ਦੀ ਵਿਹਾਰਕ ਵਰਤੋਂ ਦੇ ਆਧਾਰ 'ਤੇ ਨਤੀਜੇ ਤਿਆਰ ਕੀਤੇ।



## ਸਰਕਾਰੀ ਕਾਲਜ ਦੇ ਵਿਦਿਆਰਥੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 'ਚ ਮਾਰੀਆਂ ਮੱਲਾਂ

**ਮੁਹਾਲੀ (ਗੁਰਜੀਤ ਬਿੱਲਾ)**- ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਐੱਸ ਏ ਐੱਸ ਨਗਰ (ਮੋਹਾਲੀ) ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4, 2026 ਦੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਐਥਲੈਟਿਕਸ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਕਈ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਦੇ ਬੀ.ਏ. ਸਮੈਸਟਰ-5 ਦੇ ਵਿਦਿਆਰਥੀ ਸੰਜੀਵ ਗਿਰ ਨੇ ਸ਼ਾਟ ਪੁੱਟ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਬੀ.ਏ. ਦੂਜੇ ਸਾਲ ਦੀਆਂ ਵਿਦਿਆਰਥਣਾਂ ਨੇ ਵੀ ਵੱਖ-ਵੱਖ ਦੌੜ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਪਨਾ ਨੇ 1500 ਮੀਟਰ ਅਤੇ 5000 ਮੀਟਰ ਵਿੱਚ ਪਹਿਲਾ ਅਤੇ 800 ਮੀਟਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਭੰਨਾ ਨੇ 800 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਸਥਾਨ ਹਾਸਲ ਕੀਤਾ।



ਇਸੇ ਤਰ੍ਹਾਂ ਦਿੱਵਿਆ ਨੇ 1500 ਮੀਟਰ ਵਿੱਚ ਦੂਜਾ ਅਤੇ 800 ਮੀਟਰ ਵਿੱਚ ਤੀਜਾ ਸਥਾਨ ਹਾਸਲ ਕੀਤਾ, ਜਦਕਿ ਕਾਜਲ ਨੇ 400 ਮੀਟਰ ਅਤੇ 5000 ਮੀਟਰ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਜ਼ਿਲ੍ਹਾ ਅਤੇ ਰਾਜ ਪੱਧਰੀ ਖੇਡਾਂ ਵਿੱਚ ਵੀ ਪੂਰੇ ਉਤਸ਼ਾਹ, ਅਨੁਸ਼ਾਸਨ ਅਤੇ ਮਿਹਨਤ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਅਜੇ ਮੰਗੂਪੁਰ ਨੇ ਸਚਿਨ ਪਾਇਲਟ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਕੀਤੀ ਵਿਚਾਰ-ਚਰਚਾ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਇੰਚਾਰਜ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਵਿੱਚ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਪਾਰਟੀ ਦੀ ਰਣਨੀਤੀ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਅਜੇ ਮੰਗੂਪੁਰ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਸੂਬੇ ਦੇ ਵੱਖ-ਵੱਖ ਮੁੱਦਿਆਂ ਦੇ ਨਾਲ-ਨਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਹਲਕਾ ਬਲਾਚੌਰ ਨਾਲ ਸੰਬੰਧਤ ਮਸਲਿਆਂ ਬਾਰੇ ਵੀ ਵਿਸਥਾਰ ਨਾਲ ਚਰਚਾ ਹੋਈ। ਇਸ ਤੋਂ ਇਲਾਵਾ ਪਾਰਟੀ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਸਰਗਰਮ ਅਤੇ ਮਜ਼ਬੂਤ ਕਰਨ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ।ਅਜੇ ਮੰਗੂਪੁਰ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਟੀ ਵਰਕਰਾਂ ਨਾਲ ਤਾਲਮੇਲ ਵਧਾਉਣ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਕੇ ਉਨ੍ਹਾਂ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਠਾਉਣ ਬਾਰੇ ਵੀ ਗੱਲਬਾਤ ਕੀਤੀ ਗਈ।



## ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ 'ਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੇ ਵੀ ਓਜ਼ ਦਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਤਹਿਤ ਚੱਲ ਰਹੀ ਵੈਰੀਫਿਕੇਸ਼ਨ ਪ੍ਰਕਿਰਿਆ ਨੂੰ ਬਹੁਤ ਵਧੀਆ ਢੰਗ ਨਾਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹੁਸ਼ਿਆਰਪੁਰ ਸਬ-ਡਵੀਜਨ ਦੇ ਪੰਜ ਵੈਰੀਫਿਕੇਸ਼ਨ ਅਧਿਕਾਰੀਆਂ ਨੂੰ ਸ਼ਲਾਘਾ ਪੱਤਰ ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ। ਡਿਪਟੀ ਕਮਿਸ਼ਨਰ ਦੇ ਵਿਸ਼ੇਸ਼ ਕਾਰਜ ਅਫ਼ਸਰ (ਸ਼ਹਿਰੀ ਮਾਮਲੇ) ਓਇਸ਼ੀ ਮੰਡਲ ਨੇ ਸਥਾਨਕ ਐੱਸ ਡੀ ਐੱਮ ਦਫ਼ਤਰ ਵਿਖੇ ਪੰਜ ਵੈਰੀਫਿਕੇਸ਼ਨ ਅਧਿਕਾਰੀਆਂ ਨੂੰ ਸ਼ਲਾਘਾ ਪੱਤਰ ਦਿੰਦਿਆਂ ਅਪੀਲ ਕੀਤੀ ਕਿ ਜ਼ਿਲ੍ਹੇ ਵਿਚ ਵੱਖ-ਵੱਖ ਸਬ-ਡਵੀਜ਼ਨਾਂ ਅੰਦਰ ਨਵੇਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਨਿਰਧਾਰਤ ਸਮੇਂ ਸਿਰ ਇਹ ਪ੍ਰਕਿਰਿਆ ਮੁਕੰਮਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਵੈਰੀਫਿਕੇਸ਼ਨ ਅਧਿਕਾਰੀਆਂ, ਜਿਨ੍ਹਾਂ ਵਿਚ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਅਤੇ ਸਖੀਆ ਸ਼ਾਮਲ ਹਨ, ਵਲੋਂ ਘਰ-ਘਰ ਜਾ ਕੇ ਇਹ ਪ੍ਰਕਿਰਿਆ ਸੁਚੱਜੇ ਢੰਗ ਨਾਲ ਮੁਕੰਮਲ ਕੀਤੀ ਜਾ ਰਹੀ ਹੈ ਤਾਂ ਜੋ ਯੋਗ ਬਿਨੈਕਾਰਾਂ ਦੇ ਕਾਰਡ ਬਣ ਸਕਣ। ਉਨ੍ਹਾਂ ਨੇ ਸਾਰੇ ਵੈਰੀਫਿਕੇਸ਼ਨ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਦਿੱਤੇ ਗਏ ਖੇਤਰ ਵਿਚ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾਂ ਨਾਲ ਇਸ ਕਾਰਜ ਨੂੰ ਮਿਥੇ ਸਮੇਂ ਅੰਦਰ ਨੇਪਰੇ ਚਾੜ੍ਹਨ। ਇਸ ਮੌਕੇ ਜ਼ਿਲ੍ਹਾ ਖੁਰਾਕ ਅਤੇ ਸਪਲਾਈਜ਼ ਕੰਟਰੋਲਰ ਨਰਿੰਦਰ ਸਿੰਘ ਨੇ ਦੱਸਿਆ ਕਿ ਗੜ੍ਹਸ਼ੰਕਰ,



ਹੁਸ਼ਿਆਰਪੁਰ, ਟਾਂਡਾ, ਦਸੂਹਾ ਅਤੇ ਮੁਕੇਰੀਆਂ ਵਿਖੇ ਵੈਰੀਫਿਕੇਸ਼ਨ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 1.20 ਲੱਖ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚ 17443 ਗੜ੍ਹਸ਼ੰਕਰ, 48971 ਹੁਸ਼ਿਆਰਪੁਰ, 8353 ਟਾਂਡਾ, 19294 ਦਸੂਹਾ ਅਤੇ 26317 ਮੁਕੇਰੀਆਂ ਵਿਖੇ ਪ੍ਰਾਪਤ ਹੋਈਆਂ। ਉਨ੍ਹਾਂ ਦੱਸਿਆ ਕਿ ਵੈਰੀਫਿਕੇਸ਼ਨ ਦਾ ਕਾਰਜ ਵਧੀਆ ਢੰਗ ਨਾਲ ਨਿਰਧਾਰਤ ਸਮੇਂ ਵਿਚ ਨੇਪਰੇ ਚਾੜ੍ਹਨ ਨੂੰ ਪੂਰੀ ਤਰਜੀਹ ਦਿੱਤੀ ਜਾ ਰਹੀ ਹੈ।

## ਸਤਨਾਮ ਸਿੰਘ ਬੰਟੀ ਕਲਹੇੜੀ ਦੇ ਨੰਬਰਦਾਰ ਨਿਯੁਕਤ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਰੂਪਨਗਰ ਜ਼ਿਲ੍ਹੇ ਦੇ ਸਭ ਤੋਂ ਘੱਟ ਉਮਰ ਦੇ ਨੌਜਵਾਨ ਸਤਨਾਮ ਸਿੰਘ ਬੰਟੀ ਨੂੰ ਪਿੰਡ ਕਲਹੇੜੀ ਦਾ ਨੰਬਰਦਾਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਦਰਜੀਤ ਸਿੰਘ ਸਾਬਕਾ ਬਲਾਕ ਸੰਮਤੀ



ਮੈਂਬਰ ਨੇਂ ਦੱਸਿਆ ਕਿ ਇਹ ਜ਼ਿੰਮੇਵਾਰੀ ਪਹਿਲਾਂ ਉਨ੍ਹਾਂ ਦੇ ਦਾਦਾ ਹਰਭਜਨ ਸਿੰਘ ਪੁੱਤਰ ਫੁੰਮਣ ਸਿੰਘ ਨੇ ਬੜਾ ਲੰਬਾ ਸਮਾਂ ਨਿਭਾਈ ਜਿਨਾ ਦੀ ਕਿਸੇ ਬਿਮਾਰੀ ਨਾਲ ਜੂਝਦੇ ਮੌਤ ਹੋ ਗਈ ਸੀ। ਉਨ੍ਹਾਂ ਤੋਂ ਬਾਅਦ ਇਹ ਜ਼ਿੰਮੇਵਾਰੀ ਹੁਣ ਉਨ੍ਹਾਂ ਦੇ ਪੋਤਰੇ ਸਤਨਾਮ ਸਿੰਘ ਬੰਟੀ ਨੂੰ ਪਿੰਡ ਵਾਸੀਆਂ ਤੇ ਸਮੂਹ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਸੌਂਪੀ ਗਈ । ਨਵ ਨਿਯੁਕਤ ਨੰਬਰਦਾਰ ਨੇ ਪਿੰਡ ਵਾਸੀਆਂ ਨੂੰ ਇਹ ਜ਼ਿੰਮੇਵਾਰੀ ਬਿਨਾਂ ਕਿਸੇ ਲਾਲਚ ਤੋਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ।

## ਉਲਾਸ ਪ੍ਰੀਖਿਆ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸੁਨੀਤਾ ਚੌਹਾਨ ਵੱਲੋਂ ਸਕੂਲਾਂ ਦਾ ਦੌਰਾ

**ਕਪੂਰਥਲਾ ( ਮਨਜੀਤ ਮਾਨ)**- ਬੀਤੇ ਦਿਨੀਂ ਹੋਈ ਉਲਾਸ ਪ੍ਰੀਖਿਆ ਦੇ ਸੰਦਰਭ ਵਿੱਚ ਨਵੀਂ ਦਿੱਲੀ ਤੋਂ ਪਹੁੰਚੀ ਸੀਨੀਅਰ ਕਨਸਲਟੈਂਟ ਸੁਨੀਤਾ ਚੌਹਾਨ ਨੇ ਜ਼ਿਲ੍ਹਾ ਕਪੂਰਥਲਾ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ



ਪ੍ਰੀਖਿਆ ਦੇ ਪ੍ਰਬੰਧਾਂ ਅਤੇ ਉਲਾਸ ਮਿਸ਼ਨ ਅਧੀਨ ਚੱਲ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪ੍ਰੀਖਿਆ ਕੇਂਦਰਾਂ ਦਾ ਨਿਰੀਖਣ ਕੀਤਾ ਅਤੇ ਸਕੂਲ ਮੁਖੀਆਂ, ਅਧਿਆਪਕਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਉਲਾਸ ਮਿਸ਼ਨ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਲਾਸ ਦਾ ਉਦੇਸ਼ ਸਮਾਜ ਦੇ ਹਰ ਵਰਗ ਤੱਕ ਸਾਖਰਤਾ ਦੀ ਰੌਸ਼ਨੀ ਪਹੁੰਚਾਉਣਾ ਅਤੇ ਜੀਵਨ ਭਰ ਸਿੱਖਣ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।ਇਸ ਮੌਕੇ ਡਾਇਟ ਸ਼ੇਖੂਪੁਰ, ਦੇ ਪ੍ਰਿੰਸੀਪਲ ਸ਼੍ਰੀਮਤੀ ਸਪਨਾ ਗੁਪਤਾ ਜੀ ਵੱਲੋ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪੂਰਥਲਾ ਤੋਂ ਉਲਾਸ ਪ੍ਰੋਗਰਾਮ ਦੀ ਜ਼ਿਲ੍ਹਾ ਕੋਆਰਡੀਨੇਟਰ ਨੀਲਮ ਵਰਮਾ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ। ਉਨ੍ਹਾਂ ਨੇ ਸਾਂਝੇ ਤੌਰ 'ਤੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਪ੍ਰੀਖਿਆ ਦੇ ਸੁਚਾਰੂ ਸੰਚਾਲਨ, ਹਾਜ਼ਰੀ ਅਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਅਧਿਆਪਕਾਂ ਨੂੰ ਉਲਾਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੇਰਿਤ ਕੀਤਾ। ਦੌਰੇ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸ਼੍ਰੀਮਤੀ ਮਮਤਾ ਬਜਾਜ , ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰਾਜੇਸ਼ ਕੁਮਾਰ, ਐੱਸ ਓ ਈ ਕਪੂਰਥਲਾ ਦੇ ਪ੍ਰਿੰਸੀਪਲ ਅਨੁਰਾਗ, ਸੁਨੀਲ ਬਜਾਜ, ਬਲਾਕ ਯੂਜ਼ਰ ਹਰੀਸ਼ ਸੂਦ ਅਤੇ ਵਸਨਦੀਪ ਸਿੰਘ ਵੀ ਹਾਜ਼ਰ ਰਹੇ। ਸਾਰੇ ਅਧਿਕਾਰੀਆਂ ਨੇ ਉਲਾਸ ਪ੍ਰੀਖਿਆ ਦੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਖਰਤਾ ਅਭਿਆਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਆਪਸੀ ਸਹਿਯੋਗ ਨਾਲ ਕੰਮ ਕਰਨ ਦਾ ਸੰਕਲਪ ਦੁਹਰਾਇਆ।

## ਸਰਪੰਚ ਅਵਤਾਰ ਚੰਦ ਸਾਥੀਆਂ ਸਮੇਤ ਆਪ 'ਚ ਸ਼ਾਮਿਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਪਿੰਡਾਂ ਦੀ ਨੁਹਾਰ ਬਦਲਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ ਜਿਸ ਨੂੰ ਲੈ ਕੇ ਗ੍ਰਾਂਟਾਂ ਦੇ ਗੱਫੇ ਪਿੰਡਾਂ ਨੂੰ ਵੰਡੇ ਗਏ, ਹਰੇਕ ਪੰਚਾਇਤ ਕੋਲ ਫੰਡ ਹਨ ਇਹਨਾਂ ਫੰਡਾਂ ਨੂੰ ਸਰਪੰਚ ਸਮੇਂ ਸਿਰ ਲਗਾਉਣ। ਇਹ ਵਿਚਾਰ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਪਿੰਡ ਪੱਬਵਾਂ ਵਿਖੇ ਲੋਕ ਮਿਲਣੀ ਦੌਰਾਨ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆ ਆਖੇ। ਉਹਨਾਂ ਕਿਹਾ ਕਿ ਖਾਸ ਕਰਕੇ ਮੇਰਾ ਉਚੇਚਾ ਧਿਆਨ ਹੈ ਕਿ ਕਿਸੇ ਪਿੰਡ ਵਿੱਚ ਕੋਈ ਵੀ ਪੀਣ ਵਾਲੇ ਪਾਣੀ ਤੋਂ ਵਾਂਝਾ ਨਾ ਰਹੇ। ਬੀਬੀ ਮਾਨ ਨੇ ਇਸ ਮੌਕੇ ਤੇ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆ ਦਾ ਜ਼ੋਰਦਾਰ ਸਵਾਗਤ ਕਰਦਿਆ ਉਹਨਾਂ ਨੂੰ ਜੀ ਆਇਆ ਆਖਿਆ। ਮਨਜੀਤ ਸਿੰਘ ਦੇ ਯਤਨਾ ਸਦਕਾ ਪਿੰਡ ਪੱਬਵਾਂ ਦਾ ਸਰਪੰਚ ਅਵਤਾਰ ਚੰਦ ਉਹਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ, ਬਲਵੀਰ ਸਿੰਘ, ਪਿੰਕੀ ਰਾਮ, ਕਾਲਾ ਰਾਮ, ਸੋਮਾ ਰਾਮ, ਸਾਬੀ ਸੰਘਾ, ਮਹਿੰਗਾ ਰਾਮ, ਲੈਬਰ ਕੁਮਾਰ, ਤਜਿੰਦਰ ਸਿੰਘ, ਬਲਵੀਰ ਸਿੰਘ, ਪਾਲ ਕੁਮਾਰ, ਮੋਹਣਾ, ਹਰਜੀਤ ਸਿੰਘ, ਦਿਆਲ ਕੁਮਾਰ, ਦਰਸ਼ਨ ਕੁਮਾਰ, ਸੁਖਵਿੰਦਰ ਕੌਰ, ਰਾਜਵਿੰਦਰ ਕੌਰ, ਮੀਨਾ ਰਾਣੀ, ਦਵਿੰਦਰ ਕੁਮਾਰ, ਪੂਜਾ, ਦਲਜੀਤ ਕੌਰ, ਪੂਜਾ ਆਦਿ ਨੂੰ ਆਮ ਆਦਮੀ ਵਿੱਚ ਸ਼ਾਮਲ ਕਰਦਿਆਂ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਮਿਲਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਪ੍ਰਧਾਨ ਮਨਜੀਤ ਸਿੰਘ, ਚੇਅਰਮੈਨ ਲਖਵੀਰ ਸਿੰਘ ਸ਼ੀਰ,ਬਲਾਕ ਪ੍ਰਧਾਨ ਹਰਿੰਦਰ ਬੱਧਣ,ਵਿਜੇ ਕੁਮਾਰ, ਸੁਖਦੀਪ ਸਿੰਘ ਸਰਪੰਚ ਸਿੱਧਮ ਹਰੀ ਸਿੰਘ ਆਦਿ ਹਾਜ਼ਰ ਸਨ।

## ਐੱਨ ਡੀ ਏ ਦੀ ਦਾਖ਼ਲਾ ਪ੍ਰਕਿਰਿਆ 3 ਜਨਵਰੀ ਨੂੰ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਅਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੈਸ਼ਨਲ ਡਿਫੈਂਸ ਅਕੈਡਮੀ (ਐੱਨ ਡੀ ਏ.) ਵਿੱਚ ਜਾਣ ਦੇ ਚਾਹਵਾਨ ਉਮੀਦਵਾਰਾਂ (ਲੜਕੇ) ਲਈ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.), ਮੁਹਾਲੀ ਵੱਲੋਂ ਮੁਫ਼ਤ ਮੁੱਢਲੀ ਲਿਖਤੀ ਅਤੇ ਫਿਜ਼ੀਕਲ ਸਿਖ਼ਲਾਈ ਲਈ ਦਾਖ਼ਲਾ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਲੜਕੇ ਏ.ਐਫ.ਪੀ.ਆਈ. ਵਿੱਚ ਦਾਖ਼ਲੇ ਲਈ ਵੈੱਬ ਪੋਰਟਲ https://recruitment-portal.in 'ਤੇ 1 ਅਕਤੂਬਰ 2026 ਤੋਂ 15 ਦਸੰਬਰ 2026 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਦੇ ਲਈ ਦਾਖ਼ਲਾ ਪ੍ਰੀਖਿਆ 3 ਜਨਵਰੀ, 2027 ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਉਕਤ ਮੁੱਢਲੀ ਸਿਖ਼ਲਾਈ ਹਿੱਤ ਏ.ਐਫ.ਪੀ.ਆਈ. ਵਿੱਚ ਦਾਖ਼ਲੇ ਲਈ ਵਿਦਿਆਰਥੀਆਂ ਨੂੰ ਮੈਟ੍ਰਿਕ ਪੱਧਰ ਦੀ ਭਾਸ਼ਾ ਅੰਗਰੇਜ਼ੀ, ਗਣਿਤ ਅਤੇ ਸਮਾਜਿਕ ਅਧਿਐਨ (ਸੀ ਬੀ ਐੱਸ ਈ) ਦਾ ਲਿਖ਼ਤੀ ਦਾਖ਼ਲਾ ਟੈਸਟ ਪਾਸ ਕਰਨਾ ਹੋਵੇਗਾ। ਇਸ ਤੋਂ ਇਲਾਵਾ ਵਿਦਿਆਰਥੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਉਸ ਦੀ ਜਨਮ ਮਿਤੀ 2 ਜਨਵਰੀ 2010 ਤੋਂ ਪਹਿਲਾਂ ਨਾ ਹੋਵੇ। ਮੌਜੂਦਾ ਸਮੇਂ ਵਿਦਿਆਰਥੀ ਦਸਵੀਂ ਜਮਾਤ ਵਿੱਚ ਪੜ੍ਹਦਾ ਹੋਵੇ। ਗਿਆਰਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਵੀ ਅਪਲਾਈ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਗਿਆਰਵੀਂ ਜਮਾਤ ਵਿੱਚ ਦਾਖ਼ਲ ਕੀਤਾ ਜਾਵੇਗਾ ਅਤੇ ਉਨ੍ਹਾਂ ਲਈ ਨਿਰਧਾਰਤ ਉਮਰ ਦੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੋਵੇਗਾ।

## ਜਨਮ ਦਿਨ ਮੁਬਾਰਕ



ਯੁਧਵੀਰ ਸਿੰਘ
ਜੰਡਪੁਰ



ਏਕਮ ਸਿੰਘ
ਇੰਗਲੈਂਡ



ਪ੍ਰਿਅੰਕਾ ਸ਼ਰਮਾ



ਪਵਨੀਤ ਕੌਰ
ਮੋਗਾ

## ਚੱਬੇਵਾਲ ਨੇ ਘੁਮਿਆਲਾ 'ਚ ਕੀਤਾ ਡੋਰ ਟੂ ਡੋਰ ਮੁਹਿੰਮ ਦਾ ਆਗਾਜ਼

**ਚੱਬੇਵਾਲ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )** ਆਮ ਆਦਮੀ ਪਾਰਟੀ ਦੀ ਸੂਬਾ-ਵਿਆਪੀ ਡੋਰ ਟੂ ਡੋਰ ਜਾਗਰੂਕਤਾ ਮੁਹਿੰਮ ਤਹਿਤ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੇ ਹਲਕੇ ਦੇ ਪਿੰਡ ਘੁਮਿਆਲਾ ਵਿੱਚ 'ਮਾਨ ਦਾ ਮੁਨਾਫ਼ਾ' ਦਾ ਸੁਨੇਹਾ ਸਿੱਧਾ ਲੋਕਾਂ ਦੇ ਘਰ-ਘਰ ਤੱਕ ਪਹੁੰਚਾਉਂਦੇ ਹੋਏ ਖੁਦ ਇਸ ਜਾਗਰੂਕਤਾ ਮੁਹਿੰਮ ਦੀ ਅਗਵਾਈ ਕੀਤੀ। ਇਹ ਵਿਸ਼ੇਸ਼ ਮੁਹਿੰਮ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 21 ਸਤੰਬਰ ਨੂੰ ਧੂਰੀ ਤੋਂ ਸ਼ੁਰੂ ਕੀਤੀ ਗਈ ਸੀ।



ਇਸ ਮੁਹਿੰਮ ਦੌਰਾਨ, ਡਾ. ਇਸ਼ਾਂਕ ਕੁਮਾਰ ਨੇ ਆਪਣੇ ਸਾਥੀਆਂ ਨਾਲ ਘੁਮਿਆਲਾ ਪਿੰਡ ਵਿਚ ਪੈਦਲ ਮਾਰਚ ਕਰ ਹਰ ਘਰ ਤੱਕ ਪਹੁੰਚ ਕੀਤੀ, ਪਰਿਵਾਰਾਂ ਨਾਲ ਬੈਠੇ ਅਤੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਸੂਬਾ ਸਰਕਾਰ ਦੀਆਂ ਭਲਾਈ ਸਕੀਮਾਂ-ਮੁਫ਼ਤ ਬਿਜਲੀ, ਮਹਿਲਾਵਾਂ ਨੂੰ ਸਨਮਾਨ ਰਾਸ਼ੀ, ਸਿਹਤ ਸਹੂਲਤਾਂ ਤੋਂ ਲੈ ਕੇ ਸਿੱਖਿਆ ਸਹਾਇਤਾ ਤੱਕ-ਲੋਕਾਂ ਦੀ ਜ਼ਿੰਦਗੀ ਬਦਲ ਰਹੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਕਈ ਘਰਾਂ ਲਈ, ਇਹ ਸਿਰਫ਼ ਸਰਕਾਰੀ ਰਿਪੋਰਟ ਕਾਰਡ ਦੇ ਅੰਕੜੇ ਨਹੀਂ, ਸਗੋਂ ਅਸਲ ਰਾਹਤ ਹੈ ਜਿਸ ਨੇ ਰੋਜ਼ਮੱਰਾ ਦੇ ਖਰਚਿਆਂ ਦੇ ਬੋਝ ਨੂੰ ਹਲਕਾ ਕੀਤਾ ਹੈ ਅਤੇ ਪਰਿਵਾਰਾਂ ਨੂੰ ਥੋੜ੍ਹੀ ਹੋਰ ਸੁੱਖ ਦੀ ਸਾਹ ਦਿੱਤੀ ਹੈ। ਘੁਮਿਆਲਾ ਦੇ ਲੋਕਾਂ ਦਾ ਹੁੰਗਾਰਾ ਬੇਹੱਦ ਨਿੱਘਾ ਅਤੇ ਸਕਾਰਾਤਮਕ ਰਿਹਾ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਸਾਰੇ ਪਿੰਡਾਂ ਵਿੱਚ ਜਾਰੀ ਰਹੇਗੀ, ਜਿਸ ਨਾਲ ਸਰਕਾਰ ਨੂੰ ਲੋਕਾਂ ਸਾਹਮਣੇ ਸਿੱਧਾ ਆਪਣਾ ਰਿਪੋਰਟ ਕਾਰਡ ਪੇਸ਼ ਕਰਨ ਅਤੇ ਉਨ੍ਹਾਂ ਦੀਆਂ ਹੋਰ ਉਮੀਦਾਂ ਅਤੇ ਸਮੱਸਿਆਵਾਂ ਜਾਨਣ ਦਾ ਮੌਕਾ ਮਿਲੇਗਾ।

## ਵਿਦਿਆਰਥੀਆਂ ਨੇ 'ਉੱਲਾਸ' ਸਾਖਰਤਾ ਪ੍ਰੋਗਰਾਮ 'ਚ ਹਿੱਸਾ ਲਿਆ

**ਫਗਵਾੜਾ (ਡਾ. ਰਮਨ)** ਰਾਮਗੜ੍ਹੀਆ ਕਾਲਜ ਆਫ਼ ਐਜੂਕੇਸ਼ਨ, ਫਗਵਾੜਾ ਦੇ ਵਿਦਿਆਰਥੀਆਂ ਨੇ 'ਉੱਲਾਸ' - ਨਵ ਭਾਰਤ ਸਾਖਰਤਾ ਪ੍ਰੋਗਰਾਮ (ਅੰਡਰਸਟੈਂਡਿੰਗ ਆਫ ਲਾਈਫਲੋਂਗ ਲਰਨਿੰਗ ਫਾਰ ਆਲ ਇੰਨ ਸੁਸਾਇਟੀ) ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਇੱਕ ਕੇਂਦਰੀ ਸਪਾਂਸਰਡ ਯੋਜਨਾ ਹੈ, ਜੋ 2022-23 ਤੋਂ 2026-27 ਤੱਕ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਗੈਰ-ਪੜ੍ਹੇ-ਲਿਖੇ ਵਿਦਿਆਰਥੀਆਂ ਵਿੱਚ ਸਾਖਰਤਾ ਅਤੇ ਜੀਵਨ ਭਰ ਸਿੱਖਣ ਨੂੰ ਉਤਸ਼ਾਹਿਤ ਕਰਨ ਲਈ ਲਾਗੂ ਕੀਤੀ ਗਈ ਹੈ।ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਦੀ ਅਗਵਾਈ ਹੇਠ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵਲੰਟੀਅਰ ਅਧਿਆਪਕਾਂ ਵਜੋਂ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੇ ਆਪਣੇ-ਆਪਣੇ ਇਲਾਕਿਆਂ ਵਿੱਚ ਗੈਰ-ਪੜ੍ਹੇ-ਲਿਖੇ ਸਿੱਖਿਆਰਥੀਆਂ ਨੂੰ ਸਿੱਖਣ ਸਹਾਇਤਾ ਪ੍ਰਦਾਨ ਕਰਕੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਯੋਗਦਾਨ ਪਾਇਆ। ਵਿਦਿਆਰਥੀ ਵਲੰਟੀਅਰਾਂ ਨੇ ਆਪਣੇ ਇਲਾਕਿਆਂ ਅਤੇ ਨੇੜਲੇ ਖੇਤਰਾਂ ਦੇ ਸਿੱਖਿਆਰਥੀਆਂ ਦੀ ਪਛਾਣ ਕਰਕੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਿਨ੍ਹਾਂ ਨੂੰ ਪ੍ਰੋਗਰਾਮ ਦੇ ਤਹਿਤ ਸਹਾਇਤਾ ਦੀ ਲੋੜ ਸੀ।ਉਨ੍ਹਾਂ ਨੇ ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਣ ਪ੍ਰਕਿਰਿਆ ਵਿੱਚ ਮਾਰਗਦਰਸ਼ਨ ਕੀਤਾ ਅਤੇ ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮੇਰੇਸੀ ਅਸੈਸਮੈਂਟ ਟੈਸਟ ਦੀ ਤਿਆਰੀ ਵਿੱਚ ਸਹਾਇਤਾ ਕੀਤੀ।20 ਸਤੰਬਰ ਨੂੰ ਸਿਖਿਆਰਥੀਆਂ ਨੂੰ ਉਨ੍ਹਾਂ ਦੇ ਨਿਰਧਾਰਿਤ ਨੇੜਲੇ ਪ੍ਰੀਖਿਆ ਕੇਂਦਰ ਵਿੱਚ ਲਿਜਾਇਆ ਗਿਆ, ਜਿੱਥੇ ਉਹ ਮੁਲਾਂਕਣ ਲਈ ਹਾਜ਼ਰ ਹੋਏ। ਵਿਦਿਆਰਥੀ ਵਲੰਟੀਅਰਾਂ ਅਤੇ ਫੈਕਲਟੀ ਮੈਂਬਰਾਂ ਦੇ ਯਤਨਾਂ ਅਤੇ ਸਰਗਰਮ ਭਾਗੀਦਾਰੀ ਦੀ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਸ਼ੇਖੂਪੁਰ, ਕਪੂਰਥਲਾ ਦੁਆਰਾ ਸ਼ਲਾਘਾ ਕੀਤੀ ਗਈ। ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤੇ ਗਏ।



ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ, ਫਗਵਾੜਾ ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਨੋਡਲ ਅਫਸਰ ਡਾ. ਰਿਚਾ ਕਦ, ਫੈਕਲਟੀ ਮੈਂਬਰ, ਅਤੇ ਵਿਦਿਆਰਥੀ ਵਲੰਟੀਅਰਾਂ ਨੂੰ ਉਨ੍ਹਾਂ ਦੇ ਸਮਰਪਿਤ ਯਤਨਾਂ ਲਈ ਵਧਾਈ ਦਿੱਤੀ।

## ਲੱਕੜ ਨਾਲ ਭਰੀ ਟਰਾਲੀ ਪਲਟੀ, ਵੱਡਾ ਹਾਦਸਾ ਟਲਿਆ

**ਪੋਜੇਵਾਲ (ਰਾਮ ਲਾਲ)**- ਬਲਾਚੌਰ ਸ਼ਹਿਰ ਦੇ ਮੁੱਖ ਚੌਕ ਵਿੱਚ ਸੜਕ 'ਤੇ ਪਏ ਵੱਡੇ-ਵੱਡੇ ਖੱਡੇ ਇੱਕ ਵਾਰ ਫਿਰ ਹਾਦਸੇ ਦਾ ਕਾਰਨ ਬਣੇ। ਖੱਡਿਆਂ ਵਿੱਚ ਵੱਜਣ ਕਾਰਨ ਲੱਕੜ ਨਾਲ ਭਰੀ ਇੱਕ ਟਰੈਕਟਰ-ਟਰਾਲੀ ਦਾ ਸੰਤੁਲਨ ਵਿਗੜ ਗਿਆ ਅਤੇ ਟਰਾਲੀ ਨਾਲ ਕਰਾਸ ਹੋ ਰਹੀ ਦੂਜੀ ਟਰੈਕਟਰ-ਟਰਾਲੀ ਉੱਤੇ ਇੱਕ ਪਾਸੇ ਨੂੰ ਪਲਟ ਗਈ। ਹਾਦਸੇ ਦੌਰਾਨ ਟਰੈਕਟਰ ਚਾਲਕਾਂ ਸਮੇਤ ਨੇੜਿਓਂ ਲੰਘ ਰਹੇ ਵਾਹਨ ਚਾਲਕਾਂ ਦਾ ਵਾਲ-ਵਾਲ ਬਚਾਅ ਹੋ ਗਿਆ। ਜਾਣਕਾਰੀ ਅਨੁਸਾਰ ਇੱਕ ਟਰੈਕਟਰ-ਟਰਾਲੀ ਚਾਲਕ ਲੱਕੜ ਦੇ ਬਾਲਣ ਨਾਲ ਭਰੀ ਟਰਾਲੀ ਲੈ ਕੇ ਭੱਦੀ ਰੋਡ ਸਥਿਤ ਪੁਰਾਣੀ ਲੱਕੜ ਮੰਡੀ ਵੱਲ ਜਾ ਰਿਹਾ ਸੀ। ਇਸੇ ਦੌਰਾਨ ਮੁੱਖ ਚੌਕ ਵਿੱਚ ਦੂਜੇ ਪਾਸੇ ਤੋਂ ਇੱਕ ਹੋਰ ਟਰੈਕਟਰ-ਟਰਾਲੀ ਆ ਰਹੀ ਸੀ। ਮੁੱਖ ਚੌਕ ਵਿੱਚ ਪਏ ਡੂੰਘੇ ਖੱਡਿਆਂ ਕਾਰਨ ਲੱਕੜ ਨਾਲ ਲੱਦੀ ਸਿੰਗਲ ਟਾਇਰਾਂ ਵਾਲੀ ਟਰਾਲੀ ਦਾ ਅਚਾਨਕ ਸੰਤੁਲਨ ਵਿਗੜ ਗਿਆ ਅਤੇ ਉਹ ਦੂਜੀ ਟਰੈਕਟਰ-ਟਰਾਲੀ ਉੱਤੇ ਇੱਕ ਪਾਸੇ ਨੂੰ ਪਲਟ ਗਈ।ਹਾਦਸਾ ਇੰਨਾ ਅਚਾਨਕ ਵਾਪਰਿਆ ਕਿ ਕੁਝ ਪਲਾਂ ਲਈ ਚੌਕ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਬਣ ਗਿਆ। ਖੁਸ਼ਕਿਸਮਤੀ ਨਾਲ ਕਿਸੇ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ ਅਤੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਹਾਦਸੇ ਕਾਰਨ ਕੁਝ ਸਮੇਂ ਲਈ ਮੁੱਖ ਚੌਕ ਦੀ ਆਵਾਜਾਈ ਵੀ ਪ੍ਰਭਾਵਿਤ ਰਹੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਟ੍ਰੈਫਿਕ ਇੰਚਾਰਜ ਜੋਗਿੰਦਰ ਪਾਲ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਨੂੰ ਸੰਭਾਲਦਿਆਂ ਆਵਾਜਾਈ ਨੂੰ ਮੁੜ ਸੁਚਾਰੂ ਕਰਵਾਇਆ।ਇਸ ਮੌਕੇ ਐੱਮ ਸੀ ਪਰਵਿੰਦਰ ਮੇਨਕਾ, ਵਿਨੋਦ ਬੈਂਸ ਅਤੇ ਹੋਰ ਸ਼ਹਿਰ ਵਾਸੀਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਬਲਾਚੌਰ ਦੇ ਮੁੱਖ ਚੌਕ ਵਰਗੇ ਰੁਝੇਵੇਂ ਵਾਲੇ ਸਥਾਨ 'ਤੇ ਸੜਕ ਦੀ ਇਹ ਹਾਲਤ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇ ਰਹੀ ਹੈ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਕਿ ਮੁੱਖ ਚੌਕ ਵਿੱਚ ਪਏ ਡੂੰਘੇ ਖੱਡਿਆਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ।

